**ਵਿਗਿਆਨ ਜੋਤ**

***ਸਾਲ 9, ਅੰਕ 2***

**ਮਾਰਚ-ਅਪ੍ਰੈਲ, 2014**

**PUNPUN/2006/17457**

ਮੁੱਖ ਸੰਪਾਦਕ : ਮੇਘ ਰਾਜ ਮਿੱਤਰ
ਸੰਪਾਦਕ :ਅਜਮੇਰ ਸਿੱਧੂ
ਰਣਜੀਤ ਝਨੇਰ
ਮੁੱਖ ਪ੍ਰਬੰਧਕ : ਅਮਿੱਤ ਮਿੱਤਰ

**ਸੰਪਾਦਕੀ ਬੋਰਡ:**
* ਸਰਜੀਤ ਤਲਵਾਰ
* ਰਾਜਾ ਰਾਮ ਹੰਢਿਆਇਆ
* ਬਲਜਿੰਦਰ ਕੋਟਭਾਰਾ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)

**ਸਲਾਹਕਾਰੀ ਬੋਰਡ:**
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ

**ਦਰ ਚੰਦਾ**

| | |
|---|---|
| ਸਲਾਨਾ ਚੰਦਾ | 80/- |
| ਦੋ ਸਾਲਾਂ ਦਾ ਚੰਦਾ | 150/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਲਾਈਫ਼ ਮੈਂਬਰਸ਼ਿਪ | 1000/- |
| ਵਿਦੇਸ਼ਾਂ 'ਚ ਲਾਈਫ਼ ਮੈਂਬਰਸ਼ਿਪ | 5000/- |

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-**

**ਅਮਿੱਤ ਮਿੱਤਰ**
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101 (ਪੰਜਾਬ) ਫੋਨ : 01679-241744
Email : tarksheel@gmail.com

***ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ***

*ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*

ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।

ਸੰਪਾਦਕੀ

# ਜੀਵਨ ਜਾਂਚ ਲਈ ਕੁੱਝ ਅਹਿਮ ਨੁਕਤੇ

ਅਸੀਂ ਤਰਕਸ਼ੀਲ ਪਿਛਲੇ 30 ਵਰਿਆਂ ਤੋਂ ਸਾਡੇ ਲੋਕਾਂ ਦੇ ਰੂ-ਬਰੂ ਕੁੱਝ ਅਹਿਮ ਗੱਲਾਂ ਲੈ ਕੇ ਹੋ ਰਹੇ ਹਾਂ। ਇਹ ਨੁਕਤੇ ਭਾਵੇਂ ਬਹੁਤ ਸਧਾਰਨ ਹੀ ਹਨ ਪਰ ਅੱਜ ਦੇ ਯੁੱਗ ਵਿੱਚ ਜਿੱਥੇ ਸਾਡਾ ਆਲਾ ਦੁਆਲਾ ਬਹੁਤ ਹੀ ਭ੍ਰਿਸ਼ਟ ਹੋ ਚੁੱਕਿਆ ਹੈ, ਇਹ ਅਗਵਾਈ ਦਾ ਕੰਮ ਕਰ ਸਕਦੇ ਹਨ।

## ਅੰਧਵਿਸ਼ਵਾਸ਼

1. ਜਿਸ ਦੇਸ਼ ਵਿੱਚ ਕੇਂਦਰੀ ਮੰਤਰੀ ਇੱਕ ਸਾਧ ਦੇ ਕਹਿਣ ਤੇ ਧਰਤੀ ਵਿੱਚੋਂ ਸੋਨਾ ਲੱਭਣ ਲਈ ਆਪਣੇ ਪੂਰੇ ਪੁਰਾਤਤਵ ਵਿਭਾਗ ਨੂੰ ਲਾ ਦਿੰਦਾ ਹੈ ਉਸ ਦੇਸ਼ ਦੇ ਲੋਕ ਵਿਗਿਆਨਕ ਖੇਤਰ ਵਿੱਚ ਮੱਲਾਂ ਮਾਰ ਸਕਦੇ ਹਨ?

2. ਅੰਧਵਿਸ਼ਵਾਸ਼ :- ਅਗਿਆਨਤਾ ਦੀ ਕੁੱਖ ਵਿੱਚੋਂ ਪੈਦਾ ਹੁੰਦਾ ਹੈ ਤੇ ਦੁਰਦਸ਼ਾ ਦੀ ਮਾਂ ਬਣ ਬੈਠਦਾ ਹੈ।

## ਧਰਮ

1. ਪਹਿਲਾਂ ਕਿਸੇ ਵਿਅਕਤੀ ਨੂੰ ਅੰਨ੍ਹਾ ਕਰ ਦਿਓ ਫਿਰ ਉਸਨੂੰ ਕਾਲੀ ਹਨੇਰੀ ਗੁਫ਼ਾ ਵਿੱਚ ਲੈ ਜਾਓ ਉਸ ਤੋਂ ਬਾਅਦ ਉਸਨੂੰ ਕਹੋ ਕਿ ਇੱਥੇ ਇੱਕ ਕਾਲੀ ਬਿੱਲੀ ਹੈ ਇਸਨੂੰ ਸਾਰੀ ਉਮਰ ਲੱਭਦਾ ਰਹੀਂ।

2. ਅਰਦਾਸ ਕਰਨਾ ਤੇ ਝੂਲੇ ਵਿੱਚ ਬੈਠਣਾ ਇੱਕੋ ਗੱਲ ਹੈ ਤੁਸੀਂ ਹਿੱਲੀ ਜਾਂਦੇ ਹੋ ਪਰ ਪੁੱਜਦੇ ਕਿਤੇ ਨਹੀਂ

3. ਧਰਮ ਇੱਕ ਟੈਕਸ ਰਹਿਤ, ਲਾਗਤ ਰਹਿਤ ਸੌ ਪ੍ਰਤੀਸ਼ਤ ਮੁਨਾਫੇ ਵਾਲਾ ਧੰਦਾ ਹੈ। ਕਿਸੇ ਵਿਅਕਤੀ ਨਾਲ ਠੱਗੀ ਤਾਂ ਹੋ ਰਹੀ ਹੈ ਪਰ ਠੱਗ ਫਿਰ ਵੀ ਸਤਿਕਾਰ ਯੋਗ ਹੈ।

4. ਚਰਚ ਤੇ ਸੰਯੁਕਤ ਰਾਸ਼ਟਰ ਇੱਕ ਦੋ ਦਰਵਾਜਿਆਂ ਵਾਲੀ ਇਮਾਰਤ ਹੈ ਜਿਸਦੇ ਇੱਕ ਦਰਵਾਜੇ ਵਿੱਚੋਂ ਸਿਆਸਤਦਾਨ ਅਗਵਾਈ ਲੈਂਦੇ ਹਨ ਤੇ ਦੂਸਰੇ ਦਰਵਾਜੇ ਵਿੱਚੋਂ ਪਾਦਰੀ ਬਾਹਰ ਆਉਂਦੇ ਹਨ, ਦੋਹਾਂ ਦਾ ਉਦੇਸ਼ ਇੱਕੋ ਹੀ ਹੈ।

5. ਤੁਹਾਡੇ ਕੋਲ ਚਾਰ ਚੀਜਾਂ ਹਨ ਪਵਿੱਤਰ ਮੂਰਤੀਆਂ, ਪਵਿੱਤਰ ਗਰੰਥ, ਪਵਿੱਤਰ ਅਸਥਾਨ ਤੇ ਮਨੁੱਖ, ਪਹਿਲੀਆਂ ਤਿੰਨ ਮੰਨਣ ਵਾਲੇ ਧਾਰਮਿਕ ਹੁੰਦੇ ਹਨ ਤੇ ਚੌਥੀ ਮੰਨਣ ਵਾਲੇ ਨੂੰ ਉਹ ਨਾਸਤਿਕ ਕਹਿਣਾ ਸ਼ੁਰੂ ਕਰ ਦਿੰਦੇ ਹਨ।

6. ਸਭ ਤੋਂ ਵੱਧ ਧਰਮ ਸਾਡੇ ਦੇਸ਼ ਵਿੱਚ, ਸਭ ਤੋਂ ਵੱਧ ਧਾਰਮਿਕ ਸਥਾਨ ਸਾਡੇ ਦੇਸ਼ ਵਿੱਚ, ਸਭ ਤੋਂ ਵੱਧ ਮੰਨਣ ਵਾਲੇ ਸਾਡੇ ਦੇਸ਼ ਵਿੱਚ, ਸਭ ਤੋਂ ਵੱਧ ਬੀਮਾਰੀਆਂ, ਸਭ ਤੋਂ ਵੱਧ ਦੁਰਘਟਨਾਵਾਂ, ਸਭ ਤੋਂ ਰਿਸ਼ਵਤਖੋਰੀ ਸਾਡੇ ਦੇਸ਼ ਵਿੱਚ। ਕੀ ਇਸ ਤੋਂ ਸਿੱਧ ਨਹੀਂ ਹੁੰਦਾ ਕਿ ਧਰਮ ਤੇ ਬੁਰਾਈਆਂ ਵਿੱਚ ਸਿੱਧਾ ਸਬੰਧ ਹੈ।

## ਵਿਗਿਆਨ

1. ਹਰੇਕ ਘਟਨਾ ਪਿੱਛੇ ਕੋਈ ਨਾ ਕੋਈ ਵਿਗਿਆਨਕ ਕਾਰਨ ਹੁੰਦਾ ਹੈ। ਕੋਈ ਘਟਨਾ ਅਜਿਹੀ ਹੋ ਹੀ ਨਹੀਂ ਸਕਦੀ ਜਿਸਦੇ ਪਿੱਛੇ ਵਿਗਿਆਨਕ ਕਾਰਨ ਨਾ ਹੋਵੇ।

2. ਪਦਾਰਥ ਸਦਾ ਸੀ ਤੇ ਸਦਾ ਰਹੇਗਾ, ਕਿਸੇ ਚੀਜ ਦੇ ਨਸ਼ਟ ਹੋਣ ਦਾ ਮਤਲਬ ਕਿਸੇ ਹੋਰ ਚੀਜ ਦੀ ਪੈਦਾਇਸ ਹੋਣਾ ਹੈ।

3. ਕੋਈ ਵੀ ਵਿਚਾਰ ਜਾਂ ਗਿਆਨ ਪਦਾਰਥ ਵਿੱਚ ਹੀ ਰਹਿ ਸਕਦਾ ਹੈ। ਪਦਾਰਥ ਤੋਂ ਬਗੈਰ ਇਸਦੀ ਹੋਂਦ ਸੰਭਵ ਨਹੀਂ

4. ਸਮੁੱਚਾ ਬ੍ਰਹਿਮੰਡ ਕੁਦਰਤ ਦੇ ਚਾਰ ਨਿਯਮਾਂ ਤਹਿਤ ਚੱਲਦਾ ਹੈ, ਪੈਦਾ ਹੁੰਦਾ ਹੈ, ਨਸ਼ਟ ਹੁੰਦਾ ਹੈ, ਇੰਝ ਸਦਾ ਹੁੰਦਾ ਰਹਿੰਦਾ ਹੈ। ਚੰਦ, ਤਾਰੇ, ਸਭਿਅਤਾਵਾਂ ਪੈਦਾ ਹੁੰਦੀਆਂ ਅਤੇ ਨਸ਼ਟ ਹੁੰਦੀਆਂ ਰਹਿੰਦੀਆਂ ਹਨ।

5. ਕੇਦਾਰ ਨਾਥ ਵਿੱਚ ਆਏ ਹੜ੍ਹ ਨੇ ਸਿੱਧ ਕਰ ਦਿੱਤਾ ਹੈ ਕਿ ਵਿਗਿਆਨਕ ਨਿਯਮ ਸੰਸਾਰ ਦੇ ਸਾਰੇ ਧਰਮਾਂ ਤੋਂ ਸ਼ਕਤੀਸ਼ਾਲੀ ਹਨ।

## ਆਤਮ ਵਿਸ਼ਵਾਸ਼

1. ਸਾਧਾਂ ਸੰਤਾਂ ਰੂਪੀ ਵੈਸ਼ਾਖੀਆਂ ਛੱਡ ਦਿਓ ਖੁਦ ਤੁਰਨਾ ਸਿੱਖੋ। ਤੁਹਾਡੇ ਕੋਲ ਜਿੱਤਣ ਲਈ ਪੂਰਾ ਸੰਸਾਰ ਹੈ।

– ਮੇਘ ਰਾਜ ਮਿੱਤਰ



ਵਿਸ਼ੇਸ਼ ਲੇਖ

# ਰਾਮਦੇਵ ਵਪਾਰੀ ਹੈ ਬਾਬਾ ਨਹੀਂ

ਮੂਲ ਲੇਖਕ:
**ਭਾਰਤ ਭੂਸ਼ਣ**

ਅਨੁਵਾਦ:
**ਪਵਨ ਕੁਮਾਰ ਰੱਤੋਂ**

**ਪਹਿਲਾ ਯੋਗ ਫੇਰ ਕਾਰੋਬਾਰ ਵਾਲਾ ਰਾਮਦੇਵ 'ਬਾਬੇ' ਦੇ ਮਖੌਟੇ ਵਿੱਚ ਵਪਾਰੀ ਹੈ। ਖਰਬਾਂ ਰੁਪਏ ਦੇ ਢੇਰ ਉੱਤੇ ਬੈਠੇ ਇਸ ਯੋਗਗੁਰੂ ਨੂੰ ਇਹ ਕਾਮਯਾਬੀ ਯੋਗ ਦੇ ਦਮ ਉੱਤੇ ਨਹੀ ਸਗੋਂ ਵਪਾਰ ਦੇ ਜ਼ਰੀਏ ਮਿਲੀ ਹੈ। ਕਈ ਤਰ੍ਹਾਂ ਦੀਆਂ ਹੇਰਾਫੇਰੀਆਂ ਦੇ ਕਾਰਨ ਕਾਨੂੰਨੀ ਮੁਸ਼ਕਲਾਂ ਨਾਲ ਘਿਰੇ ਰਾਮਦੇਵ ਭਵਿੱਖ ਵਿੱਚ ਕਾਨੂੰਨੀ ਸ਼ਿਕੰਜੇ ਤੋਂ ਬਚਣ ਦੇ ਲਈ ਕਿਸ ਤਰ੍ਹਾਂ ਸਿਆਸੀ ਦਲਾਂ ਵਿੱਚ ਪਾੜ ਲਾ ਰਿਹਾ ਹੈ। ਪੜ੍ਹੋ....**

ਨਵੰਬਰ ਮਹੀਨੇ ਦੇ ਤੀਜੇ ਹਫ਼ਤੇ ਵਿੱਚ ਉਤਰਾਖੰਡ ਸਰਕਾਰ ਨੇ ਹਰਿਦੁਆਰ ਵਿੱਚ ਯੋਗਗੁਰੂ ਰਾਮਦੇਵ ਅਤੇ ਉਸ ਦੇ ਸੰਸਥਾਨਾਂ (ਬਸਤੀਆਂ, ਡੇਰਿਆਂ, ਪ੍ਰਬੰਧਾਂ) ਦੇ ਵਿਰੁੱਧ 23 ਮਾਮਲੇ ਅਤੇ ਦਸੰਬਰ ਮਹੀਨੇ ਦੇ ਦੂਜੇ ਹਫਤੇ ਵਿੱਚ 11 ਮਾਮਲੇ ਦਰਜ ਕੀਤੇ ਗਏ ਹਨ। ਤਦ ਘਬਰਾਏ ਹੋਏ ਰਾਮਦੇਵ ਦੀ ਪ੍ਰਤੀਕ੍ਰਿਆ ਹਮੇਸ਼ਾਂ ਵਾਂਗ ਇਹੀ ਸੀ ਕਿ ਇਹ ਸਭ ਸੋਨੀਆਂ ਗਾਂਧੀ ਦੇ ਇਸ਼ਾਰੇ 'ਤੇ ਹੋ ਰਿਹਾ ਹੈ। ਇਸ ਤਰ੍ਹਾਂ ਦੀ ਪ੍ਰਤੀਕਿਰਿਆ ਦੀ ਆਮ ਅਤੇ ਖਾਸ ਸਾਰੇ ਲੋਕਾਂ ਨੂੰ ਆਸ ਸੀ ਜਿਸ ਦਾ ਸਾਰ ਇਹ ਹੈ ਕਿ ਜੇਕਰ ਨਰੇਂਦਰ ਮੋਦੀ ਜਾਂ ਦੂਜਾ ਕੋਈ ਭਾਜਪਾਈ ਲੀਡਰ ਪ੍ਰਧਾਨ ਮੰਤਰੀ ਹੁੰਦਾ ਤਾਂ ਇੱਕ ਹਿੰਦੂ ਯੋਗਗੁਰੂ ਦੇ ਸੰਸਥਾਨਾਂ ਉੱਤੇ ਛਾਪਾ ਮਾਰਨ ਦੀ ਹਿੰਮਤ ਕੋਈ ਰਾਜ ਜਾਂ ਕੇਂਦਰ ਸਰਕਾਰ ਨਾ ਕਰਦੀ। ਸਿਰਫ਼ ਇਸ ਲਈ ਰਾਮਦੇਵ ਚਾਹੁੰਦੇ ਹਨ ਅਤੇ ਹੱਡਤੋੜ ਮਿਹਨਤ ਵੀ ਕਰ ਰਹੇ ਹਨ ਕਿ ਕਿਵੇਂ ਵੀ ਹੋਵੇ, ਕੇਂਦਰ ਅਤੇ ਸਾਰੇ ਸੂਬਿਆਂ ਵਿੱਚ ਭਾਜਪਾ ਦੀਆਂ ਸਰਕਾਰਾਂ ਹੋਣ।

ਇਹਨਾਂ ਛਾਪਿਆਂ ਦਾ ਸੱਚ ਕੀ ਸੀ, ਇਸ ਤੋਂ ਪਹਿਲਾਂ ਸੰਖੇਪ ਵਿੱਚ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਵਾਰ ਵਾਰ ਸੋਨੀਆਂ ਰਾਹੁਲ ਗਾਂਧੀ ਨੂੰ ਕੋਸ ਕੇ ਰਾਮਦੇਵ ਸਾਬਤ ਕੀ ਕਰਨਾ ਚਾਹੁੰਦਾ ਹੈ ਅਤੇ ਉਸ ਦਾ ਅਸਲੀ ਉਦੇਸ਼ ਕੀ ਹੈ? ਦਰਅਸਲ ਰਾਮਦੇਵ ਦੂਸਰੇ ਕਈ ਬਾਬਿਆਂ ਵਾਂਗ ਵੱਡਾ ਵਪਾਰੀ ਹੈ। ਵਪਾਰੀ ਹੋਣਾ ਹਰਜ ਜਾਂ ਇਤਰਾਜ ਦੀ ਗੱਲ ਨਹੀਂ ਪ੍ਰੰਤੂ ਟੈਕਸ ਚੋਰੀ ਕਰਨਾ, ਜ਼ਮੀਨਾਂ ਦੇ ਸੌਦਿਆਂ ਵਿੱਚ ਹੇਰਾਫੇਰੀ ਕਰਨਾ ਅਤੇ ਜ਼ਮੀਨ ਦਾ ਕਰ ਨਾ ਦੇਣਾ, ਇਹ ਜ਼ਰੂਰ ਇਤਰਾਜ਼ ਦੀਆਂ ਗੱਲਾਂ ਹਨ, ਜਿਹਨਾਂ ਤੋਂ ਆਮ ਲੋਕਾਂ ਦਾ ਧਿਆਨ ਹਟਾਉਣ ਲਈ ਰਾਮਦੇਵ, ਸੋਨੀਆਂ ਰਾਹੁਲ ਉੱਤੇ ਦੋਸ਼ ਮੜ੍ਹਦੇ ਰਹਿੰਦੇ ਹਨ। ਇੱਛਾ ਇਹ ਜਤਾਉਣਾ ਰਹਿੰਦੀ ਹੈ ਕਿ ਕਿਉਂਕਿ ਉਹ ਹਿੰਦੂ ਹਨ, ਯੋਗਗੁਰੂ ਹਨ ਇਸ ਲਈ ਵਿਦੇਸ਼ੀ ਮੂਲ ਦੀ ਸੋਨੀਆਂ ਗਾਂਧੀ ਨੂੰ ਇਹ ਰਾਸ ਨਹੀਂ ਆਉਂਦਾ ਹੈ। ਸਿੱਟੇ ਵਜੋਂ, ਤੰਗ ਪ੍ਰੇਸ਼ਾਨ ਕਰਨ ਦੇ ਉਦੇਸ਼ ਨਾਲ ਉਨ੍ਹਾਂ ਦੇ ਇੱਥੇ ਛਾਪੇ ਮਰਵਾਏ ਜਾਂਦੇ ਹਨ।

ਲੋਕਾਂ ਦੇ ਦਿਲੋਦਿਮਾਗ ਵਿੱਚ ਸੱਚ ਦਾ ਹਜ਼ਾਰਵਾਂ ਹਿੱਸਾ ਵੀ ਨਾ ਆ ਜਾਵੇ। ਇਸ ਬਾਰੇ ਵਿੱਚ ਰਾਮਦੇਵ ਕੀ ਕੀ ਬੋਲ ਚੁੱਕੇ ਹਨ, ਇਹ ਹਰ ਕੋਈ ਜਾਣਦਾ ਹੈ। ਅਕਤੂਬਰ ਦੇ ਆਖਰੀ ਹਫ਼ਤੇ ਵਿੱਚ ਤਾਂ ਉਹ ਸਾਰੀਆਂ ਹੱਦਾਂ ਤੋੜਦੇ ਹੋਏ ਇੰਦੌਰ ਵਿੱਚ ਯੋਗ ਅਤੇ ਗੁੱਸੇ ਦੇ ਸੰਬੰਧ ਨੂੰ ਭੁਲਾ ਕੇ ਇੱਥੇ ਤੱਕ ਕਹਿ ਚੁੱਕੇ ਸਨ ਕਿ ਕਾਂਗਰਸ ਉਨ੍ਹਾਂ ਨੂੰ ਹੱਤਿਆ, ਡਰੱਗ ਅਤੇ ਸੈਕਸ ਰੈਕਟ ਵਰਗੇ ਕੇਸਾਂ ਵਿੱਚ ਫਸਾਉਣਾ ਚਾਹੁੰਦੀ ਹੈ। ਇਸੇ ਦਿਨ ਉਹਨਾਂ ਨੇ ਕਾਂਗਰਸ ਨੂੰ ਹਾਰ ਦਾ ਸਰਾਪ ਤੱਕ ਦੇ ਦਿੱਤਾ ਸੀ। ਉਹਨਾਂ ਦਿਨੀਂ ਰਾਮਦੇਵ ਦੇ ਭਾਈ ਰਾਮਭਗਤ ਉੱਤੇ ਅਗਵਾ ਕਰਨ ਦਾ ਇੱਕ ਦੋਸ਼ ਲੱਗਾ ਸੀ।

ਗੱਲ ਸੱਚ ਵੀ ਹੈ ਕਿ ਇਸ ਲੋਕਤੰਤਰ ਦੇਸ਼ ਵਿੱਚ ਯੋਗਗੁਰੂ ਰਾਮਦੇਵ ਜਾਂ ਉਸ ਦਾ ਭਾਈ ਹੋਣਾ ਹੀ ਇੱਕ ਗੈਰ ਮਾਮੂਲੀ ਗੱਲ ਹੈ। ਇਹਨਾਂ ਵਿੱਚੋਂ ਕਿਸੇ ਉੱਤੇ ਕੋਈ ਕਾਨੂੰਨੀ ਕਾਰਵਾਈ ਜਾਂ ਜੁਰਮ ਕੀਤੇ ਜਾਣ 'ਤੇ ਵੀ ਅਪਰਾਧਕ ਮਾਮਲੇ ਦੀ ਕਾਰਵਾਈ ਕੀਤੀ ਜਾਣੀ ਵੀ ਗੈਰ ਲੋਕਤੰਤਰੀ ਹੈ। ਇਸ ਲਈ ਰਾਮਦੇਵ ਨੇ ਉਸੇ ਦਿਨ ਇਹ ਵੀ ਕਿਹਾ ਸੀ ਕਿ ਇੱਕ ਖਾਨਦਾਨ ਨੇ ਸਾਰੇ ਦੇਸ਼ ਨੂੰ ਬੰਧਕ ਬਣਾਇਆ ਹੋਇਆ ਹੈ। ਇਹ ਲੋਕਤੰਤਰ ਦਾ ਮਜ਼ਾਕ ਹੈ।

ਸਾਰ ਇਹ ਹੈ ਕਿ ਜੇਕਰ ਰਾਮਦੇਵ ਨੂੰ ਸਿੱਧੇ ਸਿੱਧੇ ਗੈਰਕਾਨੂੰਨੀ ਢੰਗਾਂ ਨਾਲ ਵਪਾਰ ਕਰਨ ਦਿੱਤਾ ਜਾਵੇ, ਉਹਨਾਂ ਦੇ ਸੰਸਥਾਨਾਂ ਅਤੇ ਕੰਪਨੀਆਂ ਉੱਤੇ ਛਾਪੇ ਨਾ ਮਾਰੇ ਜਾਣ ਅਤੇ ਉਹਨਾਂ ਦੀ ਪੂਜਾ ਕੀਤੀ ਜਾਂਦੀ ਰਹੇ ਤਾਂ ਦੇਸ਼ ਵਿੱਚ ਲੋਕਤੰਤਰ ਹੈ ਵਰਨਾ ਨਹੀਂ ਹੈ।



ਸਭਨਾ ਨੂੰ ਹੈਰਾਨ ਕਰਦੇ ਹੋਏ ਇਸੇ ਦਿਨ ਰਾਮਦੇਵ ਨੇ ਨਰੇਂਦਰ ਮੋਦੀ ਨੂੰ ਵੀ ਘੁਮੰਡੀ ਕਿਹਾ ਸੀ, ਇਹ ਦਰਅਸਲ, ਭੜਾਸ ਅਤੇ ਨਿਰਾਸ਼ਾ ਦੇ ਇਲਾਵਾ ਭਗਵਾਂ ਖੇਮੇ ਨੂੰ ਧੌਂਸ ਵੀ ਸੀ ਕਿ ਜੇਕਰ ਪੈਸਾ ਤੇ ਹਮਾਇਤ ਚਾਹੀਦੀ ਹੈ ਤਾਂ ਛਾਪਿਆਂ ਅਤੇ ਭਾਈ ਦੀ ਗ੍ਰਿਫਤਾਰੀ ਦਾ ਵਿਰੋਧ ਕਰੋ, ਨਹੀਂ ਤਾਂ ਹਕੂਮਤ ਨਹੀਂ ਮਿਲਣ ਦਿਆਂਗਾ। ਇਹ ਬਾਅਦ ਦੀ ਗੱਲ ਹੈ ਕਿ ਭਾਜਪਾ ਅਤੇ ਨਰੇਂਦਰ ਮੋਦੀ ਦੋਹਾਂ ਨੂੰ ਬਾਬਿਆਂ ਦੀਆਂ ਅਜਿਹੀਆਂ ਧਮਕੀਆਂ ਅਤੇ ਉਹਨਾਂ ਦੀ ਸਚਾਈ ਦਾ ਪਤਾ ਹੈ। ਇਸ ਲਈ ਉਹ ਇਹਨਾਂ ਬਾਬਿਆਂ ਨੂੰ ਵਰਤਦੇ ਤਾਂ ਹਨ ਪਰ ਉਨ੍ਹਾਂ ਤੋਂ ਇੱਕ ਹੱਦ ਦੇ ਬਾਅਦ ਜ਼ਿਆਦਾ ਡਰ ਨਹੀਂ ਮੰਨਦੇ।

ਛਾਪੇ ਅਤੇ ਵਪਾਰ : ਉਤਰਾਖੰਡ ਸਰਕਾਰ ਨੇ ਜਿਹੜੇ 85 ਮਾਮਲੇ ਰਾਮਦੇਵ ਦੇ ਖਿਲਾਫ਼ ਦਰਜ ਕੀਤੇ ਹਨ ਉਹਨਾਂ ਵਿੱਚ ਸਟਾਂਪ ਚੋਰੀ ਦੇ 54, ਖਰੀਦਵੇਚ ਵਿੱਚ ਸ਼ਰਤਾਂ ਦੀ ਉਲੰਘਣਾਂ ਦੇ 23, ਸਰਕਾਰੀ ਜ਼ਮੀਨਾਂ ਉੱਤੇ ਕਬਜ਼ੇ ਦੇ ਤਿੰਨ ਅਤੇ ਪੰਜ ਹੋਰ।

ਇੱਕ ਅੰਦਾਜ਼ੇ ਦੇ ਅਨੁਸਾਰ, ਰਾਮਦੇਵ ਦਾ ਸਾਮਰਾਜ 15 ਹਜ਼ਾਰ ਕਰੋੜ ਰੁਪਏ ਦਾ ਹੈ ਜੋ ਸਪਸ਼ਟ ਹੈ ਇੱਕਲੇ ਯੋਗ ਨਾਲ ਬਣਾਉਣਾਂ ਕਤਈ ਸੰਭਵ ਨਹੀਂ ਹੈ। ਰਾਮਦੇਵ ਖਾਧ ਪਦਾਰਥਾਂ, ਸੁੰਦਰਤਾ ਸਬੰਧੀ ਸਮਾਨ ਅਤੇ ਆਯੁਰਵੇਦਿਕ ਦਵਾਈਆਂ ਸਮੇਤ ਦੂਜੇ ਭਿੰਨ ਭਿੰਨ ਤਰ੍ਹਾਂ ਦੇ ਉਤਪਾਦਨਾਂ ਦਾ ਵਪਾਰ ਵੀ ਕਰਦੇ ਹਨ। ਇਹ ਕਾਰੋਬਾਰ ਦਿਨ ਦੁੱਗਣਾ ਰਾਤ ਚੌਗੁਣਾ ਵਧੇ। ਬਾਬੇ ਦੇ ਭਗਤਾਂ ਨੇ ਤਾਂ ਇਹਨਾਂ ਉਤਪਾਦਾਂ ਨੂੰ ਖਰੀਦ ਕੇ ਵਰਤਣਾ ਸ਼ੁਰੂ ਕੀਤਾ ਹੀ, ਨਾਲ ਹੀ ਆਮ ਲੋਕ ਵੀ ਇਹਨਾਂ ਨੂੰ ਖਰੀਦਣ ਲੱਗੇ।

ਬੀਤੇ 3 ਸਾਲਾਂ ਵਿੱਚ ਰਾਮਦੇਵ ਦੇ ਉਤਪਾਦਾਂ ਦੀ ਵਿਕਰੀ ਵਿੱਚ ਹਜ਼ਾਰਗੁਣਾ ਤੋਂ ਵੀ ਵੱਧ ਵਾਧਾ ਸਿਰਫ਼ ਇਸ ਮਾਨਸਿਕਤਾ ਦੇ ਕਾਰਨ ਹੋਇਆ ਕਿਉਂਕਿ ਇਹ ਉਤਪਾਦ ਇੱਕ ਧਰਮਗੁਰੂ ਦੁਆਰਾ ਬਣਾਏ ਹੋਏ ਹਨ, ਇਸ ਲਈ ਧਰਮਗ੍ਰੰਥਾਂ ਵਿੱਚ ਵਰਤਣ ਵਾਲੇ ਚਮਤਕਾਰਾਂ ਵਾਂਗ ਪੂਰੇ ਨਹੀਂ ਤਾਂ ਥੋੜ੍ਹੇ ਬਹੁਤ ਤਾਂ ਅਸਰਕਾਰੀ ਹੋਣਗੇ ਹੀ।

ਤਿੰਨ ਸਾਲ ਪਹਿਲਾਂ ਜਦ ਭੋਪਾਲ ਵਰਗੇ 'ਬੀ' ਸ਼੍ਰੇਣੀ ਦੇ ਸ਼ਹਿਰ ਵਿੱਚ ਰਾਮਦੇਵ ਦੇ ਪਤੰਜਲੀ ਯੋਗ ਪੀਠ ਦੀ ਸਿਰਫ ਇੱਕ ਦੁਕਾਨ, ਦਵਾਖਾਨਾ, ਗੋਦਾਮ ਜਾਂ ਵਿਕਰੀ ਕੇਂਦਰ, ਜੋ ਵੀ ਕਹਿ ਲਓ, ਐਮ ਪੀ. ਨਗਰ, ਜੋਨ 1 ਵਿੱਚ ਹੋਇਆ ਕਰਦਾ ਸੀ। ਮੰਗ ਵਧੀ ਤਾਂ ਸ਼ਹਿਰ ਦੇ ਭਿੰਨ ਭਿੰਨ ਇਲਾਕਿਆਂ ਵਿੱਚ ਦਰਜ਼ਨਾਂ ਦੁਕਾਨਾਂ ਖੁੱਲ੍ਹ ਗਈਆਂ ਅਤੇ ਛੇਤੀ ਹੀ ਕਰਿਆਨੇ ਦੀਆਂ ਦੁਕਾਨਾਂ ਵਿੱਚ ਵੀ ਬਾਬੇ ਦੇ ਉਤਪਾਦ ਵਿਕਣ ਲੱਗੇ।

ਇਸ ਪੱਤਰਪ੍ਰੇਰਕ ਨੇ ਕੋਈ ਹਫਤੇ ਭਰ ਲਗਾਤਾਰ ਰਾਮਦੇਵ ਦੇ ਉਤਪਾਦਾਂ ਦੇ ਖਰੀਦਦਾਰਾਂ ਅਤੇ ਵੇਚਣ ਵਾਲਿਆਂ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਨੇ ਦੱਸਿਆ ਕਿ ਇਹ ਉਤਪਾਦ ਆਖਰਕਾਰ ਇੱਕ ਧਾਰਮਿਕ ਸੰਸਥਾਨ ਵਿੱਚ ਬਣ ਰਹੇ ਹਨ। ਇਸ ਲਈ ਗੁਣਵੱਤਾ ਵਾਲੇ ਤਾਂ ਹੋਣਗੇ ਹੀ।

ਇਹਨਾਂ ਲੋਕਾਂ ਯਾਨੀ ਗਾਹਕਾਂ ਨੂੰ ਛਾਪਿਆਂ ਨਾਲ ਕੋਈ ਵਾਸਤਾ ਨਹੀਂ ਸੀ, ਨਾ ਹੀ ਇਸ ਗੱਲ ਨਾਲ ਮਤਲਬ ਸੀ ਕਿ ਰਾਮਦੇਵ ਦਾ ਭਾਈ ਨਿਤਿਨ ਤਿਆਗੀ ਦੇ ਨਾਂ ਦੇ ਕਰਮਚਾਰੀ ਦੇ ਅਗਵਾ, ਗਾਲੀਗਲੋਚ ਅਤੇ ਉਸਨੂੰ ਕੈਦੀ ਬਣਾਈ ਰੱਖਣ ਦੇ ਜੁਰਮ ਵਿੱਚ ਗ੍ਰਿਫਤਾਰ ਹੋਇਆ ਸੀ। ਉਹਨਾਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਰਾਮਦੇਵ ਦੇ ਹਰਿਦੁਆਰ ਸਥਿਤ ਪਤੰਜਲੀ ਹੋਸਟਲ ਤੋਂ ਦਿੱਲੀ ਦੀ ਇੱਕ ਵਿਦਿਆਰਥਣ, ਜਿਹੜੀ ਬੀ. ਏ. ਯੋਗ ਵਿੱਚ ਪੜ੍ਹ ਰਹੀ ਸੀ, ਗਾਇਬ ਹੋ ਗਈ ਸੀ।

ਪ੍ਰਚਾਰ ਦਾ ਜ਼ਰੀਆ ਬਣਦੇ ਭਗਤ : ਕਿਸੇ ਮਸ਼ਹੂਰ ਕੰਪਨੀ ਵਾਂਗ ਰਾਮਦੇਵ ਨੇ ਯੋਗ ਦੇ ਬਾਅਦ ਹਲਦੀ, ਗਰਮਮਸਾਲਾ, ਚਵਨਪ੍ਰਾਸ, ਟੂਥਪੇਸਟ, ਮੰਜਨ ਅਤੇ ਬਿਊਟੀ ਕਰੀਮ ਵੀ ਵੇਚਣਾਂ ਸ਼ੁਰੂ ਕਰ ਦਿੱਤਾ। ਅਜਿਹੇ ਲਗਭਗ 200 ਉਤਪਾਦਾਂ ਦੀ ਰੋਜ਼ਾਨਾ ਵਿਕਰੀ ਕਰੋੜਾਂ ਰੁਪਿਆਂ ਦੀ ਹੈ। ਵਿਕਰੀ ਵਧਾਉਣ ਦੇ ਲਈ ਰਾਮਦੇਵ ਨੂੰ ਕਿਧਰੇ ਪ੍ਰਚਾਰ, ਪ੍ਰਸਾਰ ਦੀ ਲੋੜ ਨਹੀਂ ਪਈ ਉਨ੍ਹਾਂ ਦੇ ਭਗਤ ਹੀ ਪ੍ਰਚਾਰ ਦਾ ਜ਼ਰੀਆ ਬਣੇ।

ਇਹਨਾਂ ਉਤਪਾਦਾਂ ਦੀ ਗੁਣਵੱਤਾ ਨੂੰ ਵੀ ਲੈ ਕੇ ਗੁਰੂ ਰਾਮਦੇਵ ਸ਼ੱਕ ਦੇ ਘੇਰੇ ਵਿੱਚ ਹਨ। 16 ਅਗਸਤ, 2012 ਨੂੰ ਉਤਰਾਖੰਡ ਦੇ ਖਾਸ ਸੁੱਖਿਆ ਵਿਭਾਗ ਨੇ ਰਾਮਦੇਵ ਦੇ ਦਿਵਯ ਯੋਗ ਮੰਦਰ ਤੋਂ ਰਾਮਦੇਵ ਦੀ ਕੰਪਨੀ ਦੁਆਰਾ ਬਣੇ ਖਾਧ ਪਦਾਰਥਾਂ ਦੇ ਨਮੂਨੇ ਜਾਂਚ ਦੇ ਲਈ ਲਏ ਸਨ। ਤਦ ਰਾਮਦੇਵ, ਉਨ੍ਹਾਂ ਦੇ ਹਿਮਾਇਤੀ ਅਤੇ ਭਾਜਪਾਈ ਘਬਰਾਏ ਸਨ ਕਿ ਇਹ ਜ਼ਿਆਦਤੀ ਹੈ, ਕਾਂਗਰਸੀ ਸਾਜ਼ਸ਼ ਹੈ ਪਰ ਹਕੀਕਤ ਵਿੱਚ ਦੇਸ਼ ਦੇ ਭਿੰਨ ਭਿੰਨ ਸੂਬਿਆਂ ਦੇ ਖਾਧ ਸੁੱਰਖਿਆ ਵਿਭਾਗ ਨੇ ਦੋ ਦਰਜ਼ਨ ਤੋਂ ਵੀ ਵੱਧ ਨੋਟਿਸ ਰਾਮਦੇਵ ਦੀਆਂ ਕੰਪਨੀਆਂ ਨੂੰ ਦਿੱਤੇ ਹੋਏ ਹਨ।

ਸਾਫ਼ ਹੈ ਕਿ ਰਾਮਦੇਵ ਅਤੇ ਕੰਪਨੀਆਂ ਵਿੱਚ ਕੋਈ ਫ਼ਰਕ ਕਿਸੀ ਵੀ ਪੱਧਰ ਉੱਤੇ ਉਤਪਾਦਾਂ ਅਤੇ ਵਪਾਰ ਦੇ ਮਾਮਲੇ ਵਿੱਚ ਨਹੀਂ ਹੈ। ਰਾਮਦੇਵ ਹੱਲਾ-ਗੁੱਲਾ ਸਿਰਫ ਇਸ ਲਈ ਮਚਾਉਂਦੇ ਹਨ ਕਿ ਇਹਨਾਂ ਉਤਪਾਦਾਂ ਨੂੰ ਧਰਮ ਅਤੇ ਸ਼ਰਧਾ ਦੀ ਓਟ ਵਿੱਚ ਖਰੀਦਿਆ ਜਾਂਦਾ ਰਹੇ। ਇਹ ਉਤਪਾਦ ਸਸਤੇ ਨਹੀਂ ਹਨ, ਇਸ ਬਾਰੇ ਖਰੀਦਦਾਰਾਂ ਦਾ ਕਹਿਣਾ ਹੈ ਕਿ ਅਜਿਹਾ ਇਹਨਾਂ ਦਾ ਅਸਲੀ ਅਤੇ ਦੁਰਲੱਭ ਜੜ੍ਹੀ ਬੂਟੀਆਂ ਤੋਂ ਬਣਨ ਕਰਕੇ ਹੋਵੇਗਾ।

ਇਹਨਾਂ ਸਭ ਦੇ ਬਾਅਦ ਵੀ ਰਾਮਦੇਵ ਆਖੇ ਕਿ ਉਹ ਵਪਾਰੀ ਨਹੀਂ, ਤਾਂ ਇਹ ਠੱਗੀ ਨਹੀਂ ਤਾਂ ਹੋਰ ਕੀ ਹੈ। ਵਪਾਰ ਕਰਦੇ ਹਨ ਤਾਂ ਆਪਣੇ ਆਪ ਨੂੰ ਵਪਾਰੀ ਸਵੀਕਾਰਨ ਦਾ ਨੈਤਿਕ ਹੌਸਲਾ ਉਹਨਾਂ ਵਿੱਚ ਕਿਉਂ ਨਹੀਂ ਹੈ ?

ਪੈਸਾ ਕਮਾਉਣ ਦੇ ਲਈ ਰਾਮਦੇਵ ਨੇ ਹਰ ਸ਼ਹਿਰ ਵਿੱਚ ਇੱਕ ਤਨਖਾਹ ਵਾਲਾ ਵੈਦ ਵੀ ਮੁਕਰਰ ਕੀਤਾ ਹੋਇਆ ਹੈ ਜੋ ਉਹਨਾਂ ਦੀਆਂ ਮਹਿੰਗੀਆਂ ਦਵਾਈਆਂ ਵਿਕਾਉਂਦਾ ਹੈ। ਕਿਤੇ ਇਹ ਵੈਦ ਕਦੇ ਅੱਡ ਹੋ ਕੇ ਆਪਣੀ ਹੀ ਦੁਕਾਨ ਨਾ ਚਲਾਉਣ ਲੱਗ ਪਵੇ ਯਾਨੀ ਖੁਦ ਪ੍ਰੈਕਟਿਸ ਨਾ ਕਰਨ ਲੱਗੇ, ਇਸ ਲਈ 2-3 ਸਾਲ ਵਿੱਚ ਉਸ ਦਾ ਸਥਾਨ ਬਦਲੀ ਕਰ ਦਿੱਤਾ ਜਾਂਦਾ ਹੈ।

ਦਵਾਈਆਂ ਤੋਂ ਵੀ ਕਰੋੜਾਂ ਅਰਬਾਂ ਕਮਾਉਣ ਵਾਲੇ ਰਾਮਦੇਵ ਕਦੇ ਛਾਤੀ ਠੋਕ ਕੇ ਦਾਅਵਾ ਕਰਿਆ ਕਰਦੇ ਸਨ ਕਿ ਸਾਰੇ ਇਲਾਜਯੋਗ ਅਤੇ ਲਾਇਲਾਜ ਬਿਮਾਰੀਆਂ ਦਾ ਇਲਾਜ ਉਹ ਸਿਰਫ਼ ਯੋਗ ਨਾਲ ਕਰ ਸਕਦੇ ਹਨ ਜੋ ਖ਼ੁਦ ਉਸ ਨੇ ਹੀ ਆਯੁਰਵੇਦ ਦੇ ਵਪਾਰ ਨਾਲ ਝੂਠਾ ਸਾਬਤ ਕਰ ਦਿਤਾ। ਯੋਗ ਦੀ ਪੋਲ ਸਾਹਮਣੇ ਹੈ ਕਿ ਸਾਰਾ ਡਰਾਮਾ ਪਹਿਲਾਂ ਭਗਤ ਵਧਾਉਣ ਦੇ ਲਈ ਕੀਤਾ ਗਿਆ ਸੀ ਜੋ ਹੁਣ ਗਾਹਕ ਬਣ ਕੇ ਪੈਸਾ ਦੇ ਰਹੇ ਹਨ।

ਹੋਰ ਵੀ ਹਨ ਸੱਚ : ਆਮ ਲੋਕਾਂ ਦੀਆਂ ਜੇਬਾਂ ਅਤੇ ਸਿਹਤ ਨਾਲ ਸੰਬੰਧ ਰੱਖਦੀਆਂ ਇਹ ਗੱਲਾਂ ਰਾਮਦੇਵ ਨਾਲ ਜੁੜੇ ਵਿਵਾਦਾਂ ਅਤੇ ਆਰਥਿਕ ਸਾਮਰਾਜ ਦੇ ਸਾਹਮਣੇ ਕਾਫ਼ੀ ਛੋਟੀਆਂ ਹਨ ਪਰ ਹਨ ਮਹੱਤਵਪੂਰਨ ਕਿਉਂਕਿ ਬਾਬਾ ਆਪਣਾ ਘੜਾ ਭਰਨ ਦੇ ਲਈ ਬੂੰਦ ਬੂੰਦ ਦੀ ਕੀਮਤ ਜਾਣਦੇ ਹਨ।

ਰਾਮਦੇਵ ਹਮੇਸ਼ਾ ਵਿਵਾਦਾਂ ਵਿੱਚ ਰਹੇ ਹਨ ਅਤੇ ਉਹਨਾਂ ਉੱਤੇ ਕਈ ਗੰਭੀਰ ਦੋਸ਼ ਵੀ ਹਨ। ਸਾਲ 2006 ਵਿੱਚ ਪਤੰਜਲੀ ਯੋਗਪੀਠ ਦੀ ਸਥਾਪਨਾ ਰਾਮਦੇਵ ਦੇ ਨਾਲ ਨਾਲ ਸ਼ੰਕਰਦੇਵ, ਭੂਪੇਂਦਰ ਸਿੰਘ ਠੱਕਰ, ਸਾਧਵੀ ਕਮਲਾ, ਜੀਵਰਾਜ ਪਟੇਲ ਅਤੇ ਬਾਲ ਕ੍ਰਿਸ਼ਨ ਨਾਂ ਦੇ ਲੋਕਾਂ ਨੇ ਮਿਲ ਕੇ ਕੀਤੀ ਸੀ। ਹਰਿਦੁਆਰ ਸਥਿਤ ਇਸ ਆਸ਼ਰਮ ਦੀ ਸਾਰੀ ਜ਼ਮੀਨ ਜਾਇਦਾਦ ਤਦ ਆਚਾਰੀਆ ਸ਼ੰਕਰਦੇਵ ਦੇ ਨਾਂ ਉੱਤੇ ਸੀ। ਸਾਲ 2006 ਤੋਂ ਪਹਿਲਾਂ ਤੱਕ ਇੱਥੇ ਗਰੀਬ ਲੋਕ ਆ ਕੇ ਰਿਹਾ ਅਤੇ ਠਹਿਰਿਆ ਕਰਦੇ ਸਨ। ਦੇਖਦੇ ਹੀ ਦੇਖਦੇ ਹੈਰਾਨੀ ਭਰੇ ਢੰਗ ਨਾਲ ਰਾਮਦੇਵ ਇਸ ਦਾ ਮੁਖੀਆ ਬਣ ਬੈਠਿਆ ਅਤੇ ਦੂਸਰੇ ਤਿੰਨ ਸਾਥੀਆਂ ਦਾ ਅੱਜ ਕਿਧਰੇ ਅਤਾਪਤਾ ਨਹੀਂ ਹੈ। ਰਾਮਦੇਵ ਦੀਆਂ ਕਾਰਗੁਜ਼ਾਰੀਆਂ ਤੋਂ ਦੁਖੀ ਆਚਾਰੀਆ ਕਰਮਵੀਰ ਤਿਆਗ ਪੱਤਰ ਦੇ ਕੇ ਗਾਇਬ ਹੋ ਗਏ ਤਾਂ ਬਾਅਦ ਵਿੱਚ ਸਾਧਵੀ ਕਮਲਾਂ ਨੂੰ ਜ਼ਬਰਦਸਤੀ ਆਸ਼ਰਮ ਤੋਂ ਭਜਾ ਦਿੱਤਾ ਗਿਆ ਹੈ। ਰਾਮਦੇਵ ਦੇ ਗੁਰੂ ਸ਼ੰਕਰਦੇਵ ਦੇ ਭੇਦਭਰੇ ਢੰਗ ਨਾਲ ਲਾਪਤਾ ਹੋਣ ਉੱਤੇ ਸੀ. ਬੀ. ਆਈ. ਜਾਂਚ ਚੱਲ ਰਹੀ ਹੈ।

ਥੋੜ੍ਹੇ ਸਾਲਾਂ ਵਿੱਚ ਹੀ ਯੋਗ ਦਾ ਪ੍ਰਚਾਰ ਪ੍ਰਸਾਰ ਕਰਦੇ ਕਰਦੇ ਰਮਦੇਵ ਕਾਫ਼ੀ ਧਨਾਢ, ਰਸੂਖਦਾਰ ਅਤੇ ਐਨੇ ਹਰਮਨ ਪਿਆਰੇ ਹੋ ਗਏ ਕਿ ਉਸ ਨਾਲ ਜੁੜੇ ਇਹਨਾਂ ਕਾਰਨਾਮਿਆਂ ਉੱਤੇ ਪਰਦਾ ਪੈ ਗਿਆ। ਪਰ ਰਾਮਦੇਵ ਨੂੰ ਪਤਾ ਸੀ ਅਤੇ ਪਤਾ ਹੈ ਕਿ ਪੁਰਾਣੇ ਪਾਪ ਕਦੇ ਵੀ ਸਿਰ ਚੁੱਕ ਸਕਦੇ ਹਨ। ਕਾਨੂੰਨ ਕਿਸੇ ਨੂੰ ਬਖਸ਼ਦਾ ਨਹੀਂ ਹੈ, ਇਸ ਲਈ ਉਸਨੇ ਪਹਿਲਾਂ ਸੋਨੀਆਂ ਗਾਂਧੀ ਨੂੰ ਪ੍ਰਭਾਵ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਪਰ ਉਹ ਝਾਂਸੇ ਵਿੱਚ ਨਹੀਂ ਆਈ ਤਾਂ ਬਚਾਓ ਦੇ ਲਈ ਉਹ ਨਰੇਂਦਰ ਮੋਦੀ ਦੇ ਮੁਰੀਦ ਚੇਲਾ ਹੋਣ ਦਾ ਉਹੋ ਜਿਹਾ ਹੀ ਸਵਾਂਗ ਕਰਨ ਵਿੱਚ ਲੱਗੇ ਹਨ, ਜਿਹੋ ਜਿਹਾ ਕਦੇ ਆਸ਼ਾ ਰਾਮ ਕਰਿਆ ਕਰਦੇ ਸਨ।

ਪ੍ਰਵਰਤਨ ਨਿਦੇਸ਼ਾਲਆ ਯਾਨੀ ਈ ਡੀ ਦੀ ਇੱਕ ਗੁਪਤ ਰਿਪੋਰਟ ਵਿੱਚ ਰਾਮਦੇਵ ਦੁਆਰਾ ਵਿਦੇਸ਼ਾਂ ਵਿੱਚ ਕੀਤੇ ਕਈ ਕਰੋੜਾਂ ਦੇ ਲੈਣ ਦੇਣ ਦਾ ਜ਼ਿਕਰ ਹੈ। ਇਸ ਰਿਪੋਰਟ ਦੇ ਅਨੁਸਾਰ, ਰਾਮਦੇਵ ਦੇ ਪੰਜ ਟਰੱਸਟਾਂ ਵਿੱਚੋਂ ਇੱਕ ਅਮਰੀਕਾ ਅਤੇ ਇੱਕ ਬ੍ਰਿਟੇਨ ਵਿੱਚ ਵੀ ਹੈ। ਵਿਦੇਸ਼ ਵਿੱਚ ਹੀ ਕਿਧਰੇ ਰਾਮਦੇਵ ਦਾ ਇੱਕ ਟਾਪੂ ਵੀ ਹੈ।

**ਦੋਸ਼ਾਂ ਨਾਲ ਘਿਰੇ ਰਾਮਦੇਵ :** ਈ ਡੀ ਦੀ ਰਿਪੋਰਟ ਦੇ ਅਨੁਸਾਰ, ਰਾਮਦੇਵ ਦੀ ਪਤੰਜਲੀ ਆਯੁਰਵੇਦਿਕ ਲਿਮਟਿਡ ਨੇ 2009 ਤੋਂ 2011 ਦੇ ਵਿਚਕਾਰ ਕੁਲ 20 ਕਰੋੜ ਰੁਪਏ ਸਾਮਾਨ ਵਿਦੇਸ਼ਾਂ ਤੋਂ ਮੰਗਵਾਇਆ। ਆਸਥਾ ਚੈਨਲ ਦਾ ਨਾਂ ਹਰ ਧਰਮਪ੍ਰੇਮੀ ਭਾਰਤੀ ਜਾਣਦਾ ਹੈ ਅਤੇ ਸ਼ਰਧਾਲੂ ਇਸਨੂੰ ਦੇਖਦੇ ਵੀ ਹਨ ਪਰ ਇਨ੍ਹਾਂ ਲੋਕਾਂ ਨੂੰ ਵੀ ਨਹੀਂ ਪਤਾ ਕਿ ਕਿਉਂ ਰਾਮਦੇਵ ਨੇ ਇਸ ਚੈਨਲ ਨੂੰ ਚਲਾਉਣ ਵਾਲੀ ਵੈਦਿਕ ਬਰੌਡਕਾਸਟਿੰਗ ਲਿਮਟਿਡ ਨੂੰ ਚਾਰ ਕਰੋੜ ਰੁਪਏ ਤੋਂ ਵੀ ਵੱਧ ਦੀ ਰਕਮ ਭੇਜੀ ਸੀ। ਇਹ ਰਕਮ ਪਤੰਜਲੀ ਆਯੁਰਵੇਦ ਨੇ ਭਾਰਤੀਆ ਨਿਵੇਸ਼ ਅਤੇ ਪਰਾਮਰਸ਼ ਸ਼ੁਲਕ ਨਾਂ ਤੋਂ ਭੇਜੀ ਸੀ। ਇਸ ਵਿੱਚੋਂ ਕੁਝ ਕਾਰੋਬਾਰੀ, ਤਕਨੀਕੀ ਸ਼ੁਲਕ (ਚੁੰਗੀ, ਕਰ, ਕਿਰਾਇਆ, ਮੁੱਲ;) ਦੇ ਨਾਂ ਨਾਲ ਵੀ ਭੇਜੀ ਗਈ ਹੈ।

ਇਹ ਲਿਖਣ ਯੋਗ ਹੈ ਕਿ ਵੇਦਿਕ ਬਰੌਡਕਾਸਟਿੰਗ ਦਾ ਸੰਚਾਲਨ ਰਾਮਦੇਵ ਦੇ ਸੱਜੇ ਹੱਥ ਅਚਾਰੀਆ ਬਾਲ ਕ੍ਰਿਸ਼ਨ ਜੀ ਕਰਦੇ ਹਨ। ਇੱਥੇ ਗੁੱਥੀ ਏਨੀ ਜਿਹੀ ਹੈ ਕਿ ਜਦ ਘੀ ਖਿਚੜੀ ਵਿੱਚ ਹੀ ਜਾਣਾ ਸੀ ਯਾਨੀ ਪੈਸਾ ਆਪਣੇ ਪਾਸ ਹੀ ਰਹਿਣਾ ਸੀ ਤਾਂ ਉਸਨੂੰ ਡਾਲਰ ਅਤੇ ਪੌਂਡ ਵਿੱਚ ਤਬਦੀਲ ਕਰਨ ਦੀ ਕੀ ਜ਼ਰੂਰਤ ਸੀ ?

ਇਸ ਤੋਂ ਪਹਿਲਾਂ ਉਤਰਾਖੰਡ ਦੇ ਵਿਕਰੀ ਟੈਕਸ ਵਿਭਾਗ ਨੇ ਰਾਮਦੇਵ ਦੀ ਹਰਿਦੁਆਰ ਵਿੱਚ ਲੱਕਸਰ ਸਥਿਤ ਪਤੰਜਲੀ ਆਯੁਰਵੇਦ ਲਿਮਟਿਡ ਤੋਂ ਦਵਾਈਆਂ ਨਾਲ ਭਰੇ ਕਈ ਟਰੱਕ ਪਕੜੇ ਸਨ ਜਿਹਨਾਂ ਨੂੰ ਬਿਨਾਂ ਟੈਕਸ ਦਿੱਤੇ ਲੈ ਜਾਇਆ ਜਾ ਰਿਹਾ ਸੀ। ਟੈਕਸ ਚੋਰੀ ਦੇ ਮਾਮਲੇ ਵਿੱਚ ਵੀ ਰਾਮਦੇਵ ਦੀਆਂ ਕੰਪਨੀਆਂ ਅੱਵਲ ਹਨ, ਅਜਿਹੇ ਕਈ ਮਾਮਲੇ ਉਜਾਗਰ ਹੋਏ ਹਨ ਜਿਹਨਾਂ ਵਿੱਚ ਵਰਤਣ ਯੋਗ ਉਸ ਦੀ ਦਿਵਯ ਫਾਰਮੇਸੀ ਉੱਤੇ 5 ਕਰੋੜ ਰੁਪਏ ਟੈਕਸ ਚੋਰੀ ਦਾ ਦੋਸ਼ ਹੈ ਜਿਸ ਦੀ ਜਾਂਚ ਚੱਲ ਰਹੀ ਹੈ।

**ਅਸੀਂ ਕਦੋਂ ਸਾਵਧਾਨ ਹੋਵਾਂਗੇ :** ਵੱਡੀ ਇੱਛਾ ਰੱਖਦੇ ਹੋਏ ਰਾਮਦੇਵ ਨੇ ਆਪਣਾ ਵਪਾਰ ਵਧਾਉਣ ਦੇ ਲਈ ਅਮਰੀਕਾ ਦੀ ਮਸ਼ਹੂਰ ਮਲਟੀਨੈਸ਼ਨਲ ਪੈਕੇਜਿੰਗ ਕੰਪਨੀ ਟਰੇਟਾ ਨਾਲ ਵੀ ਕਰਾਰ ਕੀਤਾ ਹੈ। ਹਾਲ ਦੀ ਘੜੀ ਇਸ ਕਰਾਰ ਦੇ ਤਹਿਤ, ਆਂਵਲਾ, ਕੋਲਡ ਡਰਿੰਕ ਬਾਬੇ ਦੀਆਂ ਦੁਕਾਨਾਂ ਤੋਂ ਵੇਚਿਆ ਜਾ ਰਿਹਾ ਹੈ ਪਰ ਜਲਦੀ ਹੀ ਸਾਰੇ ਫ਼ਲਾਂ ਦਾ ਰਸ ਵੇਚਿਆ ਜਾਵੇਗਾ। ਯੋਗ ਦੀ ਸੱਚਾਈ ਵਾਂਗ ਸਵਦੇਸ਼ੀ (ਅਪਣੇ ਦੇਸ਼ ਦੀ) ਦੇ ਨਾਂ ਉੱਤੇ ਰਾਮਦੇਵ ਨੇ ਲੋਕਾਂ ਨਾਲ ਛਲ ਹੀ ਕੀਤਾ ਹੈ।

ਇਹਨਾਂ ਸਾਰੇ ਸਮਝੌਤਿਆਂ ਅਤੇ ਲਿਖਾਪੜ੍ਹੀ ਵਿੱਚ ਰਾਮਦੇਵ ਦੀਆਂ ਕੰਪਨੀਆਂ ਤਾਂ ਹਨ ਪ੍ਰੰਤੂ ਆਪਣੇ ਆਪ ਨੂੰ ਉਸਨੇ ਕਾਨੂੰਨੀ ਅਤੇ ਤਕਨੀਕੀ ਤੌਰ ’ਤੇ ਦੂਰ ਰੱਖਿਆ ਹੈ ਕਿਉਂਕਿ ਉਹ ਜਾਣਦੇ ਹਨ ਕਿ ਬਿਜਲੀ ਕਦੇ ਵੀ ਗਿਰ ਸਕਦੀ ਹੈ।

ਰਾਮਦੇਵ ਬਿਨਾਂ ਸ਼ੱਕ ਖਰਬਪਤੀ ਹੈ ਪਰ ਯੋਗ ਨਾਲ ਨਹੀਂ, ਵਪਾਰ ਦੇ ਦਮ ਉੱਤੇ ਹੈ। ਭਵਿੱਖ ਵਿੱਚ ਕਾਨੂੰਨੀ ਸ਼ਿਕੰਜੇ ਤੋਂ ਬਚਣ ਦੇ ਲਈ ਉਹ ਚਾਹੁੰਦੇ ਹਨ ਕਿ ਨਰੇਂਦਰ ਮੋਦੀ ਪ੍ਰਧਾਨ ਮੰਤਰੀ ਬਣ ਜਾਵੇ।

ਦਰਅਸਲ, ਸਾਡੇ ਦੇਸ਼ ਦੇ ਲੋਕਾਂ ਦੀ ਕਮਜ਼ੋਰੀ ਹੈ ਕਿ ਜਿਹੜਾ ‘ਬਾਬਾ’ ਇਸ਼ਤਿਹਾਰ ਅਤੇ ਮੀਡੀਆ ਦੇ ਪ੍ਰਚਾਰ ਦੇ ਜ਼ਰੀਏ ਹਰਮਨ ਪਿਆਰਾ ਹੋਣ ਲਗਦਾ ਹੈ, ਉਸਨੂੰ ਮਹਾਨ ਸੰਤ ਜਾਂ ਤਪੱਸਵੀ ਵਾਂਗ ਪੂਜਦੇ ਹੋਏ ਉਹਨੂੰ ਸਿਰ ਉੱਤੇ ਬੈਠਾ ਲੈਂਦੇ ਹਨ ਅਤੇ ਸੱਚਾਈ ਜਦ ਵੱਡੇ ਪੈਮਾਨੇ ’ਤੇ ਖੁੱਲ੍ਹ ਕੇ ਸਾਹਮਣੇ ਆਉਂਦੀ ਹੈ ਤਾਂ ਬਜਾਏ ਸਬਕ ਲੈਣ ਦੇ, ਕੋਈ ਦੂਜਾ ‘ਬਾਬਾ’ ਪੈਦਾ ਕਰ ਕੇ ਉਸਨੂੰ ਹੀਰੋ ਬਣਾ ਲੈਂਦੇ ਹਨ। ਆਸਾਰਾਮ ਅਤੇ ਉਸਦੇ ਪੁੱਤਰ ਨਾਰਾਇਣ ਸਾਈਂ ਦਾ ਸੱਚ ਸਾਹਮਣੇ ਹੈ। ਗ੍ਰਿਫਤਾਰੀ ਤੋਂ ਪਹਿਲਾਂ ਉਸ ਦਾ ਇਹ ਸੱਚ ਕੋਈ ਕਹਿੰਦਾ ਤਾਂ ਉਸਨੂੰ ਝੂਠਾ, ਨਾਸਤਕ, ਧਰਮ ਅਤੇ ਸੰਸਕ੍ਰਿਤੀ ਦਾ ਦੁਸ਼ਮਣ ਕਰਾਰ ਦੇ ਦਿੱਤਾ ਜਾਣਾ ਸੀ।

ਆਪਣੀ ਮਿਹਨਤ ਦੀ ਕਮਾਈ ਧਰਮ ਦੇ ਨਾਂ ’ਤੇ ਬਾਬਿਆਂ, ਉਹਨਾਂ ਦੇ ਉਤਪਾਦਾਂ ਅਤੇ ਦਵਾਈਆਂ ਉੱਤੇ ਜਦ ਤੱਕ ਲੋਕ ਲੁਟਾਉਂਦੇ ਰਹਿਣਗੇ ਤਦ ਤੱਕ ਜ਼ਰੂਰ ਲੋਕਤੰਤਰ ਅਤੇ ਸੰਸਕ੍ਰਿਤੀ ਖ਼ਤਰੇ ਵਿੱਚ ਰਹੇਗੀ। ਅਤੇ ਧਰਮ ਦਾ ਵਪਾਰੀ ਚਿਹਰਾ ਚਮਕਦਾ, ਦਮਕਦਾ ਅਤੇ ਗਰਜਦਾ ਰਹੇਗਾ।

**ਧੰਨਵਾਦ ਸਹਿਤ ਮੈਗਜੀਨ ‘ਸਰਿਤਾ’ ਜਨਵਰੀ (ਦੂਜਾ) 2014**

ਕਾਵਿ ਵਿਅੰਗ

**ਸਸਤੇ ਬੋਲ/** – **ਪ੍ਰਿੰ: ਨਵਰਾਹੀ ਘੁਗਿਆਣਵੀ**

ਸਸਤੇ ਬੋਲ ਕੁਚੱਜੀਆਂ ਹਰਕਤਾਂ ਨੂੰ,
ਅਸੀਂ ਗੀਤ ਸੰਗੀਤ ਨਹੀਂ ਕਹਿ ਸਕਦੇ।
ਦੱਸੋ, ਓਸ ਮਨੋਰੰਜਨ ਦਾ ਕੀ ਫਾਇਦਾ,
ਭੈਣ, ਭਾਈ ਇੱਕ ਜਗ੍ਹਾ ਨਹੀਂ ਬਹਿ ਸਕਦੇ।
ਹੱਦ ਹੁੰਦੀ ਏ ਹਰ ਗੱਲ ਦੀ ਹੀ,
ਹੱਦ ਲੰਘੀਏ, ਲੋਕ ਨਹੀਂ ਸਹਿ ਸਕਦੇ।
ਕੋਈ ਕਹੇ ਤੁਹਾਨੂੰ ਨਾ ਕਹੇ ਬੇਸ਼ਕ,
ਅਸੀਂ ਆਖੇ ਬਗ਼ੈਰ ਨਹੀਂ ਰਹਿ ਸਕਦੇ।

**ਕਾਵਿ ਵਿੰਅਗ/** –**ਹਰਮਿੰਦਰ ਭੱਟ**

ਮਨ ਵਿਚ ਭੋਰਾ ਚੈਨ ਨਾ , ਤਨ ਭਰਿਆ ਗਰਦ ਦੇ ਨਾਲ ,
ਮਿਹਨਤ ਵੀ ਹੱਡਾ ਨੂੰ ਤੋੜਨੀ, ਭੋਰ ਭੋਰ ਖਾਵੇ ਜਾਨ,
ਇੱਕ ਜਾਣਾ ਟੱਬਰ ਪਾਲਦਾ, ਪਰ ਭੋਰਾ ਨਹੀ ਗੁਮਾਨ,
ਘਿਉ ਦਾਲਾਂ ਤੇ ਚੀਨੀ , ਜੋ ਚੜਦੀ ਰਹੇ ਅਸਮਾਨ,
ਪਰ ਭੋਰਾ ਦਰਦ ਨਾ ਜਾਣਦੇ, ਇਹ ਸਾਡੇ ਜੋ ਸਰਤਾਜ,
ਸਿਰਫ ਵੋਟਾਂ ਵੇਲੇ ਹੀ ਚਮਕਦੇ, ਕੀ ਇਹ ਰਹਿੰਦੇ ਵਿੱਚ ਜਹਾਨ,
24 ਘੰਟੇ ਬਿਜਲੀ ਆਵੇ ਕੁਝ ਪਲ, ਭੱਟ ਕਹਿ ਜੀ ਹਜੂਰ,
ਥਕਿਆ ਮਜਦੂਰ ਇੰਝ ਸੌਂਦਾ, ਜਿਵੇ ਰਾਜਾ ਵਿੱਚ ਸੂਰ,
ਥਕਿਆ ਮਜਦੂਰ ਇੰਝ ਸੌਂਦਾਂ, ਜਿਵੇ ਰਾਜਾ ਵਿੱਚ ਸੂਰ,

**ਰੁਬਾਈ**/ – **ਬਿਸਮਿਲ ਫਰੀਦਕੋਟੀ**

ਅੰਨ੍ਹੇ ਦਿਆਂ ਨੈਣਾਂ ’ਚ ਖੁਮਾਰ ਆਇਆ ਏ!
ਗੰਜੀ ਨੂੰ ਵੀ ਕੰਘੀ ’ਤੇ ਪਿਆਰ ਆਇਆ ਏ!
ਵੇਚੇ ਸੀ ਜਿੰਨ੍ਹਾਂ ਆਪਣੇ ਸ਼ਹੀਦਾਂ ਦੇ ਕਫ਼ਨ!
ਉਨ੍ਹਾਂ ਦਾ ਵਜ਼ੀਰਾਂ ’ਚ ਸ਼ੁਮਾਰ ਆਇਆ ਏ!

ਹੱਕ ਸੱਚ ਦੀ ਪ੍ਰਭਾਤ ਬਣੇ ਫਿਰਦੇ ਨੇ!
ਪੀਰਾਂ ਦੀ ਕਰਾਮਾਤ ਬਣੇ ਫਿਰਦੇ ਨੇ!
ਸਰਮਾਏ ਦੇ ਜਾਦੂ ਦਾ ਤਮਾਸ਼ਾ ਵੇਖੋ!
ਜਲਾਦ ਵੀ ਸ਼ੁਕਰਾਤ ਬਣੇ ਫਿਰਦੇ ਨੇ!



ਮੇਘ ਰਾਜ ਮਿੱਤਰ
ਫੋਨ ਨੰ: 98887-87440

# ਅਸੀਂ ਸਾਡੇ ਲੋਕਾਂ ਨੂੰ ਵਿਗਿਆਨ ਕਿਵੇਂ ਸਿਖਾਈ ?



ਅਸੀਂਵੇ ਦਹਾਕੇ ਵਿੱਚ ਪੰਜਾਬ ਦੀ ਹਾਲਤਾਂ ਦਾ ਅੰਦਾਜਾ ਤੁਸੀਂ ਮੇਰੇ ਅੱਖੀ ਵਾਪਰੀਆਂ ਦੋ ਘਟਨਾਵਾਂ ਤੋਂ ਲਾ ਸਕਦੇ ਹੋ। ਮੇਰੇ ਬੇਟੇ ਦੇ ਸਕੂਟਰ ਦਾ ਐਕਸੀਡੈਂਟ ਹੋ ਗਿਆ, ਉਸਦੇ ਸਿਰ ਵਿੱਚ ਕੁੱਝ ਟਾਂਕੇ ਲੱਗਣੇ ਸਨ। ਉਸਨੂੰ ਲੈ ਕੇ ਮੈਂ ਹਸਪਤਾਲ ਗਿਆ ਤਾਂ ਇੱਕ ਵਿਅਕਤੀ ਆਪਣੀ ਪਤਨੀ ਲੈ ਕੇ ਆ ਗਿਆ ਜਿਸਦਾ ਮੂੰਹ ਮੱਥੇ ਤੋਂ ਖ਼ੂਨ ਦੀਆਂ ਤਤੀਰੀਆਂ ਵਗ ਰਹੀਆਂ ਸਨ। ਮੈਂ ਉਸ ਇਸਤਰੀ ਦੇ ਘਰ ਵਾਲੇ ਨੂੰ ਪੁੱਛਿਆ ਇਸਦੇ ਸੱਟ ਕਿਵੇਂ ਲੱਗੀ? ਉਹ ਕਹਿਣ ਲੱਗਿਆ "ਇਹ ਮੇਰੇ ਸਕੂਟਰ ਦੇ ਪਿੱਛੇ ਬੈਠੀ ਸੀ, ਕੋਲ ਦੀ ਨਿਕਲ ਰਹੇ ਇੱਕ ਸਾਈਕਲ ਦੇ ਟਾਇਰ ਦਾ ਪਟਾਕਾ ਪੈ ਗਿਆ। ਮੇਰੀ ਪਤਨੀ ਨੇ ਸਕੂਟਰ ਤੋਂ ਛਾਲ ਮਾਰ ਦਿੱਤੀ ਕਹਿਣ ਲੱਗੀ ਖਾੜਕੂਆਂ ਨੇ ਗੋਲੀ ਚਲਾ ਦਿੱਤੀ ਹੈ।" ਇਸ ਤਰ੍ਹਾਂ ਕਹਿੰਦੀ ਇਹ ਸੜਕ ਤੇ ਮੂਧੇ ਮੂੰਹ ਡਿੱਗ ਪਈ।

ਦੂਸਰੀ ਘਟਨਾ ਐਸ. ਡੀ. ਕਾਲੇਜ ਬਰਨਾਲਾ ਦੇ ਸਾਹਮਣੇ ਚਾਹਪਾਣੀ ਦੀ ਦੁਕਾਨ ਕਰਦੇ ਹੰਸ ਰਾਜ ਦੀ ਹੈ। ਅੱਤਵਾਦੀਆਂ ਨੇ ਐਤਵਾਰ ਨੂੰ ਵੀ ਬੰਦ ਦਾ ਸੱਦਾ ਦਿੱਤਾ ਹੋਇਆ ਸੀ। ਹੰਸ ਰਾਜ ਨੇ ਉਸ ਦਿਨ ਦੁਕਾਨ ਖੁੱਲ੍ਹੀ ਰੱਖੀ ਹੋਈ ਸੀ। ਸਾਮ ਨੂੰ ਬਿਜਲੀ ਨਾ ਹੋਣ ਕਾਰਨ ਕੁੱਝ ਬਿਜਲੀ ਠੀਕ ਕਰਨ ਵਾਲੇ ਮਿਸਤਰੀ ਟਾਰਚਾਂ ਲਈ ਫਿਰਦੇ ਸਨ। ਹੰਸੇ ਨੇ ਸਮਝਿਆ ਕਿ ਅੱਤਵਾਦੀ ਆ ਗਏ ਹਨ ਤੇ ਉਸਨੇ ਆਪਣੇ ਘਰ ਦੀਆਂ ਪੌੜੀਆਂ ਚੜ੍ਹ ਕੇ ਗੁਆਂਢੀਆਂ ਦੇ ਕੋਠੇ ਤੇ ਛਾਲ ਮਾਰ ਦਿੱਤੀ ਹਰੇਕ ਗੁਆਂਢੀ ਉਸਨੂੰ ਇਹ ਕਹਿ ਰਿਹਾ ਸੀ "ਕਿ ਹੰਸਿਆ ਹੁਣ ਤੂੰ ਸਾਨੂੰ ਮਰਵਾਉਣਾ ਚਾਹੁੰਦਾ ਹੈ।" ਕਿਸੇ ਨੇ ਉਸਨੂੰ ਪਨਾਹ ਨਾ ਦਿੱਤੀ। ਉਪਰੋਕਤ ਦੋਵੇਂ ਘਟਨਾ ਸਪਸ਼ਟ ਕਰਦੀਆਂ ਹਨ ਕਿ ਲੋਕ ਕਿਵੇਂ ਡਰੇ ਹੋਏ ਸਨ। ਹਰ ਰੋਜ਼ ਪੰਜ ਸੱਤ ਲਾਸ਼ਾਂ ਪੰਜਾਬ ਦੇ ਹਰ ਸ਼ਹਿਰ ਪੋਸਟਮਾਰਟਮ ਲਈ ਆ ਰਹੀਆਂ ਸਨ, ਇਹਨਾਂ ਵਿੱਚੋਂ ਕੁੱਝ ਅੱਤਵਾਦੀਆਂ ਵੱਲੋਂ ਮਾਰੇ ਗਏ ਹਿੰਦੂਆਂ ਦੀਆਂ ਹੁੰਦੀਆਂ ਸਨ ਤੇ ਕੁੱਝ ਪੁਲੀਸ ਵਾਲਿਆਂ ਵੱਲੋਂ ਮਾਰੇ ਅੱਤਵਾਦੀਆਂ ਦੀਆਂ। ਸਾਡੇ ਆਲੇ-ਦੁਆਲੇ ਦੇ ਬਹੁਤ ਸਾਰੇ ਲੋਕਾਂ ਨੇ ਪੰਜਾਬ ਛੱਡ ਕੇ ਹਰਿਆਣੇ ਦੇ ਸ਼ਹਿਰਾਂ ਅੰਬਾਲੇ, ਪਾਨੀਪਤ, ਤੇ ਸਰਸੇ ਵਿੱਖੇ ਆਪਣੀ ਰਹਾਇਸ ਕਰ ਲਈ ਸੀ।

ਅਸੀਂ ਬਰਨਾਲੇ ਦੇ ਕੁੱਝ ਨੌਜਵਾਨਾਂ ਨੇ ਇਨ੍ਹਾਂ ਹਾਲਤਾਂ ਨੂੰ ਮੋੜਾ ਦੇਣ ਲਈ ਕੁੱਝ ਯੋਗਦਾਨ ਪਾਉਣ ਦਾ ਮਨ ਬਣਾਇਆ, ਇਹਨਾਂ ਹੀ ਦਿਨਾਂ ਵਿੱਚ ਸਾਨੂੰ ਸ੍ਰੀ ਲੰਕਾ ਦੇ ਡਾਕਟਰ ਇਬਰਾਹਮ. ਟੀ. ਕੋਵੂਰ ਦੀ ਲਿਖੀ ਕਿਤਾਬ Begone Godmen ਮਿਲ ਗਈ। ਇਸ ਕਿਤਾਬ ਨੇ ਸਾਡੇ ਮਨਾਂ ਤੇ ਰਹਿੰਦੀ ਥੋੜੀ ਬਹੁਤ ਧੂੜ ਨੂੰ ਵੀ ਸਾਫ ਕਰ ਦਿੱਤਾ। ਏ. ਕੇ ਸੰਤਾਲੀਆਂ ਦਾ ਮੁਕਾਬਲਾ ਕਰਨ ਲਈ ਸਾਡੇ ਕੋਲ ਇਸ ਕਿਤਾਬ ਦੇ ਰੂਪ ਵਿੱਚ ਇੱਕ ਬੇਹਤਰੀਨ ਹਥਿਆਰ ਆ ਗਿਆ, ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ, ਇਸ ਸਬੰਧੀ ਸਾਡੀ ਪਹਿਲੀ ਮੀਟਿੰਗ ਮੇਰੇ ਘਰ ਹੀ ਤਿੰਨ ਜੂਨ ਉਨੀ ਸੌ ਚੁਰਾਸੀ ਨੂੰ ਹੋਈ ਜੋ ਪੰਜਾਬ ਵਿੱਚ ਕਰਫਿਊ ਲੱਗਣ ਕਾਰਨ ਸਾਨੂੰ ਅੱਧ ਵਿਚਾਲੇ ਹੀ



ਛੱਡਣੀ ਪਈ।

ਉਹਨੀ ਦਿਨੀ ਮੇਰੀ ਘਰਵਾਲੀ ਮੈਨੂੰ ਅਕਸਰ ਹੀ "ਪਾਗਲ" ਕਹਿ ਦਿੰਦੀ ਸੀ ਜਦੋਂ ਮੈਂ ਉਸਨੂੰ ਪੁੱਛਦਾ ਕਿ ਮੈਂ ਪਾਗਲ ਕਿਵੇਂ ਹਾਂ ਤਾਂ ਉਸਨੇ ਕਹਿਣਾ "ਜਿਸ ਗੱਲ ਦੀ ਧੁੰਨ ਤੁਹਾਡੇ ਤੇ ਸਵਾਰ ਹੋ ਜਾਂਦੀ ਹੈ, ਤੁਸੀਂ ਉਸਦਾ ਖਹਿੜਾ ਹੀ ਛੱਡਦੇ ਨਹੀਂ। ਅੱਜ ਕੱਲ ਤੁਹਾਡੇ ਉਪਰ ਕਿਤਾਬ ਦੀ ਧੁੰਨ ਸਵਾਰ ਹੋਈ ਹੈ।"

ਪਹਿਲੀ ਮੀਟਿੰਗ ਵਿੱਚ ਹੀ ਅਸੀਂ ਇਸ ਸਿੱਟੇ ਤੇ ਪੁੱਜ ਗਏ ਸਾਂ ਕਿ ਪ੍ਰਮਾਤਮਾ ਦੀ ਕੋਈ ਹੋਂਦ ਨਹੀਂ ਤੇ ਧਰਮ ਲੋਕਾਂ ਨੂੰ ਕੰਟਰੋਲ ਕਰਨ ਲਈ ਸਿਆਸਤਦਾਨਾਂ ਦਾ ਇੱਕ ਸੰਦ ਹੈ। ਪਰ ਹਾਲਤਾਂ ਹੀ ਅਜਿਹੀਆਂ ਸਨ ਕਿ ਅਸੀਂ ਇਹ ਇਸ ਰੂਪ ਵਿੱਚ ਕਹਿ ਹੀ ਨਹੀਂ ਸਕਦੇ ਸਾਂ, ਸੋ ਅਸੀਂ ਫੈਸਲਾ ਕੀਤਾ ਕਿ ਸਾਡੇ ਲਈ ਸਾਡਾ 'ਰੱਬ' ਸਾਡੇ ਲੋਕ ਹੋਣਗੇ ਅਤੇ ਸਾਡੇ ਲੋਕਾਂ ਨੂੰ ਵਿਗਿਆਨ ਸਿਖਾਉਣਾ ਹੀ ਸਾਡਾ 'ਧਰਮ' ਹੋਵੇਗਾ।

ਤਰਕਸ਼ੀਲ ਲਹਿਰ ਦੇ ਪ੍ਰਚਾਰ ਵਿੱਚ ਮੇਰੇ ਵਿਅਕਤੀਗਤ ਸਹਿਚਾਰ ਦਾ ਰੋਲ ਵੀ ਬਹੁਤ ਵੱਡਾ ਰਿਹਾ ਹੈ। ਬੇਰੁਜਗਾਰ ਟੀਚਰਜ ਯੂਨੀਅਨ, ਪੰਜਾਬ ਵਿੱਚ ਸੱਭ ਤੋਂ ਪਹਿਲਾਂ ਉਸ ਸਮੇਂ ਦੇ ਜਿਲ੍ਹਾ ਸੰਗਰੂਰ ਦੇ ਬਲਾਕ ਮਹਿਲ ਕਲਾਂ ਵਿੱਚ ਮੇਰੇ ਯਤਨਾਂ ਨਾਲ ਹੀ ਹੋਂਦ ਵਿੱਚ ਆਈ ਸੀ ਜਿਸਦਾ ਮੈਂ ਪਹਿਲਾ ਪ੍ਰਧਾਨ ਸਾਂ। ਗੌਰ ਮਿੰਟ ਟੀਚਰ ਯੂਨੀਅਨ ਦੇ ਇੱਕ ਧੜੇ ਜਿਸਨੂੰ ਉਹਨਾਂ ਦਿਨਾਂ ਵਿੱਚ ਬਲਾਕ ਲੰਬੀ ਦਾ ਨਾਂ ਦਿੱਤਾ ਜਾਂਦਾ ਸੀ ਉਸ ਵਿੱਚ ਵੀ ਮੇਰੀ ਸਰਗਰਮ ਸਮੂਲੀਅਤ ਸੀ, ਉਂਝ ਵੀ ਮੈਂ ਗੁਪਤ ਤੌਰ ਤੇ ਉਸ ਸਮੇਂ ਦੀ ਕਮਿਊਨਿਸ਼ਟ ਜਥੇਬੰਦੀ ਨਾਗਾਰੇਡੀ ਧਿਰ ਨਾਲ ਸਿਆਸੀ ਤੌਰ ਤੇ ਸਰਗਰਮ ਸਾਂ। ਇਸ ਲਈ ਮੇਰਾ ਕੰਮ ਸਿਰਫ ਬਰਨਾਲੇ ਤੱਕ ਹੀ ਸੀਮਤ ਨਹੀਂ ਸੀ। ਸਮੁੱਚੇ ਪੰਜਾਬ ਦੇ ਲੋਕ ਆਗੂ ਮੇਰੇ ਨਾਲ ਸੰਪਰਕ ਰੱਖਦੇ ਸਨ, ਇਹ ਸਾਰਾ ਤਾਣਾ ਬਾਣਾ ਤਰਕਸ਼ੀਲ ਲਹਿਰ ਨੂੰ ਫੈਲਾਉਣ ਵਿੱਚ ਬਹੁਤ ਸਹਾਈ ਹੋਇਆ।

ਲੋਕਾਂ ਤੋਂ ਸਿੱਖਣ ਲਈ ਤੇ ਉਹਨਾਂ ਨੂੰ ਸਿਖਾਉਣ ਲਈ ਅਸੀਂ ਲੋਕਾਂ ਦੇ ਰੂ-ਬਰੂ ਹੋਣ ਦੇ ਢੰਗ ਤਰੀਕੇ ਖੋਜਣ ਲੱਗੇ। ਕਿਤਾਬ ...ਤੇ ਦੇਵ ਪੁਰਸ਼

ਹਾਰ ਗਏ ਅਸੀਂ ਪੰਜਾਬੀ ਵਿੱਚ ਛਾਪ ਲਈ ਸੀ ਬਹੁਤ ਸਾਰੇ ਲੋਕ ਇਸ ਕਿਤਾਬ ਨੂੰ ਪੜ ਕੇ ਸਾਡੇ ਨਾਲ ਸੰਪਰਕ ਕਰਨ ਲੱਗ ਪਏ, ਹਰੇਕ ਆਉਣ ਵਾਲਾ ਵਿਅਕਤੀ ਸਾਨੂੰ ਕੁੱਝ ਸਿਖਾਉਂਦਾ ਤੇ ਸਾਥੋਂ ਕੁੱਝ ਸਿੱਖ ਕੇ ਵੀ ਜਾਂਦਾ। ਉਹਨਾਂ ਦਿਨੀਂ ਅਖਬਾਰਾਂ ਵਿੱਚ ਪੁਨਰਜਨਮ ਦੀਆਂ ਖਬਰਾਂ ਸੁਰਖੀਆਂ ਲਾ ਕੇ ਛਾਪੀਆਂ ਜਾਂਦੀਆਂ। ਇਹਨਾਂ ਖਬਰਾਂ ਦੀ ਪੜਤਾਲ ਲਈ ਆਪਣੀਆਂ ਟੀਮਾਂ ਨੂੰ ਭੇਜਕੇ ਅਸੀਂ ਇਹਨਾਂ ਗੱਲਾਂ ਪਿੱਛੇ ਛੁਪੇ ਸੁਆਰਥਾਂ ਨੂੰ ਲੱਭਦੇ ਅਤੇ ਲੀਫਲੈਟਾਂ ਜਾਂ ਅਖਬਾਰੀ ਖ਼ਬਰਾਂ ਰਾਹੀਂ ਲੋਕਾਂ ਨੂੰ ਦੱਸਦੇ ਕਿ ਸਰੀਰ ਵਿੱਚ ਆਤਮਾ ਨਹੀਂ ਹੁੰਦੀ, ਉਂਝ ਵੀ ਇਹ ਗੱਲ ਸਪੱਸ਼ਟ ਕੀਤੀ ਜਾਂਦੀ ਕਿ ਕੋਈ ਵੀ ਗਿਆਨ, ਜਾਣਕਾਰੀ ਜਾਂ ਚੇਤਨਾ ਕਿਸੇ ਪਦਾਰਥ ਵਿੱਚ ਹੀ ਰਹਿ ਸਕਦੀ ਹੈ, ਗਤੀ ਕਰ ਸਕਦੀ ਹੈ ਪਦਾਰਥ ਤੋਂ ਬਗੈਰ ਇਸ ਦੀ ਕੋਈ ਹੋਂਦ ਜਾਂ ਗਤੀ ਹੋ ਹੀ ਨਹੀਂ ਸਕਦੀ। ਆਤਮਾ ਦਾ ਕੋਈ ਆਕਾਰ, ਭਾਰ ਜਾਂ ਆਇਤਨ ਹੀ ਨਹੀਂ ਫਿਰ ਇਹ ਪਦਾਰਥ ਕਿਵੇਂ ਹੋ ਸਕਦੀ ਹੈ। ਵਿਗਿਆਨ ਅਨੁਸਾਰ ਤਾਂ ਪਦਾਰਥ ਉਹ ਹੀ ਹੋ ਸਕਦਾ ਹੈ ਜਿਸਦਾ ਭਾਰ, ਆਕਾਰ, ਆਇਤਨ ਹੋਵੇ। ਸੋ ਵਿਗਿਆਨਕ ਨਿਯਮਾਂ ਅਨੁਸਾਰ ਇਸਦੀ ਹੋਂਦ ਸੰਭਵ ਹੀ ਨਹੀਂ। ਫਿਰ ਲੋਕ ਹੀ ਸਾਨੂੰ ਕਹਿੰਦੇ ਕਿ ਜੇ ਪੁਨਰਜਨਮ ਹੁੰਦਾ ਹੀ ਨਹੀਂ ਫਿਰ ਤੁਸੀਂ ਆਪਣਾ ਤੇ ਆਪਣੇ ਪ੍ਰੀਵਾਰਾਂ ਦਾ ਮਰਨ ਤੋਂ ਬਾਅਦ ਸਸਕਾਰ ਕਿਸ ਢੰਗ ਨਾਲ ਕਰੋਗੇ ? ਸੋ ਇਹਨਾਂ ਗੱਲਾਂ ਦਾ ਜੁਆਬ ਸਾਡੇ ਮੈਂਬਰਾਂ ਦੁਆਰਾ ਸਰੀਰਦਾਨ ਕਰਨ ਦੇ ਪ੍ਰਣ ਪੱਤਰ ਭਰਨ ਦੇ ਰੂਪ ਵਿੱਚ ਨਿਕਲਿਆ। ਇਸ ਤਰ੍ਹਾਂ ਸਾਡੀ ਸੰਸਥਾ ਦੀ ਅਗਵਾਈ ਵਿੱਚ ਸਰੀਰਦਾਨ, ਅੰਗਦਾਨ, ਖ਼ੂਨਦਾਨ, ਤੇ ਅੱਖਦਾਨ ਦੀਆਂ ਮੁਹਿੰਮਾਂ ਸ਼ੁਰੂ ਕੀਤੀਆਂ ਜਾਣ ਲੱਗ ਪਈਆਂ, ਅੱਜ ਪੰਜਾਬ ਵਿੱਚ ਲੋਕ ਵੱਡੀ ਮਾਤਰਾ ਵਿੱਚ ਅਜਿਹੇ ਦਾਨ ਜੇ ਕਰ ਰਹੇ ਹਨ ਤਾਂ ਤਰਕਸ਼ੀਲ ਸੁਸਾਇਟੀ ਦਾ ਯੋਗਦਾਨ ਸਭ ਤੋਂ ਵੱਡਾ ਹੈ। ਮੇਰੇ ਪਿਤਾ ਜੀ ਦੀ ਮੌਤ 93 ਸਾਲ ਦੀ ਉਮਰ 2006 ਵਿੱਚ ਹੋ ਗਈ ਸੀ ਤੇ ਉਹਨਾਂ ਦੀ ਵਸੀਅਤ ਅਨੁਸਾਰ ਅਸੀਂ ਉਹਨਾਂ ਦਾ ਸ਼ਰੀਰ ਦਿਆਨੰਦ ਮੈਡੀਕਲ ਕਾਲਜ ਲੁਧਿਆਣਾ ਨੂੰ ਦਿੱਤਾ ਸੀ। ਉਸ ਸਮੇਂ ਉਹ ਮ੍ਰਿਤਕ ਸਰੀਰ ਚਾਲੀ ਸਾਲ ਬਾਅਦ ਮਿਲਣ ਵਾਲਾ ਦੂਜਾ ਮ੍ਰਿਤਕ ਸਰੀਰ ਸੀ। ਇਸ ਤਰ੍ਹਾਂ ਲੋਕਾਂ ਤੋਂ ਸਿੱਖ ਕੇ ਲੋਕਾਂ ਨੂੰ ਵਿਗਿਆਨ ਸਿਖਾਉਣ ਦਾ ਇਹ ਸਿਲਸਿਲਾ ਜਾਰੀ ਰਿਹਾ।

ਸਾਡੀ ਸੰਸਥਾ ਨੇ ਪਿਛਲੇ ਤੀਹ ਸਾਲਾਂ ਵਿੱਚ ਲੱਗਭਗ ਚਾਲੀ ਹਜ਼ਾਰ ਦੇ ਕਰੀਬ ਅਜਿਹੇ ਕੇਸ ਹੱਲ ਕੀਤੇ ਹਨ ਜਿਹਨਾਂ ਵਿੱਚ ਆਮ ਵਿਅਕਤੀਆਂ ਵਿੱਚ ਭੂਤਾਂ ਪ੍ਰੇਤਾਂ ਦਾ ਅਸਰ ਆ ਜਾਂਦਾ ਹੈ। ਲੋਕ ਸਿਰ ਹਿਲਾਉਣਾ, ਊਲ ਜਲੂਲ ਬੋਲਣਾ, ਤੇ ਹਰਕਤਾਂ ਕਰਨੀਆਂ ਸ਼ੁਰੂ ਕਰ ਦਿੰਦੇ ਹਨ, ਇਹ ਕਸਰਾਂ ਜਿਆਦਾਤਰ ਇਸਤਰੀਆਂ ਨੂੰ ਤੇ ਇਸਤਰੀਆਂ ਵਿੱਚੋਂ ਹੀ ਨੂੰਹਾਂ ਨੂੰ ਹੁੰਦੀਆਂ ਹਨ। ਹਰੇਕ ਇਸਤਰੀ ਦੀ ਕੋਈ ਨਾ ਕੋਈ ਸਮੱਸਿਆ ਹੁੰਦੀ ਹੈ। ਵਿਗਿਆਨ ਦੀ ਇੱਕ ਖ਼ੂਬਸੂਰਤੀ ਹੈ ਕਿ ਉਹ ਜਗ੍ਹਾ-ਜਗ੍ਹਾ ਬਦਲਦੀ ਨਹੀਂ। ਮੰਨ ਲਉ ਤੁਹਾਡੇ ਖ਼ੂਨ ਵਿੱਚ ਕੋਈ ਨੁਕਸ਼ ਹੈ ਤੇ ਤੁਸੀਂ ਖ਼ੂਨ ਦਾ ਇੱਕ ਨਮੂਨਾ ਲੈ ਕੇ ਇਸ ਨੂੰ ਦਸ ਪ੍ਰਯੋਗਸਾਲਾਵਾਂ ਵਿੱਚ ਭੇਜ ਦਿੰਦੇ ਹੋ, ਜੇ ਤੁਹਾਨੂੰ ਸੂਗਰ ਹੈ ਤਾਂ ਦਸ ਦੀਆਂ ਦਸ ਪ੍ਰਯੋਗਸ਼ਾਲਾਵਾਂ ਦੱਸਣਗੀਆਂ ਕਿ ਤੁਹਾਨੂੰ ਸੂਗਰ ਹੈ, ਅਤੇ ਮਾਤਰਾ ਵਿੱਚ ਮਾਮੂਲੀ ਫਰਕ ਵਿਅਕਤੀਗਤ ਗਲਤੀਆਂ ਕਾਰਨ ਹੋ ਸਕਦਾ ਹੈ। ਪਰ ਅਸੀਂ ਦੇਖਿਆ ਕਿ ਕਸਰਾਂ ਤਾਂ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਵੱਖ-ਵੱਖ ਢੰਗ ਨਾਲ ਹੁੰਦੀਆਂ ਹਨ। ਆਂਧਰਾ ਪ੍ਰਦੇਸ਼ ਵਿੱਚ ਇਹ ਪਿੰਡੇ ਤੇ ਖਾਜ ਦੇ ਰੂਪ ਵਿੱਚ ਹੁੰਦੀਆਂ ਹਨ ਤੇ ਰਾਜਸਥਾਨ ਵਿੱਚ ਹੱਥਾਂ ਦੀਆਂ ਹਰਕਤਾਂ ਵੱਧ ਹੁੰਦੀਆਂ ਹਨ। ਦੂਸਰੀ ਗੱਲ ਜੋ ਹੈਰਾਨ ਕਰਦੀ ਸੀ ਉਹ ਇਹ ਸੀ ਕਿ ਇਹ ਨਾਸਤਿਕਾਂ ਦੇ ਘਰਾਂ ਵਿੱਚ ਬਹੁਤ ਘੱਟ ਹੁੰਦੀਆਂ ਸਨ ਤੇ ਇਸ ਤਰ੍ਹਾਂ ਅਸੀਂ ਇਸ ਨਤੀਜੇ ਤੇ ਪੁੱਜ ਗਏ ਕਿ ਇਹ ਸਿਰਫ ਵਿਸ਼ਵਾਸ਼ ਦਾ ਮਾਮਲਾ ਹੈ। ਜਿਹੜੇ ਵਿਅਕਤੀ ਭੂਤਾਂ ਪ੍ਰੇਤਾਂ ਵਿੱਚ ਵਿਸ਼ਵਾਸ਼ ਕਰਦੇ ਹਨ ਸਿਰਫ ਉਹ ਹੀ ਇਸਦਾ ਸ਼ਿਕਾਰ ਹੁੰਦੇ ਹਨ। ਵਿਸ਼ਵਾਸ਼ ਖ਼ਤਮ ਕਰਨ ਲਈ ਅਸੀਂ ਆਪਣੇ ਤਜਰਬੇ ਦੱਸਕੇ ਤੇ ਸਾਹਿਤ ਪੜ੍ਹਾ ਕੇ ਇਹਨਾਂ ਨੂੰ ਠੀਕ ਕਰਦੇ ਹਾਂ।

ਪਰ ਸਾਡਾ ਮਸਲਾ ਤਾਂ ਲੋਕਾਂ ਨੂੰ ਵਿਗਿਆਨ ਸਿਖਾਉਣ ਦਾ ਸੀ, ਤੇ ਇਹ ਗੱਲਾਂ ਵੀ ਸਰੀਰ ਵਿੱਚ ਆਤਮਾ ਦੀ ਹੋਂਦ ਨਾਲ ਜੁੜੀਆਂ ਹੋਈਆਂ ਹਨ, ਉਹਨਾਂ ਨੂੰ ਦੱਸਕੇ ਕਿ ਸਰੀਰ, ਅੰਗ ਪ੍ਰਣਾਲੀਆਂ ਦਾ ਸਮੂਹ ਹੁੰਦਾ ਹੈ, ਸਾਡੇ ਸਰੀਰ ਵਿੱਚ ਖ਼ੂਨ ਪ੍ਰਣਾਲੀ, ਸਾਹ ਪ੍ਰਣਾਲੀ, ਸੁਨੇਹਾ ਪ੍ਰਣਾਲੀ ਭੋਜਨ ਪ੍ਰਣਾਲੀ ਆਦਿ ਬਹੁਤ ਸਾਰੀਆਂ ਪ੍ਰਣਾਲੀਆਂ ਹਨ। ਇਹ ਪ੍ਰਣਾਲੀਆਂ ਤੋਂ ਅੱਗੇ ਅੰਗ ਆਉਂਦੇ ਹਨ ਤੇ ਹਰੇਕ ਅੰਗ ਸੈੱਲਾਂ ਦਾ ਸਮੂਹ ਹੁੰਦਾ ਹੈ। ਕੁੱਲ ਮਿਲਾ ਕੇ ਸਰੀਰ ਵਿੱਚ ਖਰਬਾਂ ਸੈੱਲ ਹੁੰਦੇ ਹਨ, ਜਿਵੇਂ ਹਰੇਕ ਜੀਵ ਦੀ ਜਿੰਦਗੀ ਦੀ ਕੁੱਝ ਔਸਤ ਉਮਰ ਹੁੰਦੀ ਹੈ ਉਸੇ ਤਰ੍ਹਾਂ ਮਨੁੱਖ ਦੀ ਔਸਤ ਉਮਰ 80 ਕੁ ਸਾਲ ਹੈ। ਇਸ ਤਰ੍ਹਾਂ ਸੈੱਲਾਂ ਦੀ ਔਸਤ ਉਮਰ ਹੁੰਦੀ ਹੈ ਸਰੀਰ ਵਿੱਚ ਹਰ ਰੋਜ ਅਰਬਾਂ ਸੈੱਲ ਪੈਦਾ ਹੁੰਦੇ ਹਨ ਤੇ ਅਰਬਾਂ ਹੀ ਮਰਦੇ ਹਨ। ਕਿਸੇ ਅੰਗਪ੍ਰਣਾਲੀ ਦੇ ਫੇਲ੍ਹ ਹੋ ਜਾਣ ਨਾਲ ਜਾਂ ਕੰਮ ਛੱਡ ਜਾਣ ਕਾਰਨ ਬੰਦੇ ਦੀ ਮੌਤ ਹੋ ਜਾਂਦੀ ਹੈ ਇਸ ਵਿੱਚ ਆਤਮਾ.... ਦੀ ਕੋਈ ਹੋਂਦ ਨਹੀਂ ਹੁੰਦੀ, ਜਿਵੇਂ ਰੇਡੀਉਂ ਜਾਂ ਟੈਲੀਵੀਜਨ ਖਰਾਬ ਹੋ ਜਾਂਦਾ ਹੈ ਇਸ ਤਰ੍ਹਾਂ ਹੀ ਸਰੀਰ ਦਾ ਹੁੰਦਾ ਹੈ। ਬੱਚੇ ਵਿੱਚ ਗਰਭਧਾਰਨ ਤੋਂ ਲੈ ਕੇ ਮੌਤ ਤੱਕ ਸੈੱਲ ਲਗਾਤਾਰ ਵੰਡ ਰਾਹੀਂ ਜੁਆਨੀ ਤੱਕ ਵੱਧਦੇ ਰਹਿੰਦੇ ਹਨ ਤੇ ਬੁਢਾਪੇ ਵਿੱਚ ਉਹ ਘੱਟਣਾ ਸ਼ੁਰੂ ਕਰ ਦਿੰਦੇ ਹਨ, ਇਹ ਸਾਰੇ ਸੈੱਲ ਮਾਂ ਦੁਆਰਾ ਖਾਧੀ ਖੁਰਾਕ ਅਤੇ ਖੇਤਾਂ ਵਿੱਚ ਪੈਦਾ ਹੋਈ ਖੁਰਾਕ ਤੋਂ ਬਣਦੇ ਹਨ, ਅੰਤ ਵਿੱਚ ਨਸ਼ਟ ਹੋਕੇ ਖੇਤਾਂ ਵਿੱਚ ਹੀ ਚਲੇ ਜਾਂਦੇ ਹਨ।

ਅਸੀਂ ਆਪਣੀ ਸੰਸਥਾ ਦੇ ਪ੍ਰਚਾਰ ਸਾਧਨ ਲਈ ਆਤਮ ਨਿਰਭਰ ਹੋਣ ਦਾ ਫੈਸਲਾ ਪਹਿਲਾਂ ਹੀ ਕਰ ਲਿਆ ਸੀ, ਅਸੀਂ ਇਹ ਗੱਲ ਭਲੀਭਾਂਤ ਜਾਣਦੇ ਸਾਂ ਕਿ ਸੁਸਾਇਟੀ ਦੇ ਸ਼ੁਰੂ ਹੋਣ ਸਮੇਂ ਪੰਜਾਬ ਦੇ 99% ਲੋਕ ਸਾਡੀਆਂ ਸਾਰੀਆਂ ਗੱਲਾਂ ਨਾਲ ਸਹਿਮਤ ਹੀ ਨਹੀਂ ਸਨ। ਫਿਰ ਉਹ ਸਾਡੇ ਪ੍ਰਚਾਰ ਵਿੱਚ ਸਹਾਈ ਕਿਵੇਂ ਹੋ ਸਕਦੇ ਹਨ ਜੇ ਹੋਣਗੇ ਵੀ ਤਾਂ ਉਹ ਆਪਣੀ ਸਮਝ ਕਿਸੇ ਨਾ ਕਿਸੇ ਢੰਗ ਨਾਲ ਸਾਡੀ ਸਮਝ ਵਿੱਚ ਰਲਗੱਡ ਕਰਨ ਦਾ ਯਤਨ ਕਰਨਗੇ, ਉਂਝ ਵੀ ਜੇ ਅਸੀਂ ਅਖਬਾਰਾਂ ਦੇ ਪੱਤਰਾਕਾਰਾਂ ਜਾਂ ਟੈਲੀਵੀਜਨ ਵਾਲਿਆਂ ਨੂੰ ਕਹਿੰਦੇ ਕਿ ਤੁਸੀਂ ਸਾਨੂੰ ਮੌਕਾ ਦਿਉ ਤਾਂ ਉਹ ਬਹੁਤੀ ਵਾਰ ਇਹ ਗੱਲ ਕਹਿ ਦਿੰਦੇ ਕਿ "ਤਰਕਸ਼ੀਲ ਨਾ ਤਾਂ ਤੁਹਾਡੇ ਕੋਲ ਪੈਸੇ ਹਨ ਤੇ ਨਾ ਹੀ ਅਸੀਂ ਤੁਹਾਥੋਂ ਪੈਸੇ ਲੈ ਸਕਦੇ ਹਾਂ, ਉਂਝ ਵੀ ਤੁਹਾਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦਾ ਮਤਲਬ ਅਸੀਂ ਆਪਣੇ ਇਸ਼ਤਿਹਾਰ ਦੇਣ ਵਾਲਿਆਂ ਦੀ ਫੱਟੀ ਪੁਚਵਾਉਣੀ ਹੈ। ਸਾਨੂੰ ਤਾਂ ਇਸ਼ਤਿਹਾਰ ਸਾਧ, ਸੰਤ ਤੇ ਜੋਤਿਸ਼ੀ ਹੀ ਦਿੰਦੇ ਹਨ ਤੇ ਤੁਸੀਂ ਉਹਨਾਂ ਦੇ ਵਿਰੁੱਧ ਹੀ ਭੰਡੀ ਪ੍ਰਚਾਰ ਕਰਨਾ ਹੈ। ਸੋ ਅਸੀਂ ਆਪਣੇ ਉਪਰ ਹੀ ਨਿਰਭਰ ਹੋਣ ਦਾ ਫੈਸਲਾ ਕਰ ਲਿਆ। ਇਸ ਲਈ ਅਸੀਂ ਆਪਣੇ ਮੈਗਜ਼ੀਨ, ਕਿਤਾਬਾਂ, ਦੋਵਰਕੀਆਂ, ਇਸ਼ਤਿਹਾਰ, ਸੀਡੀਆਂ, ਬੁੱਕ ਸਟੋਰ, ਵੈਬ ਸਾਈਟਾਂ ਅਤੇ ਵੀਡੀਓਜ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹਨਾਂ ਨੂੰ ਘੱਟ ਲਾਗਤ ਤੇ ਵੇਚਣ ਲਈ ਤਰਕਸ਼ੀਲ ਮੇਲੇ, ਖੇਤੀ ਮੇਲੇ, ਸਭਿਆਚਾਰਕ ਮੇਲੇ ਤੇ ਖੇਡ ਮੇਲੇ ਲਾਉਣੇ ਤੇ ਵਰਤਣੇ ਸ਼ੁਰੂ ਕੀਤੇ ਗਏ, ਸਾਡੇ ਸੈਂਕੜੇ ਵਰਕਰ ਪੰਜਾਬ ਦੇ ਪਿੰਡਾਂ ਵਿੱਚ ਦਸਤੀ ਇਹ ਵੰਡਦੇ ਹਨ ਤੇ ਵੇਚਦੇ ਹਨ। ਇਹਨਾਂ ਸਾਰੀਆਂ ਚੀਜਾਂ ਦੀ ਛਪਾਈ, ਬਣਵਾਈ ਤੇ ਖਰਚ ਆਉਂਦਾ ਹੈ ਇਸ ਲਈ ਅਸੀਂ ਇਹ ਘੱਟ ਕੀਮਤ ਤੇ ਵੇਚਣ ਦੀ ਪ੍ਰਿਤ ਪਾਈ ਹੈ।

ਅਸੀਂ ਹੁਣ ਤੱਕ ਪੰਜ ਸੌ ਦੇ ਕਰੀਬ ਅਜਿਹੇ ਕੇਸ ਸਫਲਤਾ ਪੂਰਬਕ ਹੱਲ ਕੀਤੇ ਹਨ ਜਿਹਨਾਂ ਵਿੱਚ ਘਰ ਅੰਦਰ ਘਟਨਾਵਾਂ ਵਾਪਰਦੀਆਂ ਸਨ, ਕਿਸੇ ਘਰ ਵਿੱਚ ਅੱਗ ਲੱਗਦੀ, ਕੱਪੜੇ ਕੱਟੇ ਜਾਂਦੇ, ਪੱਥਰ ਡਿੱਗਦੇ ਅਤੇ ਖ਼ੂਨ ਦੇ ਸਿੱਟੇ ਪੈਂਦੇ। ਪਿੰਡਾਂ ਦੇ ਲੋਕ 60-60 ਵਿਅਕਤੀ ਪਹਿਰੇ ਤੇ ਬਿਠਾ ਦਿੰਦੇ ਪਰ ਘਟਨਾਵਾਂ ਦਾ ਸਿਲਸਿਲਾ ਬੇਰੋਕ ਜਾਰੀ ਰਹਿੰਦਾ। ਪਹਿਰੇ ਤੇ ਬੈਠੇ ਵਿਅਕਤੀ ਘਟਨਾਵਾਂ ਨੂੰ ਕਰਨ ਲਈ ਜ਼ੁੰਮੇਵਾਰ ਭੂਤਾਂ ਤੇ ਪ੍ਰੇਤਾਂ ਨੂੰ ਲੱਭਦੇ ਪਰ ਉਹ ਹੁੰਦੇ ਹੀ ਨਹੀਂ ਇਸ ਲਈ ਉਹਨਾਂ ਨੂੰ ਮਿਲਦਾ ਹੀ ਕੁੱਝ ਨਹੀਂ। ਸਾਡੇ ਵੇਖਣ ਵਿੱਚ ਫਰਕ ਹੁੰਦਾ। ਅਸੀਂ ਵਿਅਕਤੀਆਂ ਨੂੰ ਹੀ ਲੱਭਦੇ ਹਾਂ, ਵਿਅਕਤੀ ਹੁੰਦੇ ਨੇ ਮਿਲ ਵੀ ਜਾਂਦੇ ਨੇ। ਇਸਤਰ੍ਹਾਂ ਉਹਨਾਂ ਨੂੰ ਸਮਝਾਉਣ ਵਿੱਚ ਅਸੀਂ ਸਫਲ ਹੋ ਜਾਂਦੇ।



ਪਰ ਸਾਡਾ ਉਦੇਸ਼ ਤਾਂ ਸਾਡੇ ਲੋਕਾਂ ਨੂੰ ਵਿਗਿਆਨ ਸਿਖਾਉਣ ਦਾ ਹੁੰਦਾ, ਅਸੀਂ ਜਾਣਦੇ ਹਾਂ ਕਿ ਵਿਗਿਆਨ ਤਾਂ ਪਰਖਾਂ, ਨਿਰਖਾਂ ਤੇ ਪ੍ਰਯੋਗਾਂ ਰਾਹੀ ਪ੍ਰਾਪਤ ਕੀਤੇ ਤਰਤੀਬ ਵੱਧ ਗਿਆਨ ਦਾ ਨਾਂ ਹੈ। ਅਸੀਂ ਵੀ ਇਹਨਾਂ ਵਿੱਚ ਡਿੱਗ ਰਹੀਆਂ ਇੱਟਾਂ ਦੀ ਨਿਰਖ ਪਰਖ, ਇੱਟਾਂ ਦੇ ਟੁਕੜਿਆਂ ਤੋਂ ਕਰਦੇ, ਘਰ ਵਿੱਚ ਪੱਥਰ ਵੱਜ ਕੇ ਕਿੱਧਰ ਨੂੰ ਜਾਂਦਾ ਹੈ ਇਹ ਗੱਲ ਵੀ ਸਾਨੂੰ ਕਾਫੀ ਅਗਵਾਈ ਦਿੰਦੀ, ਕਪੜਿਆਂ ਦੀ ਕੱਟਿਗ ਸਾਨੂੰ ਦੱਸਦੀ ਹੈ ਕਿ ਕੱਪੜੇ ਕੈਂਚੀ ਨਾਲ ਜਾਂ ਬਲੇਡ ਨਾਲ ਜਾਂ ਖਿੱਚ ਕੇ ਪਾੜੇ ਗਏ ਹਨ। ਇਸ ਤਰ੍ਹਾਂ ਘਟਨਾਵਾਂ ਵਾਪਰਨ ਦਾ ਸਮਾਂ, ਘਟਨਾਵਾਂ ਵਾਪਰਨ ਸਮੇਂ ਪ੍ਰੀਵਾਰਕ ਮੈਂਬਰਾਂ ਦੀ ਹਾਜ਼ਰੀ ਤੇ ਗੈਰਹਾਜ਼ਰੀ ਸਾਨੂੰ ਪੂਰੀ ਤਰ੍ਹਾਂ ਸਿਖਾਉਂਦੀ। ਇਸ ਤਰ੍ਹਾਂ ਅਸੀਂ ਸਿੱਟਿਆਂ ਤੇ ਪੁੱਜ ਜਾਂਦੇ, ਘਰ ਦੀ ਇੱਜਤ ਨੂੰ ਕਿਵੇਂ ਛਪਾਉਣਾ ਹੈ ਕਿਵੇਂ ਲੋਕਾਂ ਦੇ ਸ਼ੱਕ ਨੂੰ ਬਦਲਵਾਉਣਾ ਹੈ ਸਭ ਕੁੱਝ ਸਾਡੇ ਲਈ ਵਿਗਿਆਨ ਹੀ ਹੁੰਦਾ ।

ਲੋਕਾਂ ਨੂੰ ਅਸੀਂ ਦੱਸਦੇ ਕਿ ਕੈਂਚੀ ਦਾ ਰਸੋਈ ਘਰ ਵਿੱਚੋ ਉੱਡ ਕੇ ਬੈੱਡ ਰੂਮ ਵਿਚ ਚਲੇ ਜਾਣਾ ਅਸੰਭਵ ਹੈ। ਜੇ ਕਿਤੇ ਇਸ ਤਰ੍ਹਾਂ ਹੋ ਗਿਆ ਤਾਂ ਅਸੀਂ ਬਲ ਨੂੰ ਕਿਵੇਂ ਪ੍ਰਭਾਸ਼ਤ ਕਰ ਸਕਾਂਗੇ। ਭੌਤਿਕ ਵਿਗਿਆਨ ਵਿੱਚ ਜੇ ਬਲ ਦੀ ਪ੍ਰੀਭਾਸਾ ਹੀ ਗਲਤ ਹੋ ਜਾਂਦੀ ਹੈ ਤਾਂ ਸਾਰੀ ਭੌਤਿਕ ਵਿਗਿਆਨ ਫੇਲ੍ਹ ਹੋ ਜਾਵੇਗੀ। ਕਿਉਂਕਿ ਹਰੇਕ ਨਿਯਮ ਇੱਕ ਦੂਜੇ ਨਾਲ ਸੰਬੰਧਤ ਹੈ। ਪੇਟੀ ਵਿੱਚ ਬੰਦ ਕੱਪੜਿਆਂ ਨੂੰ ਲੱਗੀ ਅੱਗ ਹੌਲੀ ਹੌਲੀ ਕਿਉਂ ਬਲਦੀ ਹੈ ਇਸ ਲਈ ਅਸੀਂ ਦਸੱਦੇ ਕਿ ਚੀਜਾਂ ਦੇ ਬਲਣ ਲਈ ਸਹਾਈ ਗੈਸ ਦੀ ਲੋੜ ਹੁੰਦੀ ਹੈ ਜੋ ਆਕਸੀਜਨ ਹੀਂ ਹੁੰਦੀ ਹੈ। ਜਿੰਦਰੇ ਵਿੱਚ ਬੰਦ ਕੱਪੜਿਆਂ ਨੂੰ ਬਲਣ ਸਮੇਂ ਆਕਸੀਜਨ ਘੱਟ ਮਾਤਰਾ ਵਿੱਚ ਮਿਲਦੀ ਹੈ ਇਸ ਲਈ ਉਹ ਹੌਲੀ ਹੌਲੀ ਬਲਦੇ ਹਨ।

ਪੰਜਾਬ ਵਿੱਚ ਸਾਧ ਸੰਤਾਂ ਨੇ ਬਹੁਤ ਹੀ ਲੁੱਟ ਮਚਾਈ ਹੋਈ ਸੀ, ਹਰ ਕੋਈ ਇਹ ਦਾਅਵਾ ਕਰਦਾ ਸੀ ਕਿ ਉਸ ਵਿੱਚ ਚਮਤਕਾਰੀ ਸ਼ਕਤੀਆਂ ਬਿਰਾਜਮਾਨ ਹਨ, ਕੋਈ ਇਹ ਦਾਅਵਾ ਕਰਦਾ ਕਿ ਉਹ ਆਪਣੀ ਗੈਬੀ ਸ਼ਕਤੀ ਨਾਲ ਬਰਸਾਤ ਸਮੇਂ ਪੈਣ ਵਾਲੇ ਗੜੇ ਰੋਕ ਸਕਦਾ ਹੈ। ਇੱਥੇ ਅਸੀਂ ਇਕੱਠੇ ਕੀਤੇ ਲੋਕਾਂ ਨੂੰ ਕਹਿੰਦੇ ਕਿ ਅਸਮਾਨ ਵਿੱਚ ਕਈ ਖਿੱਤੇ ਅਜਿਹੇ ਬਣ ਜਾਂਦੇ ਹਨ ਜਿੱਥੋਂ ਲੰਘਣ ਸਮੇਂ ਪਾਣੀ ਦੇ ਤੁਪਕੇ ਜੰਮ ਜਾਂਦੇ ਹਨ। ਧਰਤੀ ਦੀ ਗੁਰੂਤਾ ਖਿੱਚ ਕਾਰਨ ਇਹ ਜੰਮੇ ਤੁਪਕੇ ਧਰਤੀ ਦੇ ਕੇਂਦਰ ਵੱਲ ਤੁਰ ਪੈਂਦੇ ਹਨ। ਕੋਈ ਵੀ ਸਾਧ ਸੰਤ ਗੁਰੂਤਾ ਆਕਰਸ਼ਣ ਦੇ ਨਿਯਮ ਨੂੰ ਝੁਠਲਾ ਨਹੀਂ ਸਕਦਾ, ਹੜ੍ਹ ਸਮੇਂ ਰੁੜ੍ਹੇ ਧਾਰਮਿਕ ਅਸਥਾਨਾਂ ਦੀਆਂ ਉਦਾਹਰਨਾਂ ਦੇ ਕੇ ਅਸੀਂ ਦੱਸਦੇ ਕਿ ਵਿਗਿਆਨਕ ਨਿਯਮ ਸਦੀਵੀ ਸੱਚ ਹੁੰਦੇ ਹਨ, ਕੋਈ ਵੀ ਪ੍ਰਾਰਥਨਾ ਜਾਂ ਜਾਗਰਣ ਇਹਨਾਂ ਦਾ ਰਾਹ ਨਹੀਂ ਰੋਕ ਸਕਦਾ। ਪਰ ਬਹੁਤ ਸਾਰੇ ਸਾਧ ਸੰਤ ਅਜੇ ਵੀ ਆਪਣੇ ਆਪ ਨੂੰ ਕੁਦਰਤੀ ਨਿਯਮਾਂ ਨਾਲੋਂ ਸ਼ਕਤੀਸਾਲੀ ਸਮਝਦੇ ਕੋਈ ਕਹਿੰਦਾ ਹੈ ਮੈਂ ਧਰਤੀ ਵਿੱਚੋਂ ਖਜਾਨਾਂ ਲੱਭ ਦੇਵਾਗਾਂ।

ਪਰ ਅਸੀਂ ਉਸਨੂੰ ਸਭ ਤੋਂ ਪਹਿਲਾਂ ਇਹ ਪੁੱਛਦੇ ਕਿ ਤੂੰ ਇਹ ਗੱਲ ਕਿਸ ਅਧਾਰ ਤੇ ਕਹਿ ਰਿਹਾ ਹੈਂ। ਜੇ ਉਸਦਾ ਜੁਆਬ ਸੁਪਨਾ ਹੁੰਦਾ ਤਾਂ ਅਸੀਂ ਉਸਨੂੰ ਪੁੱਛਦੇ ਸੁਪਨੇ ਵਿੱਚ ਤਾਂ ਤੂੰ ਆਪਣੇ ਆਪ ਨੂੰ ਹਵਾ ਵਿੱਚ ਉੱਡਦੇ ਵੇਖਦਾ ਹੈ। ਕੀ ਇਹ ਸੱਚ ਹੁੰਦਾ ਹੈ? ਭੰਗ ਦੀਆਂ ਦੋ ਚਾਰ ਗੋਲੀਆਂ ਖੁਆ ਕੇ ਤੈਨੂੰ ਹਵਾ ਵਿੱਚ ਉੱਡਣਾ ਮਹਿਸੂਸ ਹੋਵੇਗਾ, ਕੀ ਇਹ ਸੱਚ ਹੋਵੇਗਾ? ਇਸ ਤਰ੍ਹਾਂ ਅਸੀਂ ਬਹੁਤ ਸਾਰੇ ਸਾਧਾਂ ਨੂੰ ਜਨਤਕ ਇਕੱਠਾ ਵਿੱਚ ਲਾਜੁਆਬ ਕਰਦੇ ਰਹੇ ਹਾਂ।

ਜੋਤਿਸ਼ ਤੇ ਵਾਸਤੂ ਸਾਸਤਰ ਵਰਗੀਆਂ ਬਹੁਤ ਸਾਰੀਆਂ ਝੂਠੀਆਂ ਵਿਗਿਆਨਾਂ ਦੇ ਧੰਦੇਵਾਜਾਂ ਦਾ ਵਾਹ ਵੀ ਸਾਡੇ ਨਾਲ ਪਿਆ ਹੈ। ਜੋਤਿਸ਼ ਨੂੰ ਵਿਗਿਆਨ ਦੱਸਣ ਵਾਲੇ ਸੂਰਜ ਤੇ ਚੰਦਰਮਾ ਨੂੰ ਇੱਕ ਗ੍ਰਹਿ ਮੰਨ ਕੇ ਜੋਤਿਸ਼ ਲਗਾਉਂਦੇ ਹਨ ਜਦੋਂ ਕਿ ਅਜਿਹਾ ਨਹੀਂ। ਸੂਰਜ ਇੱਕ ਤਾਰਾ ਹੈ ਤੇ ਚੰਦਰਮਾ ਇੱਕ ਉਪਗ੍ਰਹਿ ਹੈ। ਜੋਤਿਸ਼ ਨੂੰ ਬੇਨਕਾਬ ਕਰਨ ਲਈ ਕਾਪਰੀਕਿਨਸ ਵੱਲੋਂ ਇਹ ਸਿੱਧ ਕਰਨਾ ਕਿ ਧਰਤੀ ਸੂਰਜ ਮੰਡਲ ਦਾ ਕੇਂਦਰ ਨਹੀਂ ਸਗੋਂ ਸੂਰਜ ਹੀ ਸਾਰੇ ਗ੍ਰਹਿਆਂ ਦਾ ਕੇਂਦਰ ਹੈ। ਜੋਤਿਸ਼ ਭਾਵੇਂ ਪੂਰੀ ਤਰ੍ਹਾਂ ਗੈਰ ਵਿਗਿਆਨਕ ਹੈ। ਤੇ ਗੈਰ ਵਿਗਿਆਨਕ ਆਧਾਰ ਤੇ ਕੀਤੀਆਂ ਭਵਿੱਖਬਾਣੀਆਂ ਕਿਸੇ ਤਰ੍ਹਾਂ ਵੀ ਸੱਚ ਹੋ ਹੀ ਨਹੀਂ ਸਕਦੀਆਂ। ਪਰ ਸਾਡਾ ਉਦੇਸ਼ ਤਾਂ ਲੋਕਾਂ ਨੂੰ ਵਿਗਿਆਨ ਸਿਖਾਉਣ ਦਾ ਸੀ, ਇਸ ਲਈ ਅਸੀਂ ਉਹਨਾਂ ਨੂੰ ਦੱਸਦੇ ਹਾਂ ਕਿ ਧਰਤੀ ਤੇ ਬਾਕੀ ਗ੍ਰਹਿ ਕਿਵੇਂ ਸੂਰਜ ਦੁਆਲੇ ਚੱਕਰ ਲਾਉਂਦੇ ਹਨ। ਸੂਰਜ ਮੰਡਲ ਦਾ ਜਨਮ, ਬ੍ਰਹਿਮੰਡ ਦੀ ਉਤਪਤੀ, ਧਰਤੀ ਤੇ ਜੀਵਨ ਦਾ ਮੁੱਢ ਸਾਡੇ ਲਈ ਤੇ ਸਾਡੇ ਲੋਕਾਂ ਲਈ ਦਿਲਚਸਪੀ ਦੇ ਵਿਸ਼ੇ ਰਹੇ ਹਨ। ਅਸੀਂ ਸਮੁੱਚੇ ਬ੍ਰਹਿਮੰਡ ਦੀ ਸਿਰਜਣਾ ਲਈ ਵਿਗਿਆਨ ਦੇ ਚਾਰ ਕੁਦਰਤੀ ਬਲਾਂ ਬਾਰੇ ਵੀ ਆਪਣੇ ਸੈਮੀਨਾਰਾਂ ਵਿੱਚ ਵਿਆਖਿਆ ਕਰਦੇ ਰਹੇ ਹਾਂ।

ਵਾਸਤੂ ਸਾਸ਼ਤਰ ਵੀ ਸਾਡੇ ਲਈ ਦਿਲਚਸਪੀ ਦਾ ਕੇਂਦਰ ਇਸ ਲਈ ਬਣਿਆ ਰਿਹਾ ਹੈ ਕਿ ਉਸ ਸਮੇਂ ਦੇ ਆਰੀਆ ਲੋਕਾਂ ਤੇ ਮੂਲਵਾਸੀਆਂ ਵਿੱਚ ਹੋਏ ਸੰਘਰਸ਼ ਦਾ ਇਹ ਪ੍ਰਤੀਕ ਹੈ।

ਅੱਜ ਪੰਜਾਬ ਦੇ ਹਰੇਕ ਪਿੰਡ ਵਿੱਚ ਸਾਡੀ ਵਿਚਾਰਧਾਰਾਂ ਦੇ ਸਮੱਰਥਕਾਂ ਦੀ ਸੈਂਕੜਿਆਂ ਵਿੱਚ ਗਿਣਤੀ ਇਸ ਗੱਲ ਦੀ ਗਵਾਹੀ ਭਰ ਰਹੀ ਹੈ ਕਿ ਸਾਡੀ, ਸਾਡੇ ਲੋਕਾਂ ਨੂੰ ਵਿਗਿਆਨ ਸਿਖਾਉਣ ਦੀ ਮੇਹਨਤ ਅਸਫਲ ਨਹੀਂ ਗਈ।

***



# ਭਾਰਤ ਰਤਨ ਸੀ. ਐਨ. ਰਾਓ ਨਾਲ ਗੱਲਬਾਤ

**– ਸ਼ੇਖਰ ਗੁਪਤਾ**

*** ਜੇ ਵਿਗਿਆਨ ਕ੍ਰਿਕਟ ਹੁੰਦਾ ਤਾਂ ਸੀ. ਐਨ. ਰਾਉ ਇਸਦਾ ਸਚਿਨ ਤੇਂਦੂਲਕਰ ਜਾਂ ਕਪਿਲ ਦੇਵ ਹੋਣਾ ਸੀ?**

– ਉਹਨਾਂ ਕ੍ਰਿਕਟਰਾਂ ਦੀ ਖੇਡ ਜ਼ਿੰਦਗੀ ਤਾਂ ਬਹੁਤ ਥੋੜ੍ਹੀ ਹੁੰਦੀ ਹੈ। ਮੈਂ ਵਿਗਿਆਨਕ ਖੋਜ ਦੇ ਖੇਤਰ ਪਿਛਲੇ 60 ਸਾਲ ਤੋਂ ਸਰਗਰਮ ਹਾਂ। ਵਿਗਿਆਨ ਜ਼ਿੰਦਗੀ ਜਿਉਣ ਦਾ ਹੀ ਇੱਕ ਢੰਗ ਹੈ।

*** ਤੁਹਾਡੀਆਂ ਅਲਮਾਰੀਆਂ ਕਿਤਾਬਾਂ ਤੇ ਤੁਹਾਡੇ ਵਿਦਿਆਰਥੀਆਂ ਦੇ ਖੋਜ ਪੱਤਰਾਂ ਨਾਲ ਭਰੀਆਂ ਪਈਆਂ ਹਨ। ਤੁਹਾਨੂੰ ਤੁਹਾਡੇ ਵਿਦਿਆਰਥੀਆਂ ਦੇ ਖੋਜ ਪੱਤਰਾਂ ਤੇ ਜ਼ਿਆਦਾ ਮਾਣ ਹੈ। ਪੀ. ਐਚ. ਡੀ. ਕਰਨ ਵਾਲੇ ਕਿੰਨੇ ਕੁ ਵਿਦਿਆਰਥੀ ਤੁਹਾਡੇ ਕੋਲੋਂ ਪੜ੍ਹੇ ਹਨ?**

– 160 ਕੁ ਵਿਅਕਤੀਆਂ ਨੇ ਸਿੱਧੇ ਤੌਰ ਤੇ ਮੇਰੇ ਕੋਲ ਪੀ. ਐਚ. ਡੀ. ਕੀਤੀ ਹੈ। ਹੁਣ ਤਾਂ ਇਹ ਗਿਣਤੀ 200 ਦੇ ਕਰੀਬ ਹੋ ਗਈ ਹੈ।

*** ਇੰਦਰਾ ਗਾਂਧੀ ਤੋਂ ਬਾਅਦ ਤੁਸੀਂ ਪੰਜ ਪ੍ਰਧਾਨ ਮੰਤਰੀਆਂ ਦੇ ਸਲਾਹਕਾਰ ਰਹੇ ਹੋ?**

– ਸਾਰੇ ਪ੍ਰਧਾਨ ਮੰਤਰੀ ਚੰਗੇ ਸਨ। ਇਹਨਾਂ ਵਿੱਚੋਂ ਕੁਝ ਸਾਹਸੀ ਵੀ ਸਨ ਪਰ ਮੈਨੂੰ ਇਹ ਗੱਲ ਚੁਭਦੀ ਹੈ ਕਿ ਕੀ ਅਸੀਂ ਭਾਰਤ ਦੀ ਤਰੱਕੀ ਵਿੱਚ ਵਿਗਿਆਨ ਦੀ ਮਹੱਤਤਾ ਤੇ ਭੂਮਿਕਾ ਨੂੰ ਸਮਝ ਲਿਆ ਹੈ ਜਾਂ ਨਹੀਂ। ਕੀ ਅਸੀਂ ਇਹ ਜਾਣਦੇ ਹਾਂ ਕਿ ਅੱਜ ਦੀ ਵਿਗਿਆਨ ਨੇ ਹੀ ਕੱਲ੍ਹ ਦੀ ਟੈਕਨਾਲੋਜੀ ਬਣਨਾ ਹੈ। ਜਿੰਨਾਂ ਚਿਰ ਸਾਡੇ ਕੋਲ ਵਿਗਿਆਨਕ ਖੇਤਰ ਵਿੱਚ ਅਗਵਾਈ ਦੇਣ ਵਾਲੇ ਨਹੀਂ ਤਾਂ ਕੱਲ੍ਹ ਨੂੰ ਟੈਕਨਾਲੋਜੀ ਵਿੱਚ ਆਗੂ ਰੋਲ ਅਦਾ ਕਰਨ ਵਾਲੇ ਵੀ ਘੱਟ ਹੀ ਹੋਣਗੇ।

*** ਸਚਾਈ ਇਹ ਹੈ ਕਿ ਅਸੀਂ ਬੀਤੀ ਪਰਸੋਂ ਦੀ ਇੰਜਨੀਅਰਿੰਗ ਨੂੰ ਆਉਣ ਵਾਲੇ ਕੱਲ੍ਹ ਦੀ ਵਿਗਿਆਨ ਨਾਲ ਰਲਗੱਡ ਕਰ ਲਿਆ ਹੈ?**

– ਇੱਕ ਤਾਂ ਇਹ ਵੀ ਠੀਕ ਹੈ ਤੇ ਦੂਜੀ ਗਲਤੀ ਅਸੀਂ ਦਾਗੇ ਗਏ ਰਾਕੇਟ ਨੂੰ ਵਿਗਿਆਨ ਸਮਝ ਰਹੇ ਹਾਂ। ਇਸ ਵਿੱਚ ਬਹੁਤਾ ਵਿਗਿਆਨ ਨਹੀਂ ਹੈ। ਅਸਲੀ ਵਿਗਿਆਨ ਤਾਂ ਸਾਡੀਆਂ ਛੋਟੀਆਂ ਭੌਤਿਕ, ਰਸਾਇਣ ਤੇ ਜੀਵ ਵਿਗਿਆਨ ਪ੍ਰਯੋਗਸ਼ਾਲਾਵਾਂ ਵਿੱਚ ਹੈ। ਇਹ ਛੋਟਾ ਵਿਗਿਆਨ ਹੀ ਵਿਗਿਆਨ ਨੂੰ ਅੱਗੇ ਲੈ ਕੇ ਜਾਂਦਾ ਹੈ।

*** ਮੁੱਢਲੀ ਸਾਇੰਸ ਉਹ ਹੈ ਜੋ ਜਗਿਆਸਾ ਵਿੱਚੋਂ ਪੈਦਾ ਹੁੰਦੀ ਹੈ?**

– ਜੀ ਹਾਂ। ਮੁਢਲੀ ਸਾਇੰਸ ਸਾਨੂੰ ਅਗਾਂਹ ਲੈ ਜਾਂਦੀ ਹੈ ਤਰੱਕੀ ਦਿੰਦੀ ਹੈ। ਵਿਗਿਆਨ ਦੀ ਤੁਹਾਡੀ ਪਹਿਚਾਣ ਇਸ ਵਿੱਚੋਂ ਹੀ ਹੁੰਦੀ ਹੈ।

*** ਕੀ ਤੁਸੀਂ ਸੋਚਦੇ ਹੋ ਕਿ ਭਾਰਤੀਆਂ ਵਿਚ ਜਗਿਆਸਾ ਦੀ ਘਾਟ ਹੈ?**

– ਜੀ ਹਾਂ ਇਹ ਨੁਕਸ਼ ਸਾਡੇ ਪੂਰੇ ਸਿਸਟਮ ਵਿੱਚ ਹੈ ਅਤੇ ਇਹ ਨੁਕਸ਼ ਸਾਡਾ ਇਨਾਮ ਦੇਣ ਦਾ ਸਿਸਟਮ ਵੀ ਨੁਕਸਦਾਰ ਹੈ। ਜੇ ਤੁਸੀਂ ਸਿਰਫ਼ ਆਪਣੇ ਬੈਂਕਰਾਂ, ਕਾਰਖਾਨੇਦਾਰਾਂ ਨੂੰ ਹੀ ਇਨਾਮ ਦੇ ਰਹੇ ਹੋ ਤਾਂ ਇਹ ਗੱਲ ਤੁਹਾਡੇ ਵਿਦਵਾਨਾਂ ਨੂੰ ਵੀ ਪ੍ਰਭਾਵਤ ਕਰਦੀ ਹੈ। ਉਹ ਪੈਸੇ ਦੇ ਪੁੱਤ ਬਣਨਾ ਸੋਚਦੇ ਹਨ। ਲੋਕ ਵਿਦਵਾਨ ਬਣਨ ਦੀ ਬਜਾਏ ਵੱਧ ਕਮਾਊ ਬਣਨਾ ਲੋਚਦੇ ਹਨ।

*** ਦੇਸ਼ ਐਟਮ ਬੰਬ ਤੇ ਮੀਜਾਈਲਾਂ ਬਣਾਉਣ ਨੂੰ ਵਿਗਿਆਨ ਸਮਝਦਾ ਹੈ ਇਸ ਲਈ ਭਾਰਤ ਵਿੱਚ ਵਿਗਿਆਨ ਹੇਠਾਂ ਨੂੰ ਜਾ ਰਹੀ ਹੈ?**

– ਇਹ ਠੀਕ ਹੈ ਕੁਝ ਕਰਕੇ ਵਿਖਾਉਣ ਦੀ ਇੱਛਾ ਹੀ ਮਨੁੱਖ ਤੋਂ ਕੁਝ ਕਰਵਾਉਂਦੀ ਹੈ। ਇਹ ਪੈਸੇ ਨਾਲ ਨਹੀਂ ਹੁੰਦੀ। ਮੈਂ ਪੈਸਾ ਨਹੀਂ ਚਾਹੁੰਦਾ ਅਤੇ ਨਾ ਹੀ ਪੈਸਾ ਮੈਨੂੰ ਸੰਤੁਸ਼ਟ ਕਰ ਸਕਦਾ ਹੈ। ਕਿਸੇ ਚੀਜ਼ ਨੂੰ ਖੋਜਣ ਜਾਂ ਕੋਈ ਕੰਮ ਦੀ ਚੀਜ਼ ਬਣਾ ਕੇ ਵਿਖਾਉਣਾ ਹੀ ਮੇਰੀ ਖੁਸ਼ੀ ਦਾ ਰਾਜ ਹੈ।

*** ਕੀ ਭਾਰਤ ਵਿੱਚ ਵਿਗਿਆਨ ਇਸ ਕਰਕੇ ਪਿੱਛੇ ਨੂੰ ਗਈ ਹੈ ਕਿ ਦੇਸ਼ ਨੇ ਵਿਗਿਆਨ ਨੂੰ ਪੈਸੇ ਨਾਲ ਜੋੜ ਦਿੱਤਾ ਹੈ?**

– ਠੀਕ ਹੈ। ਜਦੋਂ ਲੋਕ ਕਹਿੰਦੇ ਹਨ ਕਿ ਉਹਨਾਂ ਨੇ ਤੁਹਾਨੂੰ ਵੀ ਮੀਜਾਇਲਾਂ ਜਾਂ ਐਟਮ ਬੰਬ ਵਰਗੇ ਵੱਡੇ ਪ੍ਰੋਜੈਕਟਾਂ ਜਿੰਨਾਂ ਪੈਸਾ ਦੇ ਦਿੱਤਾ ਹੈ। ਇਹ ਕਾਫ਼ੀ ਨਹੀਂ। ਉਹਨਾਂ ਨੂੰ ਯੂਨੀਵਰਸਿਟੀਆਂ ਅਤੇ ਖੋਜ ਕੇਂਦਰਾਂ ਦੇ ਨੌਜਵਾਨਾਂ ਨੂੰ ਖੋਜ ਕਰਨ ਲਈ ਪੈਸੇ ਦੇਣੇ ਚਾਹੀਦੇ ਹਨ। ਭਾਵੇਂ ਪਿਛਲੇ ਪੰਜ ਜਾਂ ਦਸ ਸਾਲਾਂ ਵਿੱਚ ਹੁਣ ਸੁਧਾਰ ਹੋਇਆ ਹੈ ਪਰ ਅਜੇ ਤਾਂ ਅਸੀਂ ਬਹੁਤ ਦੂਰ ਜਾਣਾ ਹੈ।

*** ਹੁਣ ਤੁਸੀਂ ਅਜਿਹੇ ਅਦਾਰੇ ਦੇ ਮੁਖੀ ਹੋ ਜਿਸ ਕੋਲ ਵਿਗਿਆਨ ਨੂੰ ਦੇਣ ਲਈ ਕਾਫ਼ੀ ਫੰਡ ਹੈ?**

– ਸਾਡੇ ਅਦਾਰੇ ਵਿਗਿਆਨ ਸਲਾਹਕਾਰੀ ਕੌਂਸਲ ਦੀ ਸਿਫਾਰਸ ਤੇ ਹੀ ਕੌਮੀ ਵਿਗਿਆਨ ਤੇ ਇੰਜਨੀਅਰਿੰਗ ਖੋਜ ਕੇਂਦਰ ਬਣਾਇਆ ਗਿਆ ਹੈ ਜਿਸ ਕੋਲ ਕਾਫ਼ੀ ਫੰਡ ਹੈ। ਉਹ ਅਦਾਰੇ, ਗਰੁੱਪ ਤੇ ਮਿਸ਼ਨ ਬਣਾ ਸਕਦੇ ਹਨ। ਉਹਨਾਂ ਉੱਪਰ ਅਫਸਰਸ਼ਾਹੀ ਵੀ ਨਹੀਂ ਹੁੰਦੀ। ਨਹੀਂ ਤਾਂ ਤੁਹਾਨੂੰ ਗਰਾਂਟ ਮਿਲ ਜਾਂਦੀ ਹੈ ਪਰ ਜੇ ਇਹ ਹਰ ਵੇਲੇ ਅਡਿਟ ਹੀ ਹੁੰਦੀ ਰਹਿਣੀ ਹੈ ਤਾਂ ਤੁਸੀਂ ਇਸਨੂੰ ਵਰਤ ਨਹੀਂ ਸਕਦੇ। ਪਰ ਕੁਝ ਵਿਦਿਆਰਥੀ ਮੈਨੂੰ ਕਹਿੰਦੇ ਹਨ ਕਿ ਮੈਨੂੰ ਤਿੰਨ ਸਾਲਾਂ ਲਈ ਗਰਾਂਟ ਮਿਲ ਗਈ ਹੈ। ਪਰ ਜਦੋਂ ਉਹ ਪਹਿਲੇ ਸਾਲ ਦੀ ਪ੍ਰੋਗਰੈਸ ਰਿਪੋਰਟ ਭੇਜਦੇ ਹਨ ਤਾਂ ਅਗਲੀ ਗਰਾਂਟ ਮਿਲਣ ਤੱਕ ਤੀਸਰਾ ਸਾਲ ਖ਼ਤਮ ਹੋ ਜਾਂਦਾ ਹੈ।

*** ਮੇਰੇ ਪਿਤਾ ਜੀ ਜਦੋਂ ਕਈ ਸਾਲ ਬਾਅਦ ਪੈਨਸ਼ਨ ਲੈਣ ਅਧਿਕਾਰੀਆਂ ਕੋਲ ਗਏ ਤਾਂ ਉਹ ਕਹਿਣ ਲੱਗੇ ਕਿ ਪਹਿਲਾਂ ਤੁਸੀਂ ਪਿਛਲੇ ਦੋ ਸਾਲਾਂ ਦੇ ਜਿਉਂਦੇ ਰਹਿਣ ਦਾ ਸਰਟੀਫਿਕੇਟ ਜਮ੍ਹਾਂ ਕਰਵਾਉ, ਫਿਰ ਹੀ ਤੁਹਾਨੂੰ ਪੈਨਸ਼ਨ ਦਿੱਤੀ ਜਾ ਸਕਦੀ ਹੈ। ਤਾਂ ਉਹ ਕਹਿਣ ਲੱਗੇ ਕਿ ਮੁੜ ਜਿਉਂਦਾ ਹੋ ਕੇ ਤਾਂ ਨਹੀਂ ਆਇਆ। ਪਰ ਉਹ ਕਹਿਣ ਲੱਗੇ ਕਿ ਅਸੀਂ ਕਾਗਜ਼ਾਂ ਦਾ ਘਰ ਤਾਂ ਪੂਰਾ ਕਰਨਾ ਹੈ?**

– ਮੇਰੇ ਬਾਪ ਨਾਲ ਵੀ ਇਸ ਤਰ੍ਹਾਂ ਹੀ ਹੋਇਆ? ਇਸ ਲਈ ਤੁਸੀਂ ਇਸ ਅਦਾਰੇ ਵਿੱਚ ਅਫ਼ਸਰਸ਼ਾਹੀ ਦਾ ਰੋਲ ਘਟਾ ਦਿੱਤਾ ਹੈ।

ਠੀਕ ਹੈ ਜੋ ਵੀ ਨੌਜੁਆਨ ਵਿਦਿਆਰਥੀ ਸਾਡੇ ਕੋਲ ਆਉਂਦਾ ਹੈ ਉਸ ਕੋਲ ਇੱਕ ਵਧੀਆ ਲੈਬ ਤੇ ਸਹੂਲਤਾਂ ਹੁੰਦੀਆਂ ਹਨ।

*** ਸਾਨੂੰ ਆਪਣੇ ਅਦਾਰੇ ਬਾਰੇ ਕੁਝ ਦੱਸੋ?**

– ਮੈਂ ਇਸ ਅਦਾਰੇ ਲਈ ਸਹਾਇਤਾ

ਸਰਕਾਰ ਤੇ ਹੋਰ ਬਹੁਤ ਸਾਰੀਆਂ ਜਥੇਬੰਦੀਆਂ ਤੋਂ ਲਈ ਹੈ।

ਮੈਂ ਯੂਨਾਈਟਡ ਅਰਬ ਐਮੀਰੇਟਜ ਦੇ ਸਲਾਹਕਾਰੀ ਬੋਰਡ ਦਾ ਮੈਂਬਰ ਵੀ ਹੈ। ਇੱਕ ਸ਼ੇਖ ਮੇਰੇ ਕੋਲ ਆਇਆ। ਉਹ ਵਿਗਿਆਨਕ ਖੇਤਰ ਵਿੱਚ ਕੁਝ ਯੋਗਦਾਨ ਪਾਉਣਾ ਚਾਹੁੰਦਾ ਸੀ। ਮੈਂ ਇੱਕ ਕਮੇਟੀ ਮੈਂਬਰ ਸਾਂ ਤੇ ਉਹ ਮੈਨੂੰ ਚਾਹੁੰਦਾ ਸੀ। ਉਸਨੇ ਮੈਨੂੰ 2400 ਕਰੋੜ ਰੁਪਏ ਦਾਨ ਕਰ ਦਿੱਤੇ। ਮੈਂ ਉਸਦੇ ਨਾਂ ਤੇ ਇੱਕ ਛੋਟੀ ਲੈਬ ਬਣਾ ਦਿੱਤੀ।

*** ਤੁਸੀਂ ਸਾਨੂੰ ਇਹ ਦੱਸੋ ਕਿ ਤੁਸੀਂ ਕਿਸ ਖੇਤਰ ਵਿੱਚ ਕੰਮ ਕੀਤਾ ਹੈ। ਬਹੁਤ ਘੱਟ ਲੋਕ ਜਾਣਦੇ ਹਨ ? ਤੁਸੀਂ ਸੀ.ਵੀ ਰਮਨ ਨਾਲ ਵੀ ਰਹੇ ਹੋ ?**

– ਪਹਿਲਾਂ ਪਹਿਲ ਮੈਂ ਅਣੂਆਂ ਦੀ ਬਣਤਰ ਅਤੇ ਅਣੂਆਂ ਨੂੰ ਵੇਖਣ ਲਈ ਸਪੈਕਟਰੋਸਕੋਪੀ ਅਤੇ ਫਿਰ ਚੁੰਬਕੀ ਬਲਾਂ ਤੇ ਕੰਮ ਕਰਵਾ ਰਿਹਾ ਹਾਂ। ਫਿਰ ਮੈਂ ਮਹਿਸੂਸ ਕੀਤਾ ਕਿ ਜੇ ਮੈਂ ਭਾਰਤ ਵਿੱਚ ਰਹਿ ਕੇ ਹੀ ਕੰਮ ਕਰਨਾ ਹੈ ਤਾਂ ਮੈਂ ਬਹੁਤਾ ਸਫਲ ਨਹੀਂ ਹੋ ਸਕਾਂਗਾ ਕਿਉਂਕਿ ਅਮਰੀਕਨਾਂ ਕੋਲ ਵੱਧ ਵਿਕਸਿਤ ਸਾਜੋ ਸਮਾਨ ਹੈ। ਇਸ ਲਈ 55 ਸਾਲ ਪਹਿਲਾਂ ਮੈਂ ਪਦਾਰਥਵਾਦੀ ਰਸਾਇਣ ਵਿਗਿਆਨ ਨੂੰ ਲੈ ਲਿਆ। ਉਸ ਸਮੇਂ ਇਸ ਖੇਤਰ ਵਿੱਚ ਬਹੁਤ ਘੱਟ ਲੋਕ ਕੰਮ ਕਰ ਰਹੇ ਸਨ। ਹੁਣ ਇਹ ਮੁਖ ਵਿਗਿਆਨਕ ਖੇਤਰ ਬਣ ਗਿਆ ਹੈ। ਬਹੁਤ ਸਾਰੇ ਲੋਕ ਇਹ ਸੋਚਦੇ ਹਨ ਕਿ ਮੈਂ ਇਸ ਖੇਤਰ ਦਾ ਬਾਬਾ ਬੋਹੜ ਹਾਂ। ਹੁਣ ਜਦੋਂ ਵੀ ਲੋਕ ਇਸ ਖੇਤਰ ਨੂੰ ਚੁਣਦੇ ਹਨ ਤਾਂ ਮੇਰੇ ਕੰਮ ਤੋਂ ਜਾਣੂ ਹੁੰਦੇ ਹਨ। ਇਹ ਵਿਸ਼ਾ ਅਜਿਹੇ ਪਦਾਰਥਾਂ ਨੂੰ ਖੋਜਣਾ ਅਤੇ ਡੀਜ਼ਾਈਨ ਕਰਨ ਦਾ ਹੈ ਜਿਨ੍ਹਾਂ ਵਿੱਚ ਅਜੀਬ ਗੁਣ ਹੁੰਦੇ ਹਨ ਜਿਹਨਾਂ ਦੀ ਵਰਤੋਂ ਟੈਕਨਾਲੋਜੀ ਵਿੱਚ ਕੀਤੀ ਜਾ ਸਕਦੀ ਹੈ।

*** ਮੇਰੇ ਲਈ ਅਜਿਹੇ ਪਦਾਰਥ ਕਿਉਂ ਜ਼ਰੂਰੀ ਹਨ ?**

– ਭਾਵੇਂ ਇਹ ਇਲੈਕਟਰਾਨਿਕਸ ਜਾਂ ਡਾਕਟਰੀ ਚੀਰਫਾੜ ਦਾ ਸਮਾਨ ਹੋਵੇ ਇਹ ਪਦਾਰਥ ਵਰਤਿਆ ਜਾ ਰਿਹਾ ਹੈ। ਭਾਵੇਂ ਤੁਹਾਡੇ ਸਰੀਰ ਦੇ ਕਿਸੇ ਅੰਗ ਦੀ ਬਦਲੀ ਹੋਵੇ ਜਾਂ ਕਿਸੇ ਕੰਪਿਊਟਰ ਜਾਂ ਚੁੰਬਕੀ ਸਮਾਨ ਦੀ ਵਰਤੋਂ ਹੋਵੇ। ਤੁਹਾਨੂੰ ਅਜਿਹੇ ਪਦਾਰਥ ਦੀ ਲੋੜ ਹੁੰਦੀ ਹੈ। ਅਸੀਂ ਲੋਹੇ ਨਾਲੋਂ ਤਾਕਤਵਰ ਹੰਢਣਸ਼ਾਰ ਪਦਾਰਥਾਂ ਦਾ ਨਿਰਮਾਣ ਕੀਤਾ ਹੈ।

*** ਜਾਂ ਤਾਂ ਸਾਡੇ ਕੋਲ ਪੀ. ਐਚ. ਡੀਜ ਨਹੀਂ ਹਨ ਜਾਂ ਉਹ ਨਿਕੰਮੇ ਹਨ ਅਸੀਂ ਉਹਨਾਂ ਨੂੰ ਵੱਡੀ ਗਿਣਤੀ ਵਿੱਚ ਪੈਦਾ ਕਿਉਂ ਕਰ ਰਹੇ ਹਾਂ ?**

– ਅਸੀਂ ਚੀਨੀਆਂ ਜਿੰਨੇ ਪੀ. ਐਚ. ਡੀ. ਪੈਦਾ ਨਹੀਂ ਕਰ ਰਹੇ ਹਾਂ। ਉਹ 23000 ਪੀ. ਐਚ. ਡੀ. ਹਰ ਸਾਲ ਪੈਦਾ ਕਰਦੇ ਹਨ ਤੇ ਅਸੀਂ ਭਾਰਤ ਵਿੱਚ ਸਿਰਫ਼ 8000, ਪਰ ਕਈ ਖੇਤਰਾਂ ਵਿੱਚ ਸਾਡੇ ਕੋਲ ਪੀ. ਐਚ. ਡੀਜ ਦੀ ਘਾਟ ਹੈ ਕੁਝ ਵਿੱਚ ਜ਼ਿਆਦਾ ਹਨ। ਇਸ ਦੀ ਤਰਤੀਬ ਠੀਕ ਕਰਨ ਦੀ ਲੋੜ ਹੈ।

*** ਭਾਰਤ ਵਿੱਚ ਵਿਗਿਆਨਕ ਸੋਚ ਬਾਰੇ ਘਾਟ ਹੈ ?**

– ਇਹ ਗੱਲ ਠੀਕ ਹੈ। ਪੜ੍ਹੇ ਲਿਖੇ ਲੋਕ ਵੀ ਵਿਗਿਆਨਕ ਸੋਚ ਦੇ ਧਾਰਨੀ ਨਹੀਂ ਹੁੰਦੇ। ਜੇ ਵਿਗਿਆਨਕ ਸੋਚ ਇਸ ਦੇਸ਼ ਦੀ ਅਗਵਾਈ ਕਰਨ ਵਾਲਿਆਂ ਵਿੱਚ ਹੋਵੇ ਤਾਂ ਸਾਡੇ ਫੈਸਲੇ ਠੋਸ ਆਧਾਰ ਤੇ ਵੱਧ ਤਰਕਸ਼ੀਲ ਹੋਣਗੇ।






*** ਇਸ਼ਰੋ ਵਿੱਚ ਵੀ ਰਾਕੇਟ ਬਗੈਰਾ ਛੱਡਣ ਤੋਂ ਪਹਿਲਾਂ ਤਿਰੂਪਤੀ ਮੰਦਰ ਵਿੱਚ ਜਾ ਕੇ ਕੋਕੋਨਟ ਚੜ੍ਹਾਇਆ ਜਾਂਦਾ ਹੈ ?**

– ਮੇਰਾ ਮਿੱਤਰ ਕਿਹਾ ਕਰਦਾ ਸੀ ਕਿ ਜੇ ਕੋਈ ਆਖਰੀ ਮਿੰਟ ਤੇ ਵੀ ਕੋਈ ਗੱਲ ਅਸਫ਼ਲ ਹੋ ਗਈ ਤਾਂ ਆਰਤੀ ਸਭ ਕੁਝ ਮੁਆਫ਼ ਕਰ ਦੇਵੇਗੀ।

ਪਰੰਤੂ ਵਿਗਿਆਨੀਆਂ ਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਵਿਸ਼ਵਾਸ ਤੇ ਧਰਮ ਮੇਰੇ ਲਈ ਨਿੱਜੀ ਹਨ। ਇਹ ਵਿਗਿਆਨ ਜਾਂ ਜ਼ਿੰਦਗੀ ਦੇ ਕਿਸੇ ਹੋਰ ਪੱਖ ਨਾਲ ਰਲਗੱਡ ਨਹੀਂ ਹੋਣੇ ਚਾਹੀਦੇ। ਲੀਨਜਪਾਲਿੰਗ ਮੇਰਾ ਇੱਕ ਗੁਰੂ ਸੀ। ਜਿਸਨੇ ਵਿਟਾਮਿਨ ਬਣਾਏ। ਇੱਕ ਵਾਰ ਉਹ ਅਮਰੀਕਾ ਵਿੱਚ ਐਟਮੀ ਬੰਬ ਵਿਰੋਧੀ ਮੁਜਾਹਰੇ ਵਿੱਚ ਸ਼ਾਮਿਲ ਹੋ ਗਿਆ। ਅਮਰੀਕਾ ਸਰਕਾਰ ਨੇ ਉਸਦਾ ਪਾਸਪੋਰਟ ਖੋਹ ਲਿਆ। ਪਰ ਉਸਨੇ ਕਿਹਾ ਕਿ ਇਹ ਮੇਰਾ ਯਕੀਨ ਹੈ। ਸਾਨੂੰ ਅਜਿਹੇ ਵਿਗਿਆਨੀ ਅਤੇ ਆਗੂਆਂ ਦੀ ਜ਼ਰੂਰਤ ਹੈ ਜੋ ਆਪਣੇ ਵਿਸ਼ਵਾਸ਼ਾਂ ਤੇ ਖੜ੍ਹ ਸਕਣ।

*** ਅਸੀਂ ਉਦੋਂ ਕੁਝ ਨਾ ਕੀਤਾ ਜਦੋਂ ਮੁਰਲੀ ਮਨੋਹਰ ਜੋਸ਼ੀ ਨੇ ਯੂਨੀਵਰਸਿਟੀਆਂ ਵਿੱਚ ਵੈਦਿਕ ਸਾਇੰਸ ਤੇ ਗਊ ਦੇ ਪੇਸ਼ਾਬ ਤੇ ਰਿਸਰਚ ਕਰਵਾਉਣੀ ਸ਼ੁਰੂ ਕੀਤੀ ?**

– ਅਸੀਂ ਹੌਂਸਲਾ ਖੋ ਬੈਠੇ ਸੀ। ਅਸੀਂ ਆਪਣਾ ਕੀਮਤੀ ਸਮਾਂ ਹੀ ਬਰਬਾਦ ਕਰ ਦਿੱਤਾ।

*** ਡਾਕਟਰ ਜੋਸ਼ੀ ਕਹਿੰਦਾ ਹੈ ਕਿ ਵੈਦਿਕ ਸਮਿਆਂ ਵਿੱਚ ਸਾਡੇ ਕੋਲ ਐਟਮ ਬੰਬ ਸਨ ?**

– ਇਕੱਲਾ ਇਹ ਹੀ ਨਹੀਂ ਸਗੋਂ ਜੈਟ ਜਹਾਜ਼ ਵੀ ਸਨ।

*** ਅਜਿਹਾ ਵਿਗਿਆਨਕ ਲੱਭਣਾ ਜਿਸ ਨੂੰ ਵਿਗਿਆਨਕ ਹੋਣ ਤੇ ਮਾਣ ਨਾ ਹੋਵੇ ਅਸੰਭਵ ਹੈ ?**

– ਮੈਂ ਆਪਣੀ ਜ਼ਿੰਦਗੀ ਨੂੰ ਵਿਉਪਾਰ ਨਹੀਂ ਬਣਾਵਾਂਗਾਂ। ਮੈਂ ਆਪਣੀ ਜ਼ਿੰਦਗੀ ਦੇ ਅੰਤਲੇ ਦਿਨ ਤੱਕ ਵਿਗਿਆਨ ਨਾਲ ਹੀ ਜੁੜਿਆ ਰਹਾਂਗਾਂ। ਕਰੋੜਾਂ ਰੁਪਏ ਹਰ ਰੋਜ ਖਰਚ ਕੇ ਵੀ ਕੋਈ ਮੈਨੂੰ ਖਰੀਦ ਨਹੀਂ ਸਕਦਾ। ਮੈਂ ਤੇ ਮੇਰੀ ਪਤਨੀ ਨੇ ਸਾਡੀ ਅੱਧੀ ਦੌਲਤ ਵੰਡ ਦਿੱਤੀ ਹੈ ਅਤੇ ਅਜੇ ਹੋਰ ਵੰਡਣ ਦਾ ਇਰਾਦਾ ਹੈ। ਅੰਤ ਵਿੱਚ ਤੁਸੀਂ ਪੈਸੇ ਤੋਂ ਕੀ ਕਰਵਾਉਗੇ ਇਸਦਾ ਕੋਈ ਫ਼ਾਇਦਾ ਨਹੀਂ।

ਅਨੁਵਾਦ – ਮੇਘ ਰਾਜ ਮਿੱਤਰ


**ਸੂਚਨਾ**

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ* **400/-ਰੁਪੈ** *ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।* **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



## ਹਿੰਦੀ ਵਿਗਿਆਨ ਕਹਾਣੀ

# ਬਰਬੰਡਾ ਗ੍ਰਹਿ

**ਮੂਲ ਲੇਖਕ :- ਸਾਬਿਰ ਹੁਸੈਨ**
**ਅਨੁਵਾਦ : ਅਜਮੇਰ ਸਿੱਧੂ**

ਡਾਕਟਰ ਰਾਜੇਸ਼ ਪੁਲਾੜ ਗੱਡੀ ਦੀ ਸਕਰੀਨ ਉੱਤੇ ਚਮਕ ਰਹੇ ਉਸ ਗ੍ਰਹਿ ਨੂੰ ਦੇਖ ਰਿਹਾ ਸੀ, ਜੋ ਧਰਤੀ ਰਾਹ 'ਤੇ ਉਪਗ੍ਰਹਿਆਂ ਦੇ ਵਿਚਕਾਰ ਪ੍ਰਿਥਵੀ ਦਾ ਚੱਕਰ ਲਗਾ ਰਿਹਾ ਸੀ। ਉਸ ਗ੍ਰਹਿ ਨਾਲ ਟਕਰਾ ਕੇ ਧਰਤੀ ਦੇ ਮੌਸਮ ਦੀ ਸੂਚਨਾ ਦੇਣ ਵਾਲਾ ਮਿਯੰਕ ਉਪਗ੍ਰਹਿ ਹਾਦਸਾਗ੍ਰਸਤ ਹੋ ਗਿਆ ਸੀ। ਸਭ ਤੋਂ ਪਹਿਲਾਂ ਇਸ ਗ੍ਰਹਿ ਨੂੰ ਅਮਰੀਕਾ ਦੀ ਪ੍ਰਯੋਗਸ਼ਾਲਾ ਵਿੱਚੋਂ ਦੇਖਿਆ ਗਿਆ ਸੀ। ਪਹਿਲਾਂ ਤਾਂ ਇਸ ਵੱਲ ਕਿਸੇ ਨੇ ਬਹੁਤਾ ਧਿਆਨ ਨਹੀਂ ਦਿੱਤਾ ਸੀ। ਪ੍ਰੰਤੂ ਜਦੋਂ ਇਹ ਮਿਯੰਕ ਉਪਗ੍ਰਹਿ ਨਾਲ ਟਕਰਾਇਆ ਸੀ ਤਾਂ ਦੁਨੀਆਂ ਭਰ ਦੇ ਵਿਗਿਆਨਕਾਂ ਦਾ ਧਿਆਨ ਇਸ ਗ੍ਰਹਿ 'ਤੇ ਕੇਂਦਰਿਤ ਹੋ ਗਿਆ ਸੀ।

ਵਿਗਿਆਨਕਾਂ ਦੀ ਇਕ ਟੀਮ ਗ੍ਰਹਿ ਦੀਆਂ ਗਤੀਵਿਧੀਆਂ ਦਾ ਅਧਿਐਨ ਕਰਨ ਲੱਗੀ। ਵਿਗਿਆਨਕਾਂ ਦੀ ਟੀਮ ਨੇ ਜੋ ਜਾਣਕਾਰੀ ਦਿੱਤੀ ਸੀ, ਉਸ ਨਾਲ ਪੂਰੀ ਦੁਨੀਆਂ ਚਿੰਤਤ ਹੋ ਗਈ ਸੀ। ਉਨ੍ਹਾਂ ਨੇ ਦੱਸਿਆ ਸੀ ਕਿ ਉਕਤ ਗ੍ਰਹਿ ਕਿਸੇ ਵੀ ਉਪਗ੍ਰਹਿ ਨਾਲ ਟਕਰਾ ਕੇ ਧਰਤੀ ਦੇ ਗੁਰੂਤਾ ਬਲ ਵਾਲੇ ਖੇਤਰ ਵਾਲੇ ਖੇਤਰ ਵਿੱਚ ਆ ਕੇ ਧਰਤੀ ਨਾਲ ਟਕਰਾ ਸਕਦਾ ਹੈ। ਗ੍ਰਹਿ ਭਾਵੇਂ ਛੋਟਾ ਹੀ ਸੀ ਪਰ ਪ੍ਰਿਥਵੀ ਦੇ ਜਿਸ ਭਾਗ ਨਾਲ ਟਕਰਾਅ ਹੋ ਜਾਂਦਾ, ਉਥੇ ਤਬਾਹੀ ਹੋ ਜਾਂਦੀ ਸੀ। ਦੁਨੀਆਂ ਭਰ ਦੇ ਵਿਗਿਆਨਕ ਮਾਸਕੋ ਵਿੱਚ ਇਕੱਠੇ ਹੋਏ ਸਨ ਉਸ ਬੈਠਕ ਵਿੱਚ ਨਿਰਣਾ ਲਿਆ ਗਿਆ ਸੀ ਕਿ ਡਾਕਟਰ ਰਾਜੇਸ਼ ਮੇਘਦੂਤ ਪੁਲਾੜ ਗੱਡੀ ਰਾਹੀਂ ਜਾ ਕੇ ਉਸ ਗ੍ਰਹਿ ਦੇ ਸਬੰਧ ਵਿੱਚ ਜਾਣਕਾਰੀ ਪ੍ਰਾਪਤ ਕਰੇ।



ਮੇਘਦੂਤ ਹੀ ਅਜਿਹੀ ਪੁਲਾੜ ਜਹਾਜ਼ ਸੀ, ਜੋ ਪੁਲਾੜ ਵਿੱਚ ਯੁੱਧ ਵੀ ਕਰ ਸਕਦਾ ਸੀ। ਉਸ ਵਿੱਚ ਲੇਸਰ ਕਿਰਨ ਤੋਪ ਤੋਂ ਇਲਾਵਾ ਧੁਨੀ ਤਰੰਗਾਂ ਦਾ ਅਜਿਹਾ ਯੰਤਰ ਲੱਗਾ ਹੋਇਆ ਸੀ, ਜਿਹੜਾ ਕਿਸੇ ਵੀ ਚੀਜ਼ ਨੂੰ ਧੱਕਾ ਦੇ ਸਕਦਾ ਸੀ। ਸੰਨ 2021 ਵਿੱਚ ਇੱਕ ਉਪਗ੍ਰਹਿ ਬੇਕਾਰ ਹੋ ਕੇ ਧਰਤੀ ਦੇ ਗੁਰੂਤਾ ਬਲ ਵਾਲੇ ਖੇਤਰ ਵਿੱਚ ਆ ਗਿਆ ਸੀ। ਉਦੋਂ ਉਸਨੂੰ ਧੁਨੀ ਤਰੰਗ ਯੰਤਰ ਨਾਲ ਖਾਲੀ ਥਾਂ ਵੱਲ ਧੱਕ ਦਿੱਤਾ ਗਿਆ ਸੀ।

ਡਾ. ਰਾਜੇਸ਼ ਨੇ ਸਾਵਧਾਨੀ ਨਾਲ ਗ੍ਰਹਿ ਦੇ ਚਾਰੋਂ ਪਾਸੇ ਚੱਕਰ ਲਗਾਇਆ। ਉਹ ਗ੍ਰਹਿ ਇਧਰ ਉਧਰ ਘੁੰਮ ਰਿਹਾ ਸੀ। ਗ੍ਰਹਿ ਦਾ ਰੰਗ ਮੰਗਲ ਗ੍ਰਹਿ ਵਾਂਗ ਲਾਲ ਸੀ। ਗ੍ਰਹਿ ਤੇ ਜੀਵਨ ਹੈ ਜਾਂ ਨਹੀਂ, ਇਹ ਜਾਣਨ ਲਈ ਗ੍ਰਹਿ 'ਤੇ ਉਤਰਨਾ ਜ਼ਰੂਰੀ ਸੀ।

"ਜਹਾਜ਼ ਨੂੰ ਮੈਂ ਉਸ ਗ੍ਰਹਿ 'ਤੇ ਲਿਜਾ ਰਿਹਾ ਹਾਂ।" ਡਾਕਟਰ ਰਾਜੇਸ਼ ਨੇ ਪ੍ਰਿਥਵੀ ਦੇ ਕੰਟਰੋਲ ਰੂਪ ਨੂੰ ਸੂਚਨਾ ਦਿੱਤੀ ਅਤੇ ਜਹਾਜ਼ ਨੂੰ ਗ੍ਰਹਿ ਦੇ ਅੰਦਰ ਲਿਜਾ ਕੇ ਇੱਕ ਬਹੁਤ ਵੱਡੀ ਚਟਾਨ ਦੇ ਉੱਤੇ ਉਤਾਰ ਦਿੱਤਾ। ਪੁਲਾੜ ਗੱਡੀ ਦਾ ਕੰਪਿਊਟਰ ਦੱਸ ਰਿਹਾ ਸੀ ਕਿ ਗ੍ਰਹਿ 'ਤੇ ਆਕਸੀਜਨ ਨਹੀਂ ਹੈ ਅਤੇ ਉਥੇ ਲਗਾਤਾਰ ਭੂਚਾਲ ਦੇ ਝਟਕੇ ਲੱਗ ਰਹੇ ਹਨ। ਰਾਜੇਸ਼ 'ਪੁਲਾੜ' ਸੂਟ ਪਹਿਨ ਕੇ ਗੱਡੀ ਵਿੱਚੋਂ ਬਾਹਰ ਆ ਗਿਆ। ਉਸਨੇ ਦੇਖਿਆ, ਗ੍ਰਹਿ ਉੱਤੇ ਚਾਰੇ ਪਾਸੇ ਵੱਡੀਆਂ ਵੱਡੀਆਂ ਕਾਲੀਆਂ ਚੱਟਾਨਾਂ ਹਨ। ਪਰ ਉਥੋਂ ਦੀ ਜ਼ਮੀਨ ਦਾ ਰੰਗ ਲਾਲ ਹੈ। ਬਨਸਪਤੀ ਦੇ ਨਾਂ ਉੱਤੇ ਉਸ ਗ੍ਰਹਿ ਉੱਪਰ ਗੁਲਾਬੀ ਘਾਹ ਸੀ।

"ਹੇ ਧਰਤੀ ਦੇ ਬੇਟੇ, ਬਰਬੰਡਾ ਗ੍ਰਹਿ 'ਤੇ ਤੇਰਾ ਸਵਾਗਤ ਹੈ।" ਅਚਾਨਕ ਇੱਕ ਆਵਾਜ਼ ਗੂੰਜੀ।

ਡਾ. ਰਾਜੇਸ਼ ਨੇ ਤ੍ਰਭਕ ਕੇ ਆਵਾਜ਼ ਵੱਲ ਦੇਖਿਆ। ਉਸ ਦੇ ਖੱਬੇ ਪਾਸੇ ਇੱਕ ਅਜੀਬ ਜੀਵ ਗੁਲਾਬੀ ਰੰਗ ਦੇ ਘਾਹ ਵਿੱਚ ਖੜ੍ਹਾ ਸੀ। ਉਹਦਾ ਮੂੰਹ ਘੜਿਆਲ ਵਰਗਾ ਸੀ। ਪ੍ਰੰਤੂ ਉਸ ਵਿੱਚ ਇੱਕ ਵੀ ਦੰਦ ਨਹੀਂ ਸੀ। ਸਰੀਰ ਉੱਤੇ ਗੈਂਡੇ ਦੀ ਖੱਲ ਵਰਗੀ ਪਰਤ ਚੜ੍ਹੀ ਹੋਈ ਸੀ ਜੋ ਵਾਰ ਵਾਰ ਫੁੱਲ ਰਹੀ ਸੀ। ਉਸਦੇ ਹੱਥ ਛੋਟੇ ਛੋਟੇ ਸਨ। ਜਿਸ ਦੀਆਂ ਤਿੰਨ ਤਿੰਨ ਉਂਗਲੀਆਂ ਸਨ, ਜਿਹੜੀਆਂ ਇੱਕ ਝਿੱਲੀ ਨਾਲ ਜੁੜੀਆਂ ਹੋਈਆਂ ਸਨ।

"ਤੁਸੀਂ ਕੌਣ ਹੋ?" ਡਾ. ਰਾਜੇਸ਼ ਨੇ ਪੁੱਛਿਆ।

"ਮੇਰਾ ਨਾਂ ਜੈਨਿਸਟੋ ਹੈ। ਇਸ ਗ੍ਰਹਿ ਉੱਤੇ ਮੇਰੇ ਵਰਗੇ ਦੋ ਤਿੰਨ ਸੌ ਜੀਵ ਹਨ, ਜੋ ਦੋ ਸੌ ਸਾਲ ਤੋਂ ਜੀਵਿਤ ਹਨ। ਬਾਕੀ ਸਭ ਕੁਝ ਤਬਾਹ ਹੋ ਚੁੱਕਾ ਹੈ।" ਉਹ ਜੀਵ ਬੋਲਿਆ।

ਭਾਸ਼ਾ ਕੰਪਿਊਟਰ ਕਾਰਨ ਡਾ. ਰਾਜੇਸ਼ ਨੂੰ ਉਸ ਜੀਵ, ਜਿਸ ਦਾ ਨਾਂ ਜੈਨਿਸਟੋ ਸੀ, ਨਾਲ ਗੱਲਬਾਤ ਕਰਨ ਵਿੱਚ ਕੋਈ ਮੁਸ਼ਕਲ ਨਹੀਂ ਆ ਰਹੀ ਸੀ।

"ਤਬਾਹ ਕਿਵੇਂ ਹੋ ਗਿਆ।" ਡਾ. ਰਾਜੇਸ਼ ਨੇ ਉਤਸੁਕਤਾ ਨਾਲ ਪੁੱਛਿਆ।

"ਇਸ ਗ੍ਰਹਿ ਦਾ ਜੀਵਨ ਚੱਕਰ ਗੈਸਾਂ ਨਾਈਟ੍ਰੋਜਨ ਅਤੇ ਕਾਰਬਨ 'ਤੇ ਆਧਾਰਿਤ ਸੀ। ਸਾਡੀ ਬਨਸਪਤੀ ਕਾਰਬਨ ਲੈ ਕੇ ਨਾਈਟਰੋਜਨ ਦਿੰਦੀ ਸੀ। ਵੱਧਦੀ ਆਬਾਦੀ ਦੇ ਕਾਰਨ ਇੱਥੇ ਭੋਜਨ ਦੀ ਸਮੱਸਿਆ ਵਧ ਰਹੀ ਸੀ। ...ਤੇ ਅਸੀਂ ਆਪਣੀ ਬਨਸਪਤੀ ਤਬਾਹ ਕਰਦੇ ਗਏ।" ਜੈਨਿਸਟੋ ਬੋਲਿਆ ਸੀ।

"ਤੁਹਾਡੇ ਲੋਕ ਖੇਤੀ ਵਗੈਰਾ ਨਹੀਂ ਕਰਦੇ ਸਨ?" ਡਾ. ਰਾਜੇਸ਼ ਨੇ ਪੁੱਛਿਆ।

"ਵਿਗਿਆਨ ਦੀ ਤਰੱਕੀ ਕਾਰਨ ਇਸ ਗ੍ਰਹਿ ਦੇ ਲੋਕਾਂ ਨੇ ਸਰੀਰ ਨਾਲ ਕੰਮ ਕਰਨਾ ਬੰਦ ਕਰ ਦਿੱਤਾ ਸੀ। ਸਾਡੇ ਲੋਕਾਂ ਦਾ ਯਤਨ ਸੀ ਕਿ ਸਾਡੀ ਸਰੀਰਕ ਬਣਤਰ ਇਸ ਤਰ੍ਹਾਂ ਦੀ ਹੋ ਜਾਏ ਕਿ ਕੰਮ ਕਰਨ ਦੀ ਥਾਂ ਸਾਹ ਦੁਆਰਾ ਹੀ ਸਾਰਾ ਕੁਝ ਕਰ ਲਈਏ। ਮੇਰਾ ਸਰੀਰ ਦੇਖ ਰਹੇ ਹੋ? ਇਹ ਵਿਗਿਆਨਕਾਂ ਦੀ ਦੇਣ ਹੈ। ਇਸ ਵਿੱਚ ਸਿਰਫ਼ ਦਿਮਾਗ ਦਾ ਇਸਤੇਮਾਲ ਕੀਤਾ ਜਾਂਦਾ ਹੈ। ਅਸੀਂ ਸਾਹ ਵਿੱਚ ਹਾਈਡਰੋਜਨ ਲੈਂਦੇ ਹਾਂ ਅਤੇ ਉਸ ਤੋਂ ਹੀ ਊਰਜਾ ਲੈਂਦੇ ਹਾਂ।" ਜੈਨਿਸਟੋ ਬੋਲਿਆ ਸੀ।

"ਤਾਂ ਕੀ ਇਸ ਗ੍ਰਹਿ 'ਤੇ ਹਾਈਡਰੋਜਨ ਹੈ?"

"ਹਾਂ, ਇਸੇ ਹਾਈਡਰੋਜਨ ਦੇ ਕਾਰਨ

ਇਸ ਗ੍ਰਹਿ ਦੀ ਸ੍ਰਿਸ਼ਟੀ ਤਬਾਹ ਹੋ ਗਈ। ਹਾਈਡ੍ਰੋਜਨ ’ਤੇ ਆਧਾਰਿਤ ਸਾਡੀ ਪ੍ਰਜਾਤੀ ਦੇ ਦੋ ਤਿੰਨ ਸੌ ਹੀ ਮਾਨਵ ਤਿਆਰ ਕਰ ਸਕੇ ਸਨ, ਉਦੋਂ ਹੀ ਹਾਈਡ੍ਰੋਜਨ ਦੀ ਬਹੁਤਾਤ ਕਾਰਨ ਸਭ ਤਬਾਹ ਹੋ ਗਿਆ। ਇੱਥੇ ਜਿੰਨੇ ਵੀ ਜੀਵ ਹਨ, ਸਾਰੇ ਵਿਗਿਆਨਕ ਮਸਤਿਕ ਵਾਲੇ ਹਨ। ਪਰ ਅਸੀਂ ਇਧਰ ਉਧਰ ਘੁੰਮਣ ਜਾਂ ਸੌਣ ਤੋਂ ਇਲਾਵਾ ਕੁਝ ਨਹੀਂ ਕਰਦੇ।” ਜੈਨਿਸਟੋ ਨੇ ਦੱਸਿਆ ਸੀ।

ਹਾਈਡਰੋਜਨ ਦਾ ਨਾਮ ਸੁਣ ਕੇ ਡਾ. ਰਾਜੇਸ਼ ਚਿੰਤਤ ਹੋ ਗਿਆ। ਜੇਕਰ ਇਹ ਗ੍ਰਹਿ ਨਾਲ ਟਕਰਾਅ ਜਾਵੇ ਤਾਂ ਪੂਰੀ ਧਰਤੀ ’ਤੇ ਪਰਲੋ ਆ ਜਾਏਗੀ। ਕਿਉਂਕਿ ਹਾਈਡਰੋਜਨ ਆਕਸੀਜਨ ਨਾਲ ਮਿਲ ਕੇ ਕਿਰਿਆ ਕਰੇਗੀ ਤਾਂ ਪਾਣੀ ਬਣ ਜਾਏਗਾ। ਇਸ ਨਾਲ ਆਕਸੀਜਨ ਦੀ ਘਾਟ ਹੋ ਜਾਏਗੀ। ਪਾਣੀ ਦੇ ਵਧਣ ਨਾਲ ਹੜ੍ਹ ਆ ਜਾਣਗੇ। ਸਮੁੰਦਰ ਦਾ ਜਲ ਸਤਰ ਵਧ ਜਾਏਗਾ। ਸਾਰੀ ਜ਼ਮੀਨ ਸਮੁੰਦਰ ਵਿੱਚ ਸਮਾਅ ਜਾਏਗੀ।

“ਕੀ ਸੋਚ ਰਹੇ ਹੋ, ਹੇ ਧਰਤੀ ਮਾਨਵ ?” ਜੈਨਿਸਟੋ ਬੋਲਿਆ।

“ਤੁਹਾਡਾ ਇਹ ਬਰਬੰਡਾ ਗ੍ਰਹਿ ਜੇਕਰ ਸਾਡੀ ਧਰਤੀ ਕੋਲ ਜਾ ਕੇ ਟਕਰਾ ਜਾਏ ਤਾਂ ਸਾਡੀ ਧਰਤੀ ਦਾ ਜੀਵਨ ਵੀ ਨਸ਼ਟ ਹੋ ਜਾਵੇਗਾ।”

“ਸਾਡਾ ਗ੍ਰਹਿ ਹਾਈਡਰੋਜਨ ਗੈਸ ਦੇ ਕਾਰਨ ਪੁਲਾੜ ਵਿੱਚ ਉੱਡਦਾ ਹੋਇਆ ਫਿਰ ਰਿਹਾ ਹੈ ਤੇ ਅਸੀਂ ਕੁਝ ਵੀ ਨਹੀਂ ਕਰ ਸਕਦੇ। ਜਦੋਂ ਇਹ ਗ੍ਰਹਿ ਟਕਰਾਅ ਜਾਏਗਾ, ਤਦ ਅਸੀਂ ਵੀ ਖਤਮ ਹੋ ਜਾਵਾਂਗੇ। ਇਸ ਵਿਨਾਸ਼ ਦੇ ਜ਼ੁੰਮੇਵਾਰ ਵੀ ਅਸੀਂ ਹੀ ਹਾਂ।” ਜੈਨਿਸਟੋ ਬੋਲਿਆ।

“ਮੈਂ ਤੁਹਾਡੇ ਗ੍ਰਹਿ ਨੂੰ ਪੁਲਾੜ ਵਿੱਚ ਪਹੁੰਚਾ ਦੇਊਂਗਾ।” ਡਾ. ਰਾਜੇਸ਼ ਬੋਲਿਆ।

“ਸਾਡੇ ਗ੍ਰਹਿ ਤੋਂ ਤੁਹਾਡੀ ਧਰਤੀ ਨੂੰ ਖਤਰਾ ਹੈ ਤਾਂ ਤੁਸੀਂ ਸਾਨੂੰ ਕਿਤੇ ਵੀ ਵਗਾਹ ਮਾਰੋ। ਤੁਸੀਂ ਲੋਕ ਵੀ ਵਿਗਿਆਨ ਵਿੱਚ ਬਹੁਤ ਤਰੱਕੀ ਕਰ ਰਹੇ ਹੋ। ਲੇਕਿਨ ਇਸ ਗੱਲ ਦਾ ਧਿਆਨ ਰੱਖਣਾਂ, ਕਿਤੇ ਆਪਣੇ ਹੱਥੀਂ ਹੀ ਆਪਣੀ ਤਬਾਹੀ ਨਾ ਕਰ ਲੈਣੀ।” ਜੈਨਿਸਟੋ ਨੇ ਕਿਹਾ।

ਡਾ. ਰਾਜੇਸ਼ ਨੂੰ ਲੱਗਿਆ ਕਿ ਜੈਨਿਸਟੋ ਠੀਕ ਕਹਿ ਰਿਹਾ ਹੈ। ਪ੍ਰਿਥਵੀ ਦੇ ਲੋਕ ਵੀ ਸੁਖ ਸਹੂਲਤਾਂ ਖਾਤਿਰ ਦਰਖਤ ਕੱਟ ਰਹੇ ਹਨ। ਕੁਦਰਤ ਨਾਲ ਖਿਲਵਾੜ ਕਰ ਰਹੇ ਹਨ। ਜੇਕਰ ਆਕਸੀਜਨ ਅਤੇ ਕਾਰਬਨ ਦਾ ਚੱਕਰ ਵਿਗੜ ਗਿਆ ਤਾਂ ਸਭ ਕੁਝ ਤਬਾਹ ਹੋ ਜਾਵੇਗਾ।

“ਮੈਂ ਕਿਸੇ ਚਟਾਨ ਥੱਲੇ ਜਾ ਕੇ ਸੌਂਦਾ। ਹੁਣ ਪਛਤਾਉਣ ਦਾ ਨੀ ਫਾਇਦਾ ?” ਕਹਿੰਦੇ ਹੋਏ ਜੈਨਿਸਟੋ ਇੱਕ ਪਾਸੇ ਨੂੰ ਤੁਰ ਪਿਆ।

ਡਾ. ਰਾਜੇਸ਼ ਆਪਣੀ ਗੱਡੀ ਵਿੱਚ ਚਲਾ ਗਿਆ। ਕੁਝ ਹੀ ਪਲਾਂ ਵਿੱਚ ਪੁਲਾੜ ਗੱਡੀ (ਜਹਾਜ਼) ਬਰਬੰਡਾ ਦੇ ਉਪਰ ਉੱਡਣ ਲੱਗੀ। ਡਾ. ਰਾਜੇਸ਼ ਨੇ ਬਰਬੰਡਾ ਗ੍ਰਹਿ ਦੀ ਪੂਰੀ ਜਾਣਕਾਰੀ ਧਰਤੀ ’ਤੇ ਕੰਟਰੋਲ ਰੂਮ ਨੂੰ ਦੇ ਦਿੱਤੀ। ਡਾ. ਰਾਜੇਸ਼ ਨੇ ਧੁਨੀ ਤਰੰਗ ਯੰਤਰ ਦੀ ਸਹਾਇਤਾ ਨਾਲ ਬਰਬੰਡਾ ਗ੍ਰਹਿ ਨੂੰ ਧੱਕਾ ਦੇ ਕੇ ਧਰਤੀ ਦੇ ਪਰਿਕਰਮਾ ਰਾਹ ਤੋਂ ਬਾਹਰ ਕਰ ਦਿੱਤਾ। ਬਰਬੰਡਾ ਗ੍ਰਹਿ ਖਾਲੀ ਥਾਂ ਵੱਲ ਤੈਰਦਾ ਚਲਾ ਗਿਆ।

ਡਾ. ਰਾਜੇਸ਼ ਵਾਪਸੀ ਦੇ ਸਮੇਂ ਸੋਚ ਰਿਹਾ ਸੀ ਕਿ ਜੇਕਰ ਪ੍ਰਿਥਵੀ ਦੇ ਵਾਤਾਵਰਣ ਦੀ ਰੱਖਿਆ ਨਾ ਕੀਤੀ ਗਈ ਤਾਂ ਇਸਦਾ ਹਾਲ ਵੀ ਬਰਬੰਡਾ ਗ੍ਰਹਿ ਵਰਗਾ ਹੀ ਹੋਏਗਾ।

ਾਕਟਰ ਰਾਜੇਸ਼ ਪੁਲਾੜ ਗੱਡੀ ਦੀ ਸਕਰੀਨ ਉੱਤੇ ਚਮਕ ਰਹੇ ਉਸ ਗ੍ਰਹਿ ਨੂੰ ਦੇਖ ਰਿਹਾ ਸੀ, ਜੋ ਧਰਤੀ ਰਾਹ ’ਤੇ ਉਪਗ੍ਰਹਿਆਂ ਦੇ ਵਿਚਕਾਰ ਪ੍ਰਿਥਵੀ ਦਾ ਚੱਕਰ ਲਗਾ ਰਿਹਾ ਸੀ। ਉਸ ਗ੍ਰਹਿ ਨਾਲ ਟਕਰਾ ਕੇ ਧਰਤੀ ਦੇ ਮੌਸਮ ਦੀ ਸੂਚਨਾ ਦੇਣ ਵਾਲਾ ਮਿਯੰਕ ਉਪਗ੍ਰਹਿ ਹਾਦਸਾਗ੍ਰਸਤ ਹੋ ਗਿਆ ਸੀ। ਸਭ ਤੋਂ ਪਹਿਲਾਂ ਇਸ ਗ੍ਰਹਿ ਨੂੰ ਅਮਰੀਕਾ ਦੀ ਪ੍ਰਯੋਗਸ਼ਾਲਾ ਵਿੱਚੋਂ ਦੇਖਿਆ ਗਿਆ ਸੀ। ਪਹਿਲਾਂ ਤਾਂ ਇਸ ਵੱਲ ਕਿਸੇ ਨੇ ਬਹੁਤਾ ਧਿਆਨ ਨਹੀਂ ਦਿੱਤਾ ਸੀ। ਪ੍ਰੰਤੂ ਜਦੋਂ ਇਹ ਮਿਯੰਕ ਉਪਗ੍ਰਹਿ ਨਾਲ ਟਕਰਾਇਆ ਸੀ ਤਾਂ ਦੁਨੀਆਂ ਭਰ ਦੇ ਵਿਗਿਆਨਕਾਂ ਦਾ ਧਿਆਨ ਇਸ ਗ੍ਰਹਿ ’ਤੇ ਕੇਂਦਰਿਤ ਹੋ ਗਿਆ ਸੀ।

ਵਿਗਿਆਨਕਾਂ ਦੀ ਇਕ ਟੀਮ ਗ੍ਰਹਿ ਦੀ ਗਤੀਵਿਧੀਆਂ ਦਾ ਅਧਿਐਨ ਕਰਨ ਲੱਗੀ। ਵਿਗਿਆਨਕਾਂ ਦੀ ਟੀਮ ਨੇ ਜੋ ਜਾਣਕਾਰੀ ਦਿੱਤੀ ਸੀ, ਉਸ ਨਾਲ ਪੂਰੀ ਦੁਨੀਆਂ ਚਿੰਤਤ ਹੋ ਗਈ ਸੀ। ਉਨ੍ਹਾਂ ਨੇ ਦੱਸਿਆ ਸੀ ਕਿ ਉਕਤ ਗ੍ਰਹਿ ਕਿਸੇ ਵੀ ਉਪਗ੍ਰਹਿ ਨਾਲ ਟਕਰਾ ਕੇ ਧਰਤੀ ਦੇ ਗੁਰੂਤਾ ਬਲ ਵਾਲੇ ਖੇਤਰ ਵਾਲੇ ਖੇਤਰ ਵਿੱਚ ਆ ਕੇ ਧਰਤੀ ਨਾਲ ਟਕਰਾ ਸਕਦਾ ਹੈ। ਗ੍ਰਹਿ ਭਾਵੇਂ ਛੋਟਾ ਹੀ ਸੀ ਪਰ ਪ੍ਰਿਥਵੀ ਦੇ ਜਿਸ ਭਾਗ ਨਾਲ ਟਕਰਾਅ ਹੋ ਜਾਂਦਾ, ਉਥੇ ਤਬਾਹੀ ਹੋ ਜਾਂਦੀ ਸੀ। ਦੁਨੀਆਂ ਭਰ ਦੇ ਵਿਗਿਆਨਕ ਮਾਸਕੋ ਵਿੱਚ ਇਕੱਠੇ ਹੋਏ ਸਨ ਉਸ ਬੈਠਕ ਵਿੱਚ ਨਿਰਣਾ ਲਿਆ ਗਿਆ ਸੀ ਕਿ ਡਾਕਟਰ ਰਾਜੇਸ਼ ਮੇਘਦੂਤ ਪੁਲਾੜ ਗੱਡੀ ਰਾਹੀਂ ਜਾ ਕੇ ਉਸ ਗ੍ਰਹਿ ਦੇ ਸਬੰਧ ਵਿੱਚ ਜਾਣਕਾਰੀ ਪ੍ਰਾਪਤ ਕਰੇ।



ਮੇਘਦੂਤ ਹੀ ਅਜਿਹੀ ਪੁਲਾੜ ਜਹਾਜ਼ ਸੀ, ਜੋ ਪੁਲਾੜ ਵਿੱਚ ਯੁੱਧ ਵੀ ਕਰ ਸਕਦਾ ਸੀ। ਉਸ ਵਿੱਚ ਲੇਸਰ ਕਿਰਨ ਤੋਪ ਤੋਂ ਇਲਾਵਾ ਧੁਨੀ ਤਰੰਗਾਂ ਦਾ ਅਜਿਹਾ ਯੰਤਰ ਲੱਗਾ ਹੋਇਆ ਸੀ, ਜਿਹੜਾ ਕਿਸੇ ਵੀ ਚੀਜ਼ ਨੂੰ ਧੱਕਾ ਦੇ ਸਕਦਾ ਸੀ। ਸੰਨ 2021 ਵਿੱਚ ਇੱਕ ਉਪਗ੍ਰਹਿ ਬੇਕਾਰ ਹੋ ਕੇ ਧਰਤੀ ਦੇ ਗੁਰੂਤਾ ਬਲ ਵਾਲੇ ਖੇਤਰ ਵਿੱਚ ਆ ਗਿਆ ਸੀ। ਉਦੋਂ ਉਸਨੂੰ


## ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ ‘ਵਿਗਿਆਨ ਜੋਤ’ ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ ‘ਵਿਗਿਆਨ ਜੋਤ’ ਮੁਫ਼ਤ ਭੇਜਿਆ ਜਾਵੇਗਾ।

ਧੁਨੀ ਤਰੰਗ ਯੰਤਰ ਨਾਲ ਖਾਲੀ ਥਾਂ ਵੱਲ ਧੱਕ ਦਿੱਤਾ ਗਿਆ ਸੀ।

ਡਾ. ਰਾਜੇਸ਼ ਨੇ ਸਾਵਧਾਨੀ ਨਾਲ ਗ੍ਰਹਿ ਦੇ ਚਾਰੋਂ ਪਾਸੇ ਚੱਕਰ ਲਗਾਇਆ। ਉਹ ਗ੍ਰਹਿ ਇਧਰ ਉਧਰ ਘੁੰਮ ਰਿਹਾ ਸੀ। ਗ੍ਰਹਿ ਦਾ ਰੰਗ ਮੰਗਲ ਗ੍ਰਹਿ ਵਾਂਗ ਲਾਲ ਸੀ। ਗ੍ਰਹਿ ਤੇ ਜੀਵਨ ਹੈ ਜਾਂ ਨਹੀਂ, ਇਹ ਜਾਣਨ ਲਈ ਗ੍ਰਹਿ 'ਤੇ ਉਤਰਨਾ ਜ਼ਰੂਰੀ ਸੀ।

"ਜਹਾਜ਼ ਨੂੰ ਮੈਂ ਉਸ ਗ੍ਰਹਿ 'ਤੇ ਲਿਜਾ ਰਿਹਾ ਹਾਂ।" ਡਾਕਟਰ ਰਾਜੇਸ਼ ਨੇ ਪ੍ਰਿਥਵੀ ਦੇ ਕੰਟਰੋਲ ਰੂਮ ਨੂੰ ਸੂਚਨਾ ਦਿੱਤੀ ਅਤੇ ਜਹਾਜ਼ ਨੂੰ ਗ੍ਰਹਿ ਦੇ ਅੰਦਰ ਲਿਜਾ ਕੇ ਇੱਕ ਬਹੁਤ ਵੱਡੀ ਚਟਾਨ ਦੇ ਉੱਤੇ ਉਤਾਰ ਦਿੱਤਾ। ਪੁਲਾੜ ਗੱਡੀ ਦਾ ਕੰਪਿਊਟਰ ਦੱਸ ਰਿਹਾ ਸੀ ਕਿ ਗ੍ਰਹਿ 'ਤੇ ਆਕਸੀਜਨ ਨਹੀਂ ਹੈ ਅਤੇ ਉਥੇ ਲਗਾਤਾਰ ਭੂਚਾਲ ਦੇ ਝਟਕੇ ਲੱਗ ਰਹੇ ਹਨ। ਰਾਜੇਸ਼ 'ਪੁਲਾੜ' ਸੂਟ ਪਹਿਨ ਕੇ ਗੱਡੀ ਵਿੱਚੋਂ ਬਾਹਰ ਆ ਗਿਆ। ਉਸਨੇ ਦੇਖਿਆ, ਗ੍ਰਹਿ ਉੱਤੇ ਚਾਰੇ ਪਾਸੇ ਵੱਡੀਆਂ ਵੱਡੀਆਂ ਕਾਲੀਆਂ ਚੱਟਾਨਾਂ ਹਨ। ਪਰ ਉਥੋਂ ਦੀ ਜ਼ਮੀਨ ਦਾ ਰੰਗ ਲਾਲ ਹੈ। ਬਨਸਪਤੀ ਦੇ ਨਾਂ ਉੱਤੇ ਉਸ ਗ੍ਰਹਿ ਉੱਪਰ ਗੁਲਾਬੀ ਘਾਹ ਸੀ।

"ਹੇ ਧਰਤੀ ਦੇ ਬੇਟੇ, ਬਰਬੰਡਾ ਗ੍ਰਹਿ 'ਤੇ ਤੇਰਾ ਸਵਾਗਤ ਹੈ।" ਅਚਾਨਕ ਇੱਕ ਆਵਾਜ਼ ਗੂੰਜੀ।"

ਡਾ. ਰਾਜੇਸ਼ ਨੇ ਤ੍ਰਭਕ ਕੇ ਆਵਾਜ਼ ਵੱਲ ਦੇਖਿਆ। ਉਸ ਦੇ ਖੱਬੇ ਪਾਸੇ ਇੱਕ ਅਜੀਬ ਜੀਵ ਗੁਲਾਬੀ ਰੰਗ ਦੇ ਘਾਹ ਵਿੱਚ ਖੜ੍ਹਾ ਸੀ। ਉਹਦਾ ਮੂੰਹ ਘੜਿਆਲ ਵਰਗਾ ਸੀ। ਪ੍ਰੰਤੂ ਉਸ ਵਿੱਚ ਇੱਕ ਵੀ ਦੰਦ ਨਹੀਂ ਸੀ। ਸਰੀਰ ਉੱਤੇ ਗੈਂਡੇ ਦੀ ਖੱਲ ਵਰਗੀ ਪਰਤ ਚੜ੍ਹੀ ਹੋਈ ਸੀ ਜੋ ਵਾਰ ਵਾਰ ਫੁੱਲ ਰਹੀ ਸੀ। ਉਸਦੇ ਹੱਥ ਛੋਟੇ ਛੋਟੇ ਸਨ। ਜਿਸ ਦੀਆਂ ਤਿੰਨ ਤਿੰਨ ਉਂਗਲੀਆਂ ਸਨ, ਜਿਹੜੀਆਂ ਇੱਕ ਝਿੱਲੀ ਨਾਲ ਜੁੜੀਆਂ ਹੋਈਆਂ ਸਨ।

"ਤੁਸੀਂ ਕੌਣ ਹੋ?" ਡਾ. ਰਾਜੇਸ਼ ਨੇ ਪੁੱਛਿਆ।

"ਮੇਰਾ ਨਾਂ ਜੈਨਿਸਟੋ ਹੈ। ਇਸ ਗ੍ਰਹਿ ਉੱਤੇ ਮੇਰੇ ਵਰਗੇ ਦੋ ਤਿੰਨ ਸੌ ਜੀਵ ਹਨ, ਜੋ ਦੋ ਸੌ ਸਾਲ ਤੋਂ ਜੀਵਿਤ ਹਨ। ਬਾਕੀ ਸਭ ਕੁਝ ਤਬਾਹ ਹੋ ਚੁੱਕਾ ਹੈ।" ਉਹ ਜੀਵ ਬੋਲਿਆ।

ਭਾਸ਼ਾ ਕੰਪਿਊਟਰ ਕਾਰਨ ਡਾ. ਰਾਜੇਸ਼ ਨੂੰ ਉਸ ਜੀਵ, ਜਿਸ ਦਾ ਨਾਂ ਜੈਨਿਸਟੋ ਸੀ, ਨਾਲ ਗੱਲਬਾਤ ਕਰਨ ਵਿੱਚ ਕੋਈ ਮੁਸ਼ਕਲ ਨਹੀਂ ਆ ਰਹੀ ਸੀ।

"ਤਬਾਹ ਕਿਵੇਂ ਹੋ ਗਿਆ।" ਡਾ. ਰਾਜੇਸ਼ ਨੇ ਉਤਸੁਕਤਾ ਨਾਲ ਪੁੱਛਿਆ।

"ਇਸ ਗ੍ਰਹਿ ਦਾ ਜੀਵਨ ਚੱਕਰ ਗੈਸਾਂ ਨਾਈਟ੍ਰੋਜਨ ਅਤੇ ਕਾਰਬਨ 'ਤੇ ਆਧਾਰਿਤ



ਸੀ। ਸਾਡੀ ਬਨਸਪਤੀ ਕਾਰਬਨ ਲੈ ਕੇ ਨਾਈਟਰੋਜਨ ਦਿੰਦੀ ਸੀ। ਵੱਧਦੀ ਆਬਾਦੀ ਦੇ ਕਾਰਨ ਇੱਥੇ ਭੋਜਨ ਦੀ ਸਮੱਸਿਆ ਵਧ ਰਹੀ ਸੀ। ...ਤੇ ਅਸੀਂ ਆਪਣੀ ਬਨਸਪਤੀ ਤਬਾਹ ਕਰਦੇ ਗਏ।" ਜੈਨਿਸਟੋ ਬੋਲਿਆ ਸੀ।

"ਤੁਹਾਡੇ ਲੋਕ ਖੇਤੀ ਵਗੈਰਾ ਨਹੀਂ ਕਰਦੇ ਸਨ?" ਡਾ. ਰਾਜੇਸ਼ ਨੇ ਪੁੱਛਿਆ।

"ਵਿਗਿਆਨ ਦੀ ਤਰੱਕੀ ਕਾਰਨ ਇਸ ਗ੍ਰਹਿ ਦੇ ਲੋਕਾਂ ਨੇ ਸਰੀਰ ਨਾਲ ਕੰਮ ਕਰਨਾ ਬੰਦ ਕਰ ਦਿੱਤਾ ਸੀ। ਸਾਡੇ ਲੋਕਾਂ ਦਾ ਯਤਨ ਸੀ ਕਿ ਸਾਡੀ ਸਰੀਰਕ ਬਣਤਰ ਇਸ ਤਰ੍ਹਾਂ ਦੀ ਹੋ ਜਾਏ ਕਿ ਕੰਮ ਕਰਨ ਦੀ ਥਾਂ ਸਾਹ ਦੁਆਰਾ ਹੀ ਸਾਰਾ ਕੁਝ ਕਰ ਲਈਏ। ਮੇਰਾ ਸਰੀਰ ਦੇਖ ਰਹੇ ਹੋ? ਇਹ ਵਿਗਿਆਨਕਾਂ ਦੀ ਦੇਣ ਹੈ। ਇਸ ਵਿੱਚ ਸਿਰਫ਼ ਮਸਤਕ ਦਾ ਇਸਤੇਮਾਲ ਕੀਤਾ ਜਾਂਦਾ ਹੈ। ਅਸੀਂ ਸਾਹ ਵਿੱਚ ਹਾਈਡਰੋਜਨ ਲੈਂਦੇ ਹਾਂ ਅਤੇ ਉਸ ਤੋਂ ਹੀ ਊਰਜਾ ਲੈਂਦੇ ਹਾਂ।" ਜੈਨਿਸਟੋ ਬੋਲਿਆ ਸੀ।

"ਤਾਂ ਕੀ ਇਸ ਗ੍ਰਹਿ 'ਤੇ ਹਾਈਡਰੋਜਨ ਹੈ?"

"ਹਾਂ, ਇਸੇ ਹਾਈਡਰੋਜਨ ਦੇ ਕਾਰਨ ਇਸ ਗ੍ਰਹਿ ਦੀ ਸ੍ਰਿਸ਼ਟੀ ਤਬਾਹ ਹੋ ਗਈ। ਹਾਈਡ੍ਰੋਜਨ 'ਤੇ ਆਧਾਰਿਤ ਸਾਡੀ ਪ੍ਰਜਾਤੀ ਦੇ ਦੋ ਤਿੰਨ ਸੌ ਹੀ ਮਾਨਵ ਤਿਆਰ ਕਰ ਸਕੇ ਸਨ, ਉਦੋਂ ਹੀ ਹਾਈਡ੍ਰੋਜਨ ਦੀ ਬਹੁਤਾਤ ਕਾਰਨ ਸਭ ਤਬਾਹ ਹੋ ਗਿਆ। ਇੱਥੇ ਜਿੰਨੇ ਵੀ ਜੀਵ ਹਨ, ਸਾਰੇ ਵਿਗਿਆਨਕ ਮਸਤਿਕ ਵਾਲੇ ਹਨ। ਪਰ ਅਸੀਂ ਇਧਰ ਉਧਰ ਘੁੰਮਣ ਜਾਂ ਸੌਣ ਤੋਂ ਇਲਾਵਾ ਕੁਝ ਨਹੀਂ ਕਰਦੇ।" ਜੈਨਿਸਟੋ ਨੇ ਦੱਸਿਆ ਸੀ।

ਹਾਈਡਰੋਜਨ ਦਾ ਨਾਮ ਸੁਣ ਕੇ ਡਾ. ਰਾਜੇਸ਼ ਚਿੰਤਤ ਹੋ ਗਿਆ। ਜੇਕਰ ਇਹ ਗ੍ਰਹਿ ਨਾਲ ਟਕਰਾਅ ਜਾਵੇ ਤਾਂ ਪੂਰੀ ਧਰਤੀ 'ਤੇ ਪਰਲੋ ਆ ਜਾਏਗੀ। ਕਿਉਂਕਿ ਹਾਈਡਰੋਜਨ ਆਕਸੀਜਨ ਨਾਲ ਮਿਲ ਕੇ ਕਿਰਿਆ ਕਰੇਗੀ ਤਾਂ ਪਾਣੀ ਬਣ ਜਾਏਗਾ। ਇਸ ਨਾਲ ਆਕਸੀਜਨ ਦੀ ਘਾਟ ਹੋ ਜਾਏਗੀ। ਪਾਣੀ ਦੇ ਵਧਣ ਨਾਲ ਹੜ੍ਹ ਆ ਜਾਣਗੇ। ਸਮੁੰਦਰ ਦਾ ਜਲ ਸਤਰ ਵਧ ਜਾਏਗਾ। ਸਾਰੀ ਜ਼ਮੀਨ ਸਮੁੰਦਰ ਵਿੱਚ ਸਮਾਅ ਜਾਏਗੀ।

"ਕੀ ਸੋਚ ਰਹੇ ਹੋ, ਹੇ ਧਰਤੀ ਮਾਨਵ?" ਜੈਨਿਸਟੋ ਬੋਲਿਆ।

"ਤੁਹਾਡਾ ਇਹ ਬਰਬੰਡਾ ਗ੍ਰਹਿ ਜੇਕਰ ਸਾਡੀ ਧਰਤੀ ਕੋਲ ਜਾ ਕੇ ਟਕਰਾ ਜਾਏ ਤਾਂ ਸਾਡੀ ਧਰਤੀ ਦਾ ਜੀਵਨ ਵੀ ਨਸ਼ਟ ਹੋ ਜਾਵੇਗਾ।"

"ਸਾਡਾ ਗ੍ਰਹਿ ਹਾਈਡਰੋਜਨ ਗੈਸ ਦੇ ਕਾਰਨ ਪੁਲਾੜ ਵਿੱਚ ਉੱਡਦਾ ਹੋਇਆ ਫਿਰ ਰਿਹਾ ਹੈ ਤੇ ਅਸੀਂ ਕੁਝ ਵੀ ਨਹੀਂ ਕਰ ਸਕਦੇ। ਜਦੋਂ ਇਹ ਗ੍ਰਹਿ ਟਕਰਾਅ ਜਾਏਗਾ, ਤਦ ਅਸੀਂ ਵੀ ਖਤਮ ਹੋ ਜਾਵਾਂਗੇ। ਇਸ ਵਿਨਾਸ਼ ਦੇ ਜ਼ੁੰਮੇਵਾਰ ਵੀ ਅਸੀਂ ਹੀ ਹਾਂ।" ਜੈਨਿਸਟੋ ਬੋਲਿਆ।

"ਮੈਂ ਤੁਹਾਡੇ ਗ੍ਰਹਿ ਨੂੰ ਪੁਲਾੜ ਵਿੱਚ ਪਹੁੰਚਾ ਦੇਊਂਗਾ।" ਡਾ. ਰਾਜੇਸ਼ ਬੋਲਿਆ।

"ਸਾਡੇ ਗ੍ਰਹਿ ਤੋਂ ਤੁਹਾਡੀ ਧਰਤੀ ਨੂੰ ਖਤਰਾ ਹੈ ਤਾਂ ਤੁਸੀਂ ਸਾਨੂੰ ਕਿਤੇ ਵੀ ਵਗਾਹ ਮਾਰੋ। ਤੁਸੀਂ ਲੋਕ ਵੀ ਵਿਗਿਆਨ ਵਿੱਚ ਬਹੁਤ ਤਰੱਕੀ ਕਰ ਰਹੇ ਹੋ। ਲੇਕਿਨ ਇਸ ਗੱਲ ਦਾ ਧਿਆਨ ਰੱਖਣਾਂ, ਕਿਤੇ ਆਪਣੇ ਹੱਥੀਂ ਹੀ ਆਪਣੀ ਤਬਾਹੀ ਨਾ ਕਰ ਲੈਣੀ।" ਜੈਨਿਸਟੋ ਨੇ ਕਿਹਾ।

ਡਾ. ਰਾਜੇਸ਼ ਨੂੰ ਲੱਗਿਆ ਕਿ ਜੈਨਿਸਟੋ ਠੀਕ ਕਹਿ ਰਿਹਾ ਹੈ। ਪ੍ਰਿਥਵੀ ਦੇ ਲੋਕ ਵੀ ਸੁਖ ਸਹੂਲਤਾਂ ਖਾਤਿਰ ਦਰਖਤ ਕੱਟ ਰਹੇ ਹਨ। ਕੁਦਰਤ ਨਾਲ ਖਿਲਵਾੜ ਕਰ ਰਹੇ ਹਨ। ਜੇਕਰ ਆਕਸੀਜਨ ਅਤੇ ਕਾਰਬਨ ਦਾ ਚੱਕਰ ਵਿਗੜ ਗਿਆ ਤਾਂ ਸਭ ਕੁਝ ਤਬਾਹ ਹੋ ਜਾਵੇਗਾ।

"ਮੈਂ ਕਿਸੇ ਚਟਾਨ ਥੱਲੇ ਜਾ ਕੇ ਸੌਂਦਾ। ਹੁਣ ਪਛਤਾਉਣ ਦਾ ਨੀ ਫਾਇਦਾ?" ਕਹਿੰਦੇ ਹੋਏ ਜੈਨਿਸਟੋ ਇੱਕ ਪਾਸੇ ਨੂੰ ਤੁਰ ਪਿਆ।

ਡਾ. ਰਾਜੇਸ਼ ਆਪਣੀ ਗੱਡੀ ਵਿੱਚ ਚਲਾ ਗਿਆ। ਕੁਝ ਹੀ ਪਲਾਂ ਵਿੱਚ ਪੁਲਾੜ ਗੱਡੀ (ਜਹਾਜ਼) ਬਰਬੰਡਾ ਦੇ ਉਪਰ ਉੱਡਣ ਲੱਗੀ। ਡਾ. ਰਾਜੇਸ਼ ਨੇ ਬਰਬੰਡਾ ਗ੍ਰਹਿ ਦੀ ਪੂਰੀ ਜਾਣਕਾਰੀ ਧਰਤੀ 'ਤੇ ਕੰਟਰੋਲ ਰੂਮ ਨੂੰ ਦੇ ਦਿੱਤੀ। ਡਾ. ਰਾਜੇਸ਼ ਨੇ ਧੁਨੀ ਤਰੰਗ ਯੰਤਰ ਦੀ ਸਹਾਇਤਾ ਨਾਲ ਬਰਬੰਡਾ ਗ੍ਰਹਿ ਨੂੰ ਧੱਕਾ ਦੇ ਕੇ ਧਰਤੀ ਦੇ ਪਰਿਕਰਮਾ ਰਾਹ ਤੋਂ ਬਾਹਰ ਕਰ ਦਿੱਤਾ। ਬਰਬੰਡਾ ਗ੍ਰਹਿ ਖਾਲੀ ਥਾਂ ਵੱਲ ਤੈਰਦਾ ਚਲਾ ਗਿਆ।

ਡਾ. ਰਾਜੇਸ਼ ਵਾਪਸੀ ਦੇ ਸਮੇਂ ਸੋਚ ਰਿਹਾ ਸੀ ਕਿ ਜੇਕਰ ਪ੍ਰਿਥਵੀ ਦੇ ਵਾਤਾਵਰਣ ਦੀ ਰੱਖਿਆ ਨਾ ਕੀਤੀ ਗਈ ਤਾਂ ਇਸਦਾ ਹਾਲ ਵੀ ਬਰਬੰਡਾ ਗ੍ਰਹਿ ਵਰਗਾ ਹੀ ਹੋਏਗਾ।

# ਮਟੀਆਂ ਚੁੱਕਣ ਦਾ ਸੌਖਾ ਤਰੀਕਾ

ਮੇਵਾ ਸਿੰਘ ਹੇੜੀਕੇ
ਫੋਨ: 01675-237178

ਮਟੀਆਂ ਦੀਆਂ ਇੱਟਾਂ ਇਕੱਠੀਆਂ ਕਰਕੇ ਅਸੀਂ ਕਿਸੇ ਸਾਂਝੇ ਕੰਮ ਵਾਸਤੇ ਵਰਤ ਸਕਦੇ ਹਾਂ। ਜਿਵੇਂ ਕਿ ਪਿੰਡ ਦੀ ਲਾਇਬਰੇਰੀ, ਪੰਚਾਇਤ ਘਰ, ਧਰਮਸ਼ਾਲਾ ਆਦਿ।

ਕੁਝ ਦਿਨ ਪਹਿਲਾਂ ਮੈਂ ਅਖ਼ਬਾਰ 'ਚ ਕਿਸੇ ਵਿਦਵਾਨ ਦਾ ਲੇਖ ਪੜ੍ਹਿਆ ਸੀ ਕਿ ਇਹ ਮਟੀਆਂ ਸਾਡੇ ਦੇਸ਼ ਵਿੱਚ ਕਿਸ ਤਰ੍ਹਾਂ ਹੋਂਦ 'ਚ ਆਈਆਂ ਸਨ। ਉਨ੍ਹਾਂ ਦਾ ਕਹਿਣਾ ਸੀ ਕਾਫ਼ੀ ਸਮਾਂ ਪਹਿਲਾਂ ਜਦੋਂ ਲੋਕ ਜੰਗਲਾਂ ਦੀ ਕਟਾਈ ਕਰਕੇ ਖੇਤੀ ਕਰਨ ਲੱਗ ਪਏ ਤਾਂ ਕੁਝ ਸਿਆਣੇ ਬੰਦਿਆਂ ਨੇ ਸੋਚਿਆ ਕਿ ਹੁਣ ਕੁਝ ਦਰਖਤ ਕਟਾਈ ਤੋਂ ਬਚਾ ਲਏ ਜਾਣ। ਇਹ ਛਾਂ ਵਾਸਤੇ ਅਤੇ ਪ੍ਰਦੂਸ਼ਣ ਦੀ ਰੋਕ ਵਾਸਤੇ ਜ਼ਰੂਰੀ ਸਨ। ਉਨ੍ਹਾਂ ਨੇ ਪੰਜ ਦਰਖਤਾਂ ਦੀ ਚੋਣ ਕੀਤੀ। ਜਿਸ ਵਿੱਚ ਪਿੱਪਲ, ਬਰੋਟਾ ਨਿੰਮ੍ਹ, ਬੇਰੀ ਅਤੇ ਜੰਡ ਸਨ। ਇਹ ਬਹੁਤ ਭਾਰੇ ਦਰਖਤ ਹਨ। ਇਨ੍ਹਾਂ ਨੂੰ ਵੱਢਣੋਂ ਰੋਕਣ ਵਾਸਤੇ ਉਨ੍ਹਾਂ ਨੇ ਇਕ ਸਕੀਮ ਘੜ ਲਈ ਕਿ ਇਨ੍ਹਾਂ ਦਰਖਤਾਂ ਥੱਲੇ ਸੱਤ ਇੱਟਾਂ ਧਰਕੇ ਉਪਰ ਕਲੀ ਕਰ ਲਈ ਜਾਵੇ। ਇਹ ਕਿਹਾ ਜਾਵੇ ਕਿ ਇਹ ਦਰਖਤ ਅੱਜ ਤੋਂ ਤਲਾਕ ਦਿੱਤੇ ਹਨ। ਜਿਹੜਾ ਵੀ ਉਸਨੂੰ ਵੱਢੇਗਾ ਜਾਂ ਟਾਹਣੀ ਵੀ ਤੋੜੇਗਾ ਤਾਂ ਮਟੀ ਉਸਦਾ ਨੁਕਸਾਨ ਕਰ ਦੇਵੇਗੀ। ਸੋ ਇਸ ਤਰ੍ਹਾਂ ਨਾਲ ਲੋਕ ਇਨ੍ਹਾਂ ਪੰਜਾਂ ਦਰਖਤਾਂ ਜਿੰਨ੍ਹਾਂ ਥੱਲੇ ਮਟੀ ਹੋਣੀ ਸੀ ਨੂੰ ਵੱਢਣੋਂ ਹਟ ਗਏ। ਇਸ ਸਕੀਮ ਨਾਲ ਸਿਆਣੇ ਲੋਕਾਂ ਨੇ ਇਹ ਦਰਖਤ ਬਚਾ ਲਏ।

ਸਮਾਂ ਬੀਤਦਾ ਗਿਆ। ਕੁਝ ਸਮੇਂ ਬਾਅਦ ਇਨ੍ਹਾਂ ਵਿੱਚੋਂ ਕਈ ਦਰਖਤ ਆਪਣਾ ਸਮਾਂ ਪੂਰਾ ਕਰਕੇ ਸੁੱਕ ਗਏ ਪਰ ਉਨ੍ਹਾਂ ਦੀ ਲੱਕੜ ਆਪਣੇ ਮਾਲਕਾਂ ਨੇ ਨਹੀਂ ਵਰਤੀ। ਸਾਧ ਮਰਾਸੀ ਲੱਕੜਾਂ ਚੁੱਕ ਕੇ ਲੈ ਗਏ। ਪਰ ਮਟੀਆਂ ਉਸ ਜਗ੍ਹਾ ਹੁਣ ਵੀ ਪਹਿਲਾਂ ਦੀ ਤਰ੍ਹਾਂ ਹਨ। ਜਿੰਨ੍ਹਾਂ ਦੀ ਹਰ ਤਿੱਥ ਤਿਉਹਾਰ ਖਾਸ ਕਰਕੇ ਦਿਵਾਲੀ ਨੂੰ ਪੂਜਾ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਕੋਈ ਕਹਿੰਦਾ ਹੈ ਕਿ ਇਹ ਸਾਡੇ ਬਾਬੇ ਦੀ ਹੈ, ਕੋਈ ਕਹਿੰਦਾ ਹੈ ਕਿ ਇਹ ਸਾਡੀ ਮਾਈ ਦੀ ਹੈ। ਪਰ ਅਸਲੀਅਤ ਇਹ ਹੈ ਕਿ ਜੋ ਉਪਰ ਲਿਖੀ ਜਾ ਚੁੱਕੀ ਹੈ।

ਖੇਤਾਂ ਵਾਲਿਆਂ ਤਾਂ ਆਪਣੇ ਆਪਣੇ ਖੇਤਾਂ ਵਿੱਚ ਮਟੀਆਂ ਬਣਾ ਲਈਆਂ ਪਰ ਜਿੰਨ੍ਹਾਂ ਦੇ ਖੇਤ ਨਹੀਂ ਸਨ? ਉਨ੍ਹਾਂ ਨੇ ਵੀ ਆਪਣੀ ਸੁਖ ਸ਼ਾਂਤੀ ਵਾਸਤੇ ਮਟੀਆਂ ਦੀ ਲੋੜ ਸਮਝੀ 'ਤੇ ਉਸ ਪਿੰਡ ਦੀ ਧਰਮਸ਼ਾਲਾ, ਟੋਭੇ ਦੇ ਕਿਨਾਰੇ ਆਪਣੀ ਆਪਣੀ ਮਟੀ ਬਣਾ ਲਈ।

ਸਾਡੇ ਪਿੰਡ ਹੇੜੀਕੇ ਇੱਕ ਟੋਭੇ ਦੇ ਕਿਨਾਰੇ 'ਤੇ ਤਕਰੀਬਨ ਪੈਂਤੀ ਕੁ ਮਟੀਆਂ ਬਣੀਆਂ ਹੋਈਆਂ ਸਨ। ਕੁਝ ਸਾਲਾਂ ਤੋਂ ਇਹ ਟੋਭਾ ਸਰਕਾਰੀ ਐਲੀਮੈਂਟਰੀ ਸਕੂਲ ਦੀ ਚਾਰ ਦਿਵਾਰੀ ਦੇ ਅੰਦਰ ਆ ਗਿਆ ਹੈ। ਪੰਚਾਇਤ ਇਸ ਟੋਭੇ ਵਿੱਚ ਭਰਤ ਪਾ ਕੇ ਬੱਚਿਆਂ ਦੇ ਖੇਡਣ ਵਾਸਤੇ ਮੈਦਾਨ ਬਣਾਉਣਾ ਸੀ। ਭਰਤ ਪਾਉਣ ਵਾਸਤੇ ਮਟੀਆਂ ਵੱਡੀ ਰੁਕਾਵਟ ਸਨ।

ਮਟੀਆਂ ਚੁੱਕਣ ਵਾਸਤੇ ਪੰਚਾਇਤ ਨੇ ਪਿੰਡ ਦੇ ਤਰਕਸ਼ੀਲਾਂ ਦੀ ਮੱਦਦ ਮੰਗੀ ਤਾਂ ਅਸੀਂ ਉਹਨਾਂ ਨੂੰ ਤਸੱਲੀ ਦਿੱਤੀ ਕਿ ਇਹ ਕੰਮ ਅਸੀਂ ਕਰ ਦਿਆਂਗੇ।

ਪਿੰਡ ਦੇ ਤਰਕਸ਼ੀਲ ਸੋਚ ਹੀ ਰਹੇ ਸਨ ਕਿ ਕਿਸੇ ਦਿਨ ਅਖ਼ਬਾਰ ਦੇ ਪੱਤਰਕਾਰਾਂ ਨੂੰ ਸੱਦਕੇ ਉਨ੍ਹਾਂ ਦੇ ਸਾਹਮਣੇ ਮਟੀਆਂ ਚੁਕਵਾਈਆਂ ਜਾਣ ਪੱਤਰਕਾਰਾਂ ਨੇ ਫੋਟੋਆਂ ਸਮੇਤ ਇਹ ਖ਼ਬਰ ਆਪਣੇ ਆਪਣੇ ਅਖ਼ਬਾਰਾਂ ਵਿੱਚ ਲਾ ਦੇਣੀ ਸੀ ਤਾਂ ਪੜ੍ਹਨ ਵਾਲਿਆਂ ਦਾ ਵੀ ਹੌਸਲਾ ਵਧੇ ਅਤੇ ਉਨ੍ਹਾਂ ਦਾ ਵੀ ਮਟੀਆਂ ਤੋਂ ਡਰ ਦੂਰ ਹੋ ਜਾਵੇ।

ਸਾਡੇ ਵਿੱਚੋਂ ਇੱਕ ਨੌਜੁਆਨ ਤਰਕਸ਼ੀਲ ਸਰਗਰਮ ਮੈਂਬਰ ਹਰਪ੍ਰੀਤ ਸਿੰਘ ਡੀ. ਪੀ. ਈ. ਮਾਸਟਰ ਹੈ। ਉਸਨੇ ਇੱਕ ਦਿਨ ਦੂਸਰੇ ਖੇਡਣ ਵਾਲੇ ਮੁੰਡਿਆਂ ਨੂੰ ਇਕੱਠੇ ਕਰਕੇ ਮਟੀਆਂ ਚੁੱਕਣੀਆਂ ਸ਼ੁਰੂ ਕਰ ਦਿੱਤੀਆਂ। ਜਿੱਥੇ ਮਟੀਆਂ ਰੱਖਣੀਆਂ ਸਨ ਉੱਥੇ ਪਹਿਲਾਂ ਹੀ ਪੰਚਾਇਤ ਨੇ ਇਕ ਛੋਟਾ ਜਿਹਾ ਬਿਨਾਂ ਛੱਤ ਤੋਂ ਇੱਕ ਕਮਰਾ ਬਣਾ ਰੱਖਿਆ ਸੀ।

ਮੁੰਡਿਆਂ ਨੇ ਪਿੰਡ 'ਚੋਂ ਇੱਕ ਰਿਕਸ਼ਾ ਰੇੜ੍ਹੀ ਲਿਆਂਦੀ। ਜਿਸ 'ਤੇ ਮਟੀਆਂ ਲੱਦਕੇ ਕਮਰੇ ਵਿੱਚ ਲੈ ਕੇ ਜਾਣੀਆਂ ਸਨ। ਇਨ੍ਹਾਂ ਵਿੱਚੋਂ ਸੱਤ ਕੁ ਵੱਡੀਆਂ ਮਟੀਆਂ ਸਾਬਤ ਰੱਖ ਲਈਆਂ। ਬਾਕੀਆਂ ਦੀ ਇਕੱਲੀ ਇਕੱਲੀ ਇੱਟ ਕਰ ਲਈ ਗਈ।

ਜਦੋਂ ਮੁੰਡੇ ਇਹ ਕੰਮ ਕਰ ਰਹੇ ਸਨ ਤਾਂ ਪਿੰਡ ਵਾਲੇ ਵੀ ਹੌਲੀ ਹੌਲੀ ਇੱਥੇ ਇਕੱਠੇ ਹੋਣੇ ਸ਼ੁਰੂ ਹੋ ਗਏ। ਮੁੰਡਿਆਂ ਦੀ ਇਹ ਕਾਰਵਾਈ ਵੇਖਕੇ ਪਿੰਡ ਵਾਲੇ ਕਾਫੀ ਹੈਰਾਨ ਹੋਏ। ਉਹ ਮੁੰਡਿਆਂ ਨੂੰ ਡਰਾਉਣ ਲੱਗੇ ਕਿ ਵੱਡੇ ਵਡੇਰੇ ਤੁਹਾਡਾ ਨੁਕਸਾਨ ਕਰ ਦੇਣਗੇ। ਇਸ ਜਵਾਬ ਵਿੱਚ ਹਰਪ੍ਰੀਤ ਸਿੰਘ ਡੀ. ਪੀ. ਈ. ਮਾਸਟਰ ਨੇ ਦਲੀਲ ਦਿੱਤੀ ਕਿ ਫਰਜ਼ ਕਰੋ ਆਪਣੀ ਮਾਈ ਕਿਸੇ ਤੂੜੀ ਵਾਲੇ ਕੋਠੇ ਬੈਠੀ ਹੈ ਜੇਕਰ ਅਸੀਂ ਉਸਨੂੰ ਇਸਨਾਨ ਕਰਾਕੇ ਬੈਠਕ ਵਿੱਚ ਬਰਾਜਮਾਨ ਕਰ ਦੇਈਏ ਤਾਂ ਕਿਸ ਤਰ੍ਹਾਂ ਰਹੇਗਾ? ਇਸ ਦਲੀਲ ਨਾਲ ਸਾਰੇ ਹੀ ਸਹਿਮਤ ਹੋ ਗਏ। ਕਹਿਣ ਲੱਗੇ ਇਹ ਤਾਂ ਬਹੁਤ ਪੁੰਨ ਦਾ ਕੰਮ ਹੋਵੇਗਾ। ਸੋ ਉਨ੍ਹਾਂ ਵਿਰੋਧ ਕਰਨਾ ਛੱਡਕੇ ਮਟੀਆਂ ਚੁੱਕਣ ਵਿੱਚ ਵੀ ਮੱਦਦ ਕੀਤੀ।

ਸਾਰੀਆਂ ਮਟੀਆਂ ਕਮਰੇ 'ਚ ਲਿਆਂਦੀਆਂ ਗਈਆਂ। ਕਮਰੇ 'ਚ ਇਨ੍ਹਾਂ ਮਟੀਆਂ ਦੀਆਂ ਇੱਟਾਂ ਚਿਣ ਦਿੱਤੀਆਂ ਗਈਆਂ। ਜਿੰਨ੍ਹਾਂ ਨਾਲ ਸਾਦਾ ਜਿਹਾ ਫ਼ਰਸ਼ ਬਣ ਗਿਆ। ਸੱਤ ਵੱਡੀਆਂ ਮਟੀਆਂ ਇੱਕ ਪਾਸੇ ਕੰਧ ਨਾਲ ਇੱਕ ਲਾਈਨ 'ਚ ਰੱਖ ਦਿੱਤੀਆਂ। ਇਸ ਤਰ੍ਹਾਂ ਕਰਨ ਨਾਲ ਸੱਪ ਵੀ ਮਰ ਗਿਆ ਸੋਟਾ ਵੀ ਸੁੱਟਣਾ ਨਾ ਪਿਆ। ਭਾਵ ਮਟੀਆਂ ਵੀ ਚੁੱਕੀਆਂ ਗਈਆਂ ਲੋਕਾਂ ਦੀ ਨਰਾਜਗੀ ਤੋਂ ਵੀ ਬਚਿਆ ਗਿਆ। ਸੋ ਦੂਸਰੇ ਲੋਕ ਵੀ ਇਸ ਤਰ੍ਹਾਂ ਦੀ ਹਿੰਮਤ ਕਰ ਸਕਦੇ ਹਨ।



## ਵਿਗਿਆਨ ਜੋਤ

- ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
- ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

# ਮੈਡੀਕਲ ਸਾਇੰਸਜ਼

## ਨਵਜੰਮੇ ਬੱਚੇ ਦੇ ਵਜ਼ਨ ਤੋਂ ਹੀ ਹੋ ਸਕਦੀ ਹੈ ਉਸਦੀ ਸਿਹਤ ਦੀ ਭਵਿੱਖਬਾਣੀ!

ਕਹਿੰਦੇ ਹਨ ਕਿ ਬੱਚੇ ਦੇ ਲੱਛਣ ਪਾਲ੍ਹਣੇ ਵਿੱਚ ਹੀ ਨਜ਼ਰ ਆ ਜਾਂਦੇ ਹਨ। ਸ਼ਾਇਦ ਇਸੇ ਤਰਜ਼ 'ਤੇ ਹੀ ਚਲਦੇ ਹੋਏ ਹੁਣ ਵਿਗਿਆਨਕ ਡਲਿਵਰੀ ਦੇ ਤੁਰੰਤ ਬਾਅਦ ਬੱਚੇ ਦੇ ਵਜ਼ਨ ਦੇ ਆਧਾਰ 'ਤੇ ਉਸ



ਨੂੰ ਭਵਿੱਖ ਵਿੱਚ ਹੋਣ ਵਾਲੀਆਂ ਬਿਮਾਰੀਆਂ ਦੇ ਬਾਰੇ ਵਿੱਚ ਦੱਸ ਦਿੰਦੇ ਹਨ। ਇੰਗਲੈਂਡ ਦੀ ਮਾਊਥਥੈਂਪਟਨ ਯੂਨੀਵਰਸਿਟੀ ਦੇ ਡਾਕਟਰ ਡਾ. ਡੇਵਿਡ ਡਾਕਟਰ ਨੇ ਸਭ ਤੋਂ ਪਹਿਲਾਂ ਇਸ ਗੱਲ ਦਾ ਅਧਿਐਨ ਕੀਤਾ ਕਿ ਪੈਦਾਇਸ਼ ਦੇ ਸਮੇਂ ਨਵਜੰਮੇ ਬੱਚੇ ਦਾ ਵਜ਼ਨ (ਆਮ ਤੌਰ 'ਤੇ ਪੈਦਾ ਹੋਏ ਬੱਚੇ ਦਾ ਵਜ਼ਨ ਢਾਈ ਕਿਲੋਗ੍ਰਾਮ ਤੋਂ ਸਾਢੇ ਚਾਰ ਕਿਲੋਗ੍ਰਾਮ ਦੇ ਵਿੱਚ ਹੁੰਦਾ ਹੈ) ਉਸਦੇ ਭਵਿੱਖ 'ਤੇ ਕੀ-ਕੀ ਅਸਰ ਪੈਦਾ ਕਰ ਸਕਦਾ ਹੈ। ਖੋਜਾਂ ਦੱਸਦੀਆਂ ਹਨ ਕਿ ਜਿਨ੍ਹਾਂ ਬੱਚਿਆਂ ਦਾ ਵਜ਼ਨ ਜ਼ਿਆਦਾ ਹੁੰਦਾ ਹੈ, ਉਨ੍ਹਾਂ ਨੂੰ ਵੱਡੇ ਹੋਣ 'ਤੇ ਘੱਟ ਵਜ਼ਨ ਵਾਲੇ ਬੱਚਿਆਂ ਦੇ ਮੁਕਾਬਲੇ ਕੈਂਸਰ ਹੋਣ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ। ਕਹਿਣ ਦਾ ਭਾਵ ਕਿ ਪੈਦਾਇਸ਼ ਦੇ ਸਮੇਂ ਜੋ ਬੱਚਾ ਮੋਟਾ ਤਾਜ਼ਾ ਹੁੰਦਾ ਹੈ। ਉਸ ਨੂੰ ਦੁਬਲੇ ਪਤਲੇ ਦੀ ਤੁਲਨਾਂ ਵਿੱਚ ਕੈਂਸਰ ਹੋਣ ਦੀ ਸੰਭਾਵਨਾ ਕਿਤੇ ਜ਼ਿਆਦਾ ਰਹਿੰਦੀ ਹੈ। ਇਸੇ ਤਰ੍ਹਾਂ ਪੈਦਾਇਸ਼ ਦੇ ਸਮੇਂ ਘੱਟ ਵਜ਼ਨ ਵਾਲੇ ਬੱਚਿਆਂ ਵਿੱਚ ਵੱਡੇ ਹੋਣ 'ਤੇ ਦਿਲ ਦੇ ਰੋਗ, ਬਲੱਡ ਪ੍ਰੈਸ਼ਰ ਅਤੇ ਡਾਇਬਟੀਜ਼ ਹੋਣ ਦਾ ਖ਼ਤਰਾ ਵਧੇਰੇ ਹੁੰਦਾ ਹੈ। ਭਰੂਣ ਵਿਕਾਸ 'ਤੇ ਖੋਜ ਅਤੇ ਅਧਿਐਨ ਕਰਨ ਵਾਲੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਪੈਦਾਇਸ਼ ਦੇ ਸਮੇਂ ਬੱਚੇ ਦੇ ਵਜ਼ਨ ਦਾ ਸੰਬੰਧ ਸਿਰਫ਼ 'ਜੀਨ' ਤੋਂ ਹੀ ਨਹੀਂ ਹੁੰਦਾ, ਇਹ ਹੋਰ ਵੀ ਅਹਿਮ ਗੱਲਾਂ 'ਤੇ ਨਿਰਭਰ ਕਰਦਾ ਹੈ। ਵਿਗਿਆਨੀਆਂ ਦਾ ਇਹ ਵੀ ਮੰਨਣਾ ਹੈ ਕਿ ਅਲਟਰਾਸਾਊਂਡ ਦੀ ਮੱਦਦ ਨਾਲ ਗਰਭ ਵਿੱਚ ਪਲ ਰਹੇ ਬੱਚੇ

**ਸੁਖਮੰਦਰ ਸਿੰਘ ਤੂਰ**

ਦੀਆਂ ਤਸਵੀਰਾਂ ਉਭਾਰ ਕੇ ਉਸ ਦੀ ਧੁੰਦਲੀ ਜਿਹੀ ਆਕ੍ਰਿਤੀ ਤਾਂ ਦੇਖੀ ਜਾ ਸਕਦੀ ਹੈ, ਪਰ ਉਸ ਦੇ ਵਿਕਾਸ ਬਾਰੇ ਵਿੱਚ ਬਹੁਤ ਜ਼ਿਆਦਾ ਜਾਣਕਾਰੀ ਹਾਸਲ ਨਹੀਂ ਕੀਤੀ ਜਾ ਸਕਦੀ।

## ਫੈਸਲੇ ਲੈਣ 'ਚ ਦਿਮਾਗ ਦੇ ਥੋੜ੍ਹੇ ਜਿਹੇ ਹਿੱਸੇ ਦਾ ਹੀ ਰੋਲ ਅਹਿਮ

ਵਿਗਿਆਨੀਆਂ ਨੇ ਇਸ ਗੱਲ ਦੇ ਭੇਦ ਦਾ ਪਤਾ ਲਗਾ ਲਿਆ ਹੈ ਫੈਸਲਾ ਲੈਣ ਵਿੱਚ ਦਿਮਾਗ ਦਾ ਇੱਕ ਬੇਹੱਦ ਛੋਟਾ ਹਿਸਾ ਰੋਲ ਅਦਾ ਕਰਦਾ ਹੈ। ਬ੍ਰਿਟਿਸ਼ ਕੋਲੰਕੀਆ ਯੂਨੀਵਰਸਿਟੀ ਦੇ ਵਿਗਿਆਨੀਆਂ ਅਨੁਸਾਰ ਦਿਮਾਗ ਦਾ 'ਲੈਟਰਲ' ਹਿੱਸਾ ਗਹਿਰੀ ਨਿਰਾਸ਼ਾ 'ਤੇ ਰੋਕਣ ਯੋਗ ਵਰਤਾਅ ਨੂੰ ਕੰਟਰੋਲ ਕਰਦਾ ਹੈ ਤੇ ਕਈ ਵਾਰੀ ਵਿਆਪਕ ਪੱਧਰ 'ਤੇ ਭੁਲੇਖਾ ਖਾ ਜਾਂਦਾ ਹੈ ਤੇ ਇਸ ਨਾਲ ਹੀ ਫੈਸਲੇ ਲਏ ਜਾਂਦੇ ਹਨ। ਯੂਨੀਵਰਸਿਟੀ ਦੇ ਦਿਮਾਗ ਖੋਜ ਵਿਭਾਗ ਦੇ ਪ੍ਰੋਫੈਸਰ ਡਾ. ਸਟੈਨ ਫਲੋਰੈਸਕੋ ਨੇ ਦੱਸਿਆ ਹੈ ਕਿ ਇਨ੍ਹਾਂ ਖੋਜਾਂ ਤੋਂ ਸਪੱਸ਼ਟ ਹੋ ਗਿਆ ਹੈ ਕਿ ਦਿਮਾਗ ਰੋਜ਼ਮਰ੍ਹਾ ਦੇ ਫੈਸਲੇ ਲੈਣ ਵਿੱਚ ਅਹਿਮ ਰੋਲ ਨਿਭਾਉਂਦਾ ਹੈ, ਚਾਹੇ ਉਹ ਨੌਕਰੀ ਲੈਣ ਸਬੰਧੀ ਫੈਸਲਾ ਹੋਵੇ ਜਾਂ ਫਿਰ ਕਾਰ ਖਰੀਦਣ ਸਬੰਧੀ। ਦਿਮਾਗ ਦੇ ਮੁਲਾਂਕਣ ਅਨੁਸਾਰ ਲੈਟਰਲ (ਹਾਬੇਨੁਲਾ) ਦਿਮਾਗ ਦਾ ਸਭ ਤੋਂ ਪੁਰਾਣਾ ਹਿਸਾ ਮੰਨਿਆ ਜਾਂਦਾ ਹੈ।

## ਹੁਣ ਖੁੱਲ੍ਹਣਗੇ ਦਿਮਾਗ ਦੇ ਰਹੱਸ

ਸਦੀਆਂ ਤੋਂ ਮਨੁੱਖੀ ਦਿਮਾਗ ਇੱਕ ਰਹੱਸ਼ ਰਿਹਾ ਹੈ, ਹਾਲਾਂਕਿ ਪਿਛਲੇ ਕੁਝ ਦਹਾਕਿਆਂ 'ਚ ਵਿਗਿਆਨੀ ਇਸ ਦੇ ਕੁਝ ਰਹੱਸ਼ਾਂ ਤੋਂ ਪਰਦਾ ਚੁੱਕਣ 'ਚ ਸਫ਼ਲ ਰਹੇ ਹਨ। ਜਦੋਂ ਅਸੀਂ ਸੋਚਦੇ, ਬੋਲਦੇ, ਚਲਦੇ, ਸੁਪਨੇ ਦੇਖਦੇ ਜਾਂ ਜਦੋਂ ਅਸੀਂ ਪਿਆਰ ਕਰਦੇ ਹਾਂ ਤਾਂ ਇਹ ਦਿਮਾਗ ਦੇ ਗ੍ਰੇ ਮੈਟਰ 'ਚ ਹੁੰਦਾ ਹੈ, ਪਰ ਸਾਡੇ ਦਿਮਾਗ 'ਚ ਸਿਰਫ ਗ੍ਰੇ ਮੈਟਰ ਹੀ ਨਹੀਂ, ਸਗੋਂ ਵ੍ਹਾਈਟ ਮੈਟਰ ਦੀ ਵੀ ਬਹੁਤ ਵੱਡੀ ਭੂਮਿਕਾ ਹੈ। 'ਡਿਮੇਸ਼ੀਆ' ਨਾਂ ਦੀ ਬਿਮਾਰੀ ਬਾਰੇ ਜਦੋਂ ਟੈਸਟ ਕੀਤਾ ਜਾਂਦਾ ਹੈ ਤਾਂ ਦਿਮਾਗ ਵਿਚਲੇ ਗ੍ਰੇ ਮੈਟਰ 'ਚ ਬੀਟਾ ਏਮੀਲਾਈਡ ਤੇ ਟਾਊ ਪ੍ਰੋਟੀਨ ਦੇ ਇੱਕ ਦੂਸਰੇ ਨਾਲ ਹੋਣ ਵਾਲੇ ਰਿਐਕਸ਼ਨ 'ਤੇ ਗੌਰ ਕੀਤਾ ਜਾਂਦਾ ਹੈ।

ਇੰਗਲੈਂਡ ਦੇ ਇੱਕ ਵਿਗਿਆਨੀ ਡਾ. ਏਟੀਕਸ ਹੈਸਵਰਥ ਇਸ ਬਾਰੇ ਵਧੇਰੇ ਜਾਣਕਾਰੀ ਲਈ ਆਕਸਫੋਰਡ ਤੇ ਸ਼ੀਫੀਲਡ 'ਚ ਦਾਨ ਕੀਤੇ ਗਏ ਦਿਮਾਗ 'ਤੇ ਤਜ਼ਰਬੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੁਝ ਮਾਮਲਿਆਂ 'ਚ ਸਾਡੇ ਕੋਲ ਸੀਟੀ ਸਕੈਨ ਤੇ ਐਮ. ਆਰ. ਆਈ. ਆਦਿ ਮੌਜੂਦ ਹਨ। ਸਾਨੂੰ ਪਤਾ ਲਗਾਉਣ 'ਚ ਮੱਦਦ ਮਿਲ ਸਕਦੀ ਹੈ ਕਿ ਕੀ ਕਿਸੇ ਬਿਮਾਰੀ ਦੀ ਵਜ੍ਹਾ ਵ੍ਹਾਈਟ ਮੈਟਰ ਸੀ? ਜੇਕਰ ਡਿਮੇਸ਼ੀਆ ਦੀ ਵਜ੍ਹਾ ਖ਼ੂਨ ਵਾਲੀਆਂ ਨਾੜੀਆਂ 'ਚ ਖਿਚਾਅ ਹੈ ਤਾਂ ਇਹ ਇਲਾਜ ਲਈ ਨਵਾਂ ਰਸਤਾ ਦੱਸ ਸਕਦੀਆਂ ਹਨ।

## ਅਸਥਮਾ ਪੀੜਤ ਔਰਤਾਂ ਗਰਭ ਧਾਰਨ 'ਚ ਲੈਂਦੀਆਂ ਹਨ ਲੰਮਾ ਸਮਾਂ

ਅਸਥਮਾ ਪੀੜ੍ਹਤ ਔਰਤਾਂ ਨੂੰ ਗਰਭਵਤੀ ਹੋਣ ਵਿੱਚ ਆਮ ਔਰਤਾਂ ਨਾਲੋਂ ਜ਼ਿਆਦਾ ਸਮਾਂ ਲੱਗਦਾ ਹੈ। ਇਹ ਖੋਜ਼ ਇੱਕ ਨਵੀਂ ਸਟੱਡੀ ਤਹਿਤ ਕੀਤੀ ਗਈ ਹੈ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਅਸਥਮਾ ਰੋਗ, ਔਰਤ ਦੀ ਫਰਟਿਲਟੀ 'ਤੇ ਮਾੜਾ ਅਸਰ ਪਾਉਂਦਾ ਹੈ।

ਡੈਨਮਾਰਕ ਦੀ ਬਿਸਰਬਰਗ ਯੂਨੀਵਰਸਿਟੀ ਹਸਪਤਾਲ ਵੱਲੋਂ ਕੀਤੇ ਗਏ ਇੱਕ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ 30 ਵਰ੍ਹਿਆਂ ਤੋਂ ਵੱਡੀ ਉਮਰ ਦੀਆਂ ਅਸਥਮਾ ਪੀੜਤ ਔਰਤਾਂ ਨੂੰ ਗਰਭ ਧਾਰਨ ਲਈ ਵਧੇਰੇ ਸਮੇਂ ਦੀ ਉਡੀਕ ਕਰਨੀ ਪੈਂਦੀ ਹੈ। ਖੋਜਕਰਤਾਵਾਂ ਅਨੁਸਾਰ ਜੇਕਰ ਔਰਤਾਂ



ਅਸਥਮਾਂ ਦੀ ਦਵਾਈ ਲੈਂਦੀਆਂ ਹਨ ਤੇ ਠੀਕ ਇਲਾਜ ਕਰਵਾਉਂਦੀਆਂ ਹਨ ਤਾਂ ਉਹ ਛੇਤੀ ਗਰਭਵਤੀ ਹੋ ਸਕਦੀਆਂ ਹਨ।

## ਬਜ਼ੁਰਗਾਂ ਨੂੰ ਮੋਟਾਪੇ ਦਾ ਖਤਰਾ ਘੱਟ

ਨੌਜਵਾਨ ਤੇ ਅਨਪੜ੍ਹ ਉਮਰ ਦੇ ਵਿਅਕਤੀਆਂ ਦੇ ਮੁਕਾਬਲੇ ਬਜ਼ੁਰਗਾਂ ਲਈ ਮੋਟਾਪਾ ਖ਼ਤਰਨਾਕ ਨਹੀਂ। ਇਹ ਜਾਣਕਾਰੀ ਅਮਰੀਕੀ ਮੈਡੀਕਲ ਐਸੋਸੀਏਸ਼ਨ ਵੱਲੋਂ ਪ੍ਰਕਾਸ਼ਿਤ ਇਕ ਰਸਾਲੇ ਵਿੱਚ ਦਿੱਤੀ ਗਈ ਹੈ।

ਵਿਗਿਆਨੀਆਂ ਦਾ ਕਹਿਣਾ ਹੈ ਕਿ 75 ਸਾਲ ਦੀ ਉਮਰ ਪਿੱਛੋਂ ਮੋਟਾਪੇ ਦਾ ਕੋਈ ਖਤਰਾ ਨਹੀਂ ਰਹਿੰਦਾ। ਉਨਾਂ ਆਪਣੀ ਖੋਜ ਵਿੱਚ ਸਿੱਟਾ ਕੱਢਿਆ ਕਿ ਜਿਉਂ ਜਿਉਂ ਕੋਈ ਮੋਟਾ ਵਿਅਕਤੀ ਵਧੇਰੇ ਉਮਰ ਦਾ ਹੁੰਦਾ ਜਾਂਦਾ ਹੈ ਉਨਾ ਹੀ ਉਸ ਦੀ ਜਾਨ ਜਾਣ ਦਾ ਖਤਰਾ ਘਟਦਾ ਜਾਂਦਾ ਹੈ। ਜਵਾਨੀ ਵੇਲੇ ਮੋਟਾਪਾ ਜ਼ਿਆਦਾ ਹੋਣ ਕਾਰਨ ਜਾਨ ਤੋਂ ਹੱਥ ਵੀ ਧੋਣੇ ਪੈ ਸਕਦੇ ਹਨ।

ਕੁਝ ਹੋਰ ਵਿਗਿਆਨਕਾਂ ਦਾ ਕਹਿਣਾ ਹੇ ਕਿ ਇਸ ਖੋਜ਼ ਦਾ ਕੋਈ ਮਹੱਤਵ ਨਹੀਂ। ਮੋਟਾਪੇ ਕਾਰਨ ਸਮੱਸਿਆਵਾਂ ਮਨੁੱਖ ਨੂੰ ਕਦੀ ਵੀ ਘੇਰ ਸਕਦੀਆਂ ਹਨ।

## ਨਾਨ ਸਟਿਕ ਭਾਂਡਿਆਂ ਤੋਂ ਸ਼ੂਗਰ ਰੋਗ ਦਾ ਖ਼ਤਰਾ

ਵਿਗਿਆਨੀਆਂ ਨੇ ਇੱਕ ਖੋਜ਼ 'ਚ ਭਾਂਡਿਆਂ ਨੂੰ ਬਣਾਉਣ 'ਚ ਵਰਤੇ ਜਾਣ ਵਾਲੇ ਆਰਗੈਨਿਕ ਕੰਪਾਊਂਡਸ ਤੇ ਸ਼ੂਗਰ 'ਚ ਸਬੰਧ ਦੇਖਿਆ ਹੈ। ਇੰਗਲੈਂਡ ਦੀ ਉਪਸਾਲਾ ਯੂਨੀਵਰਸਿਟੀ ਦੀ ਇੱਕ ਖੋਜੀ ਟੀਮ ਨੇ ਕਿਹਾ ਹੈ ਕਿ ਇਨ੍ਹਾਂ ਭਾਂਡਿਆਂ ਨੂੰ ਬਣਾਉਣ ਵਾਲੇ ਪਰਫਲੂਰੀਨੇਟਿਡ ਕੰਪਾਊਂਡਸ ਵਾਤਾਵਰਣ ਲਈ ਜ਼ਹਿਰੀਲੇ ਹਨ ਤੇ ਖ਼ੂਨ 'ਚ ਇਨ੍ਹਾਂ ਦੀ ਉਚ ਪਾਤਰਾ ਤੇ ਡਾਇਬਿਟੀਜ਼ 'ਚ ਜ਼ਰੂਰ ਕੋਈ ਸਬੰਧ ਹੈ। ਇਸ ਤੋਂ ਪਹਿਲਾਂ ਇਹ ਖੋਜ਼ੀ ਟੀਮ ਇਨ੍ਹਾਂ ਦਰਮਿਆਨ ਸਬੰਧ ਸਥਾਪਤ ਕਰ ਚੁੱਕੀ ਹੈ, ਇਸ ਟੀਮ ਨੇ ਇਹ ਜਾਂਚ ਕੀਤੀ ਹੈ ਕਿ ਕੀ ਨਾਨ ਸਟਿਕ ਭਾਂਡਿਆਂ ਨੂੰ ਬਣਾਉਣ 'ਚ ਇਸਤੇਮਾਲ ਹੋਣ ਵਾਲੇ ਪਰਫਲੂਰੀਨੇਟਿਡ ਕੰਪਾਊਂਡ ਦੇ ਉੱਚ ਪੱਧਰ 'ਤੇ ਡਾਇਬਟੀਜ਼ 'ਚ ਕੀ ਸਬੰਧ ਹੈ ?

ਇਨ੍ਹਾਂ ਕੰਪਾਊਂਡਸ ਦਾ ਇੰਡਸਟ੍ਰੀਅਲ ਤੇ ਕੰਜਿਊਮਰ ਪ੍ਰਾਡਕਟਸ 'ਚ ਵੱਡੇ ਪੱਧਰ 'ਤੇ ਇਸਤੇਮਾਲ ਹੁੰਦਾ ਹੈ। ਇਸ ਦੌਰਾਨ ਮਾਹਿਰਾਂ ਨੇ 65 ਤੋਂ 70 ਸਾਲ ਦੀ ਉਮਰ ਦੇ ਕੋਈ ਇੱਕ ਹਜ਼ਾਰ ਲੋਕਾਂ 'ਤੇ ਖੋਜ਼ ਕੀਤੀ। ਖੋਜ਼ ਨਾਲ ਜੁੜੇ ਮਾਹਿਰਾਂ ਮੁਤਾਬਕ ਇਨ੍ਹਾਂ ਪਰਫਲੂਰੀਨੇਟਿਡ ਕੰਪਾਊਂਡਸ ਦੇ ਸਾਰੇ ਲੋਕਾਂ 'ਚ ਉੱਚ ਪੱਧਰ ਦੇਖਿਆ ਗਿਆ। ਇਨ੍ਹਾਂ ਕੰਪਾਊਂਡ 'ਚੋਂ ਇੱਕ ਪੀ. ਐਫ. ਐਨ. ਏ. ਦਾ ਸ਼ੂਗਰ ਨਾਲ ਲਿੰਕ ਸੀ। ਇਸ ਖੋਜ਼ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ ਪਰਫਲੂਰੀਨੇਟਿਡ ਕੰਪਾਊਂਡਸ ਦਾ ਸ਼ੂਗਰ ਨਾਲ ਕੀ ਰਿਸ਼ਤਾ ਹੈ ?

## ...ਤੇ ਅੰਤ ਵਿੱਚ

ਬ੍ਰਿਟੇਨ 'ਚ 4 ਸਾਲ ਦੇ ਇੱਕ ਬੱਚੇ ਦਾ ਆਈ ਕਿਉ ਭੌਤਿਕ ਸ਼ਾਸਤਰੀ ਅਲਬਰਟ ਆਈਨਸਟਾਈਨ, ਮਾਈਕ੍ਰੋਸਾਫਟ ਦੇ ਸੰਥਾਪਕ ਬਿਲ ਗੇਟਸ ਅਤੇ ਭੌਤਿਕ ਵਿਗਿਆਨੀ ਸਟੀਫਨ ਹਾਕਿਨਸ ਬਰਾਬਰ ਹੈ। ਬੌਧਿਕਤਾ ਦਾ ਤਜ਼ਰਬਾ ਕਰਨ ਵਾਲੀ ਸੰਸਥਾ ਮੇਨਸਾ ਇੰਟਰਨੈਸ਼ਨਲ ਨੇ ਸ਼ੇਰਵਿਨ ਸਾਰਾਬੀ ਦਾ ਬੌਧਿਕ ਪੱਧਰ 160 ਮਾਪਿਆ ਹੈ। ਸ਼ੇਰਵਿਨ ਨੇ ਦੋ ਸਾਲ ਦੀ ਉਮਰ 'ਚ ਹੀ ਸਕੂਲ ਜਾਣਾ ਸ਼ੁਰੂ ਕਰ ਦਿੱਤਾ ਸੀ। ਉਸਨੇ ਆਪਦਾ ਪਹਿਲਾ ਸ਼ਬਦ ਸਿਰਫ਼ ਦਸ ਮਹੀਨੇ ਦੀ ਉਮਰ 'ਚ ਹੀ ਬੋਲਿਆ ਸੀ। ਜਦ ਕਿ 20 ਮਹੀਨੇ 'ਚ ਉਹ ਪੂਰਾ ਵਾਕ ਬੋਲਣ ਲੱਗ ਪਿਆ ਸੀ। 3 ਸਾਲ ਦੀ ਉਮਰ ਵਿੱਚ ਮੇਨਸਾ ਇੰਟਰਨੈਸ਼ਨਲ ਦੇ ਮੈਂਬਰ ਬਣੇ ਸ਼ੇਰਵਿਨ ਦਾ ਬੌਧਿਕ ਪੱਧਰ ਇਸ ਵੇਲੇ ਆਪਣੀ ਉਮਰ ਤੋਂ ਦੁੱਗਣਾ ਹੈ। ਵਿਦਿਅਕ ਮਨੋਵਿਗਿਆਨੀ ਡਾ. ਪੀਟਰ ਕੌਂਗਡੌਨ ਨੇ ਕਿਹਾ ਕਿ ਮੈਂ ਬਹੁਤ ਸਾਰੇ ਬੱਚਿਆਂ ਨੂੰ ਮਿਲਿਆ ਹਾਂ, ਪਰ ਜਦੋਂ ਮੈਂ ਸ਼ੇਰਵਿਨ ਨਾਲ ਮੁਲਾਕਾਤ ਕੀਤੀ ਤਾਂ ਮੈਨੂੰ ਲੱਗਾ ਕਿ ਉਹ ਬਹੁਤ ਖਾਸ ਹੈ। ਸ਼ੇਰਵਿਨ ਦੀ 37 ਸਾਲਾਂ ਮਾਂ ਅਮੇਂਡਾ ਸਾਰਾਬੀ ਇਕ ਅਧਿਆਪਕਾ ਹੈ। ਉਨ੍ਹਾਂ ਕਿਹਾ ਕਿ ਉਹ ਬਹੁਤ ਸਵਾਲ ਪੁੱਛਦਾ ਹੈ ਕਿ ਉਹ ਬਹੁਤ ਸਵਾਲ ਪੁੱਛਦਾ ਹੈ ਅਤੇ ਪੂਰੀ ਕੋਸ਼ਿਸ਼ ਕਰਦੀ ਹਾਂ ਕਿ ਉਸ ਦੇ ਹਰ ਸਵਾਲ ਦਾ ਜਵਾਬ ਦੇ ਸਕਾਂ। ਚਾਰ ਸਾਲ ਦੇ ਬੱਚੇ ਦੀ ਤੁਲਨਾ 'ਚ ਸ਼ੇਰਵਿਨ ਹੁਣ ਤੱਕ 940 ਪੁਸਤਕਾਂ ਪੜ੍ਹ ਚੁੱਕਾ ਹੈ।

## ਔਰਤ, ਪੜ੍ਹਾਈ ਤੇ ਸਮਾਜ

ਕੁਝ ਸਮਾਂ ਪਹਿਲਾਂ ਦੀ ਗੱਲ ਹੈ। ਸਿਵਲ ਹਸਪਤਾਲ ਸੰਗਰੂਰ ਵਿਖੇ, ਮੇਰੀ ਭੈਣ ਨੇ ਡਿਲਵਰੀ ਕੇਸ ਵਿੱਚ ਇੱਕ ਬਹੁਤ ਹੀ ਪਿਆਰੀ ਬੱਚੀ ਨੂੰ ਜਨਮ ਦਿੱਤਾ। ਇੱਥੇ ਮੈਂ ਆਪਣੀ ਬੌਧਿਕ ਸੂਝ ਅਨੁਸਾਰ ਸਭ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਅੱਜ ਦੇ ਇਸ ਯੁੱਗ ਵਿੱਚ ਮੁੰਡੇ ਤੇ ਕੁੜੀ ਵਿੱਚ ਕੋਈ ਅੰਤਰ ਨਹੀਂ। ਕਿਉਂਕਿ ਪੜ੍ਹਾਈ ਨੇ ਇਸ ਭੇਦ-ਭਾਵ ਨੂੰ ਖਤਮ ਕਰ ਦਿੱਤਾ ਹੈ। ਇੱਥੇ ਮੈਂ ਉਦਾਹਰਨ ਦੇ ਤੌਰ 'ਤੇ ਕਿਰਨ ਬੇਦੀ, ਕਲਪਨਾ ਚਾਵਲਾ, ਮਦਰ ਟਰੇਸਾ ਜਿਹੀਆਂ ਔਰਤਾਂ ਦੀ ਮਹਾਨਤਾ ਦੱਸ ਰਿਹਾ ਸੀ।

...ਪਰ ਦੂਜੇ ਦਿਨ ਜਦੋਂ ਛੁੱਟੀ ਹੋਣ 'ਤੇ ਅਸੀਂ ਬੱਚਾ ਵਾਰਡ ਤੋਂ ਹੇਠਲੀ ਬਿਲਡਿੰਗ ਸਾਹਮਣੇ ਇੱਕ ਪਾਰਕ ਵਿੱਚ ਰੋਸ਼ ਮੁਜਾਹਰਾ ਕਰਦੇ ਲੋਕਾਂ ਨੂੰ ਵੇਖਕੇ ਰੁਕੇ ਤਾਂ ਸਾਨੂੰ ਪਤਾ ਲੱਗਾ ਕਿ ਪਿੰਡ ਦੇ ਸਕੂਲ ਵਿੱਚ ਪੜ੍ਹਾਉਂਦੇ ਗੁਰਜੰਟ ਸਿੰਘ ਨਾਂ ਦੇ ਅਧਿਆਪਕ ਨੇ ਆਪਣੀ ਹੀ ਜਮਾਤ ਦੀ ਬੱਚੀ ਨਾਲ ਜ਼ੁਬਰ ਜਨਾਹ ਕੀਤਾ ਹੈ।

ਸਮਾਜ ਵਿਚ ਵਾਪਰੇ ਇਸ ਮਾੜੇ ਕਾਰੇ ਨੂੰ ਵੇਖਕੇ ਮੇਰੀ ਭੈਣ ਹੁਣ ਕਦੇ ਆਪਣੀ ਨਵ-ਜੰਮੀ ਬੱਚੀ ਵੱਲ ਤੇ ਕਦੇ ਰੋਸ ਮੁਜਾਹਰਾ ਕਰਦੇ ਲੋਕਾਂ ਵੱਲ ਵੇਖ ਰਹੀ ਸੀ।

– **ਅਮਰੀਕ ਮਾਨਾਂ**, ਫੋਨ – 98147-86707

## ਪ੍ਰਾਈਵੇਟ ਟੀ. ਵੀ. ਚੈਨਲ ਚਾਲੀਸਾ

ਗਿਆਨ-ਵਿਗਿਆਨ ਦੀ ਗੱਲ ਛੱਡੋ,
ਇਤਿਹਾਸ ਨੂੰ ਵੀ ਮਿਥਿਹਾਸ ਬਣਾ ਕੇ ਦਿਖਾਉਂਦੇ ਨੇ,
ਪੈਸਾ ਸ਼ੋਹਰਤ ਟੀਆਰਪੀ ਲਈ,
ਨੰਗੇਜ ਝੂਠ ਦਿਖਾ ਕੇ ਕੁਰਾਹੇ ਪਾਉਂਦੇ ਨੇ।
ਰਾਜਨੀਤੀ ਸਰਮਾਏਦਾਰ ਮਾਲਕ ਇਹਨਾਂ ਦੇ,
ਆਪਣੀ ਸੋਭਾ ਕਥਾ ਸੁਣਾਉਣ ਲਈ ਹੀ ਇਹਨਾਂ ਨੂੰ ਚਲਾਉਂਦੇ ਨੇ।
ਸਭਿਆਚਾਰ ਵਿਰਸਾ ਥਿਆਉਂਦਾ ਨਹੀਂ ਕਿਤੇ,
ਬੱਸ ਸੱਭਿਆਚਾਰ ਮਾਂ-ਬੋਲੀ ਦੀ ਸੇਵਾ ਕਰਨ ਦਾ ਰਾਗ ਰਟਾਉਂਦੇ ਨੇ,
ਸਭਿਆਚਾਰਕ ਰਿਸ਼ਤੇ ਵਿਖਾਕੇ, 'ਬਿਗ' ਡਰਾਮਾ ਚਲਾਕੇ, ਸੋਹਣੇ ਕੱਪੜੇ ਪਵਾ ਕੇ,
ਵੇਖਣ ਵਾਲਿਆਂ ਨੂੰ ਆਪਣੇ ਮੱਕੜੀ ਚਾਲ 'ਚ ਫਸਾਉਂਦੇ ਨੇ।
ਬਾਕੀ ਖੇਡਾ ਲਈ ਸਮਾਂ ਹੈ ਨਹੀਂ,
ਕ੍ਰਿਕਟ ਕਥਾ 24 ਘੰਟੇ ਚਲਾਉਂਦੇ ਨੇ।
ਇੱਕ ਗੱਲ ਚੰਗੀ ਹੈ ਬੱਸ ਕੇਵਲ ਡਿਸ 'ਤੇ
ਕੁਝ ਇਹ ਕੁਝ ਪੈਸਿਆਂ ਵਿੱਚ ਟੀ. ਵੀ. 'ਤੇ ਕਾਫ਼ੀ ਸਾਰੇ ਆਉਂਦੇ ਨੇ।

– **ਰਾਜਾ ਕਰਤਾਰ ਸਿੰਘ ਬਰਨਾਲਾ**

# ਵਿਗਿਆਨਕ ਖ਼ਬਰਾਂ

## ➭ ਚਮੜੀ ਸੈਲਾਂ ਨਾਲ ਬਣ ਸਕਦੇ ਹਨ ਨਵੇਂ ਅੰਗ

ਵਿਗਿਆਨੀਆਂ ਨੇ ਇਨਸਾਨੀ ਸਰੀਰ ਦੀ ਚਮੜੀ ਦੀ ਕੋਸ਼ਿਕਾਵਾਂ (ਸਿਕਨ ਸੈਲਸ) ਨਾਲ ਸਟੇਮ ਸੈਲਾਂ ਤਿਆਰ ਕਰਨ ਨਾਲ ਜੁੜੀ ਵੱਡੀ ਉਪਲੱਬਧੀ ਹਾਸਲ ਕੀਤੀ ਹੈ। ਇਨ੍ਹਾਂ ਸਟੇਮ ਸੈਲਾਂ ਦੀ ਭਰੂਣ ਵਿੱਚ ਤਬਦੀਲ ਹੋਣ ਦੀ ਸਮਰੱਥਾ ਹੈ। ਇਕ ਚੋਟੀ ਦੇ ਵਿਗਿਆਨੀ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਦਾ ਨਿਰੀਖਣ ਚੂਹੇ 'ਤੇ ਪੂਰੀ ਤਰ੍ਹਾਂ ਨਾਲ ਕਾਮਯਾਬ ਰਿਹਾ ਹੈ ਅਤੇ ਵਿਗਿਆਨੀ ਦਾ ਮੰਨਣਾ ਹੈ ਕਿ ਇਹ ਇਨਸਾਨਾਂ ਦੇ ਲਈ ਵੀ ਬਿਲਕੁਲ ਲਾਹੇਵੰਦ ਰਹੇਗਾ। ਇਸ ਵਿੱਚ ਇਨਸਾਨਾਂ ਨੂੰ ਹੋਣ ਵਾਲੀਆਂ ਆਮ ਬਿਮਾਰੀਆਂ ਜਿਵੇਂ ਪਾਰ੍ਕਿਨਸਨ, ਆਦਿ ਦਾ ਬੇਹਤਰ ਇਲਾਜ ਕਰਨ ਦੀਆਂ ਸੰਭਾਵਨਾਵਾਂ ਹੋਰ ਵੀ ਮਜ਼ਬੂਤ ਹੋਣ ਲੱਗੀਆਂ ਹਨ। ਇਸ ਤਕਨੀਕ ਨਾਲ ਬੀਮਾਰੀ ਨਾਲ ਪੀੜਤ ਅੰਗਾਂ ਨੂੰ ਮਰੀਜ਼ ਦੇ ਸਟੇਮ ਸੈਲਾਂ ਦੇ ਨਾਲ ਦੋਬਾਰਾ ਤੋਂ ਤਿਆਰ ਕੀਤਾ ਜਾ ਸਕਦਾ ਹੈ।

## ➭ ਜਰਮ ਸੈਲ ਵੀ ਕੀਤੇ ਜਾ ਸਕਦੇ ਹਨ ਤਿਆਰ

ਜਦਕਿ ਚਮੜੀ ਸੈਲਾਂ ਤੋਂ ਇਨਸਾਨੀ ਭਰੂਣ ਤਿਆਰ ਕਰਨ ਦੀ ਫਿਲਹਾਲ ਕੋਈ ਮੰਸ਼ਾ ਨਹੀਂ ਹੈ, ਪਰ ਵਿਗਿਆਨੀਆਂ ਦਾ ਵਿਚਾਰ ਹੈ ਕਿ ਅਜਿਹਾ ਕੀਤਾ ਜਾਣਾ ਸੰਭਵ ਹੈ। ਪ੍ਰਯੋਗ ਦੇ ਦੌਰਾਨ ਚੂਹੇ ਦੇ ਭਰੂਣ ਤਿਆਰ ਕਰਨ 'ਚ ਕਾਮਯਾਬੀ ਹਾਸਲ ਕਰਨਾ ਇਸ ਗੱਲ ਦਾ ਸੰਕੇਤ ਦਿੰਦੇ ਹਨ ਕਿ ਇਨ੍ਹਾਂ ਭਰੂਣਾਂ ਨਾਲ ਖਾਸ ਤਰ੍ਹਾਂ ਦੇ ਟਿਸ਼ੂ ਤਿਆਰ ਕੀਤੇ ਜਾ ਸਕਦੇ ਹਨ; ਜੋ ਅੰਗ ਵਿਕਸਿਤ ਕਰਨ ਦੀ ਦਿਸ਼ਾ ਵਿਚ ਮਹੱਤਵਪੂਰਨ ਸਿੱਧ ਹੋਵੇਗਾ। ਇੱਥੋਂ ਤੱਕ ਕਿ ਇਸ ਤਕਨੀਕ ਨਾਲ ਜਰਮ ਸੈਲ ਵੀ ਤਿਆਰ ਕੀਤੇ ਜਾ ਸਕਦੇ ਹਨ। ਜਿਸ ਨਾਲ ਸਪਰਮ ਅਤੇ ਡਿੰਬ ਬਣਦੇ ਹਨ।

## ➭ ਸੋਸ਼ਲ ਰਵੱਈਆ : ਦਿਮਾਗ ਵਿੱਚ ਹੁੰਦਾ ਹੈ ਖਾਸ ਸਿਸਟਮ

ਵਿਗਿਆਨੀਆਂ ਨੇ ਦਿਮਾਗ ਦੀ ਖਾਸ ਬਣਤਰ ਦਾ ਪਤਾ ਲਗਾਇਆ ਹੈ। ਜਿਸ ਨਾਲ ਆਟਿਜਮ ਅਤੇ ਮਾਨਸਿਕ ਵਿਕਾਸ ਨਾਲ ਜੁੜੀਆਂ ਦੂਸਰੀਆਂ ਕਮੀਆਂ ਦੇ ਸ਼ਿਕਾਰ ਲੋਕਾਂ ਦੇ ਦਿਮਾਗ ਦੇ ਵੱਖ-ਵੱਖ ਹਿੱਸੇ ਇੱਕ ਦੂਜੇ ਨਾਲ ਠੀਕ ਤਰ੍ਹਾਂ ਕੰਮ ਨਹੀਂ ਕਰ ਸਕਦੇ। ਵਿਗਿਆਨੀਆਂ ਨੇ ਇਸਦਾ ਕਾਰਨ ਮਾਈਕ੍ਰੋਗਿਲਆ ਨਾਮਕ ਸੈਲ ਹੋ ਸਕਦੇ ਹਨ। ਜੋ ਸੈਲਾਂ ਦੇ ਵਿੱਚ ਸੰਪਰਕ ਨੂੰ ਸਹੀ ਕਰਨ ਵਿੱਚ ਰੁਕਾਵਟ ਪਾਉਂਦੀ ਹੈ।

ਇਹ ਖੋਜ਼ ਇਟਲੀ ਦੀ ਯੂਰੋਪੀਅਨ ਮਾਲਿਕਯੂਲਰ ਬਾਅਲਜੀ ਲੈਬੋਰੇਟਰੀ ਅਤੇ ਰੋਵਾਟ੍ਰੋ ਸਥਿਤ ਇੰਸਟੀਚਿਊਟ ਇਟੇਲਿਆਨੋ ਡੀ ਟੇਕਨੋਲਾਜਿਆ ਅਤੇ ਰੋਮ ਦੇ ਲਾ ਸਪੇਨਜਾ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਕੀਤੀ ਹੈ। ਇਹ ਖੋਜ ਚੂਹੇ ਦੇ ਦਿਮਾਗ 'ਤੇ ਐਫ. ਆਰ. ਐਮ. ਆਈ ਸਕੈਨ ਦੀ ਮਦਦ ਨਾਲ ਕੀਤੀ ਹੈ। ਇੱਕ ਵਿਗਿਆਨੀ ਦਾ ਕਹਿਣਾ ਹੈ ਕਿ, "ਅਸੀਂ ਸਾਬਤ ਕੀਤਾ ਹੈ ਕਿ ਵਿਕਾਸ ਦੇ ਦੌਰਾਨ ਮਾਇਕ੍ਰੋਗਿਲਆ ਵਿੱਚ ਕੋਈ ਘਾਟ ਆਉਣ ਨਾਲ ਦਿਮਾਗ 'ਤੇ ਬਹੁਤ ਪ੍ਰਭਾਵ ਪੈਂਦਾ ਹੈ। ਇਸ ਨਾਲ ਦਿਮਾਗ ਦਾ ਸੰਪਰਕ ਕਮਜੋਰ ਹੋ ਜਾਂਦਾ ਹੈ। ਸੋਸ਼ਲ ਰਵੱਈਆ ਵਿੱਚ ਵੀ ਘਾਟ ਆਉਂਦੀ ਹੈ, ਲਗਾਤਾਰ ਇੱਕ ਅਜਿਹਾ ਵਿਵਹਾਰ ਵਧਦਾ ਹੈ ਜੋ ਸਾਰੇ ਔਟਿਜ਼ਮ ਦੇ ਲੱਛਣ ਹਨ।

ਰਿਸਰਚ ਵਿੱਚ ਪਾਇਆ ਗਿਆ ਵਿਕਾਸ ਕਰਦੇ ਦਿਮਾਗ ਵਿੱਚ ਜੇਕਰ ਜ਼ਿਆਦਾ ਸੰਪਰਕ ਹਟਾਅ ਦਿੱਤੇ ਜਾਣ ਮਾਈਕ੍ਰੋਗਿਲਅ ਬਾਕੀ ਬਚੇ ਸੰਪਰਕ ਨੂੰ ਮਜ਼ਬੂਤ ਕਰਦੇ ਹਨ। ਇਹ ਠੀਕ ਉਸੇ ਤਰ੍ਹਾਂ ਦੇ ਹੁੰਦੇ ਹਨ ਜਿਸ ਤਰ੍ਹਾਂ ਦੇ ਦਿਮਾਗ ਦੇ ਵੱਖ-ਵੱਖ ਹਿੱਸਿਆਂ 'ਚ ਮਜ਼ਬੂਤ ਸੰਦੇਸ਼ ਪਹੁੰਚਾਉਣ ਦਾ ਕੰਮ ਕਰਨ ਵਾਲੇ ਫਾਈਬਰ-ਆਪਿਟਕ ਦੇ ਤੇਜ ਗਤੀ ਵਾਲੇ ਤਾਰ ਕਰ ਰਹੇ ਹੋਣ। ਪਰ ਜਦੋਂ ਵਿਕਾਸ ਦੀ ਕਿਸੇ ਸਟੇਜ 'ਤੇ ਇਹ ਕੋਸ਼ਿਕਾਵਾਂ ਆਪਣਾ ਕੰਮ ਕਰਨ ਤੋਂ ਫੇਲ੍ਹ ਹੋ ਜਾਂਦੀਆਂ ਹਨ ਤਾਂ ਦਿਮਾਗ ਦੇ ਉਸ ਹਿੱਸੇ ਨਾਲ ਸੰਪਰਕ ਕਰਨ ਵਾਲਾ ਸਿਸਟਮ ਕਮਜ਼ੋਰ ਹੋ ਜਾਂਦਾ ਹੈ। ਇਸ ਦਾ ਵਿਵਹਾਰ 'ਤੇ ਜ਼ਿਆਦਾ ਪ੍ਰਭਾਵ ਪੈਂਦਾ ਹੈ।

## ➭ ਛਾਤੀ ਦੇ ਕੈਂਸਰ ਦੀ ਸਫਲ ਦਵਾਈ ਮਿਲਣ ਦਾ ਦਾਅਵਾ

ਵਿਗਿਆਨੀਆਂ ਨੇ ਇਕ ਅਜਿਹੇ ਲੱਛਣ ਦੀ ਪਹਿਚਾਣ ਕੀਤੀ ਹੈ ਜੋ ਪ੍ਰਯੋਗ ਦੇ ਦੌਰਾਨ ਮੇਟਾਸਟੈਟਿਕ ਬ੍ਰੇਸਟ ਕੈਂਸਰ ਨੂੰ ਚੂਹੇ ਦੇ ਸਰੀਰ ਵਿੱਚ ਫੈਲਣ ਤੋਂ ਰੋਕਣ ਵਿੱਚ ਕਾਮਯਾਬ ਸਾਬਤ ਹੋਇਆ ਹੈ। ਮੇਟਾਸਟੈਏਸਿਸ ਇਕ ਅਜਿਹੀ ਪ੍ਰਕ੍ਰਿਆ ਹੈ ਜਿਸ 'ਚ ਕੈਂਸਰ ਸਰੀਰ ਦੇ ਬੇਹੱਦ ਅਹਿਮ ਅੰਗਾਂ ਜਿਵੇਂ ਦਿਮਾਗ, ਫੇਫੜਿਆਂ ਤੱਕ ਫੈਲ ਜਾਂਦਾ ਹੈ। ਕੈਂਸਰ ਨਾਲ ਹੋਣ ਵਾਲੀਆਂ ਜ਼ਿਆਦਾ ਮੌਤਾਂ ਦਾ ਕਾਰਨ ਮੇਟਾਸਟੈਸਿਸ ਹੀ ਹੈ। ਖੋਜਕਾਰੀਆਂ ਦਾ ਕਹਿਣਾ ਹੈ ਕਿ ਮੇਟਾਸਟੈਟਿਕ ਬ੍ਰੇਸਟ ਕੈਂਸਰ ਦਾ ਕਾਰਨ ਬਣਨ ਵਾਲੇ ਜੀਨ ਬੀਸੀ13 ਦੀ ਅਹਿਮ ਭੂਮਿਕਾ ਦਾ ਪਤਾ ਲੱਗ ਗਿਆ ਹੈ। ਹੁਣ ਤੱਕ ਇਸ ਜੀਨ ਦੇ ਇਸ ਰੋਲ ਦੇ ਬਾਰੇ ਵਿੱਚ ਵਿਗਿਆਨੀਆਂ ਨੂੰ ਕੋਈ ਜਾਣਕਾਰੀ ਨਹੀਂ ਸੀ। ਕਾਡ੍ਰਿਫ ਯੂਨੀਵਰਸਿਟੀ ਦੇ ਡਾ. ਰਿਚਰਡ ਦਾ ਕਹਿਣਾ ਹੈ ਕਿ ਸਾਨੂੰ ਖੋਜ ਦੌਰਾਨ ਪਤਾ ਲੱਗਿਆ ਹੈ ਕਿ ਇਸ ਜੀਨ ਦੇ ਪ੍ਰਭਾਵ ਨੂੰ ਦਵਾਈ ਦੇਣ ਨਾਲ ਕੈਂਸਰ ਦਾ ਫੈਲਣਾ ਰੋਕਣ ਵਿੱਚ 80 ਪ੍ਰਤੀਸ਼ਤ ਤੱਕ ਕਾਮਯਾਬੀ ਮਿਲੀ ਹੈ। ਰਿਚਰਡ ਦੇ ਮੁਤਾਬਕ ਸਾਡਾ ਅਗਲਾ ਕਦਮ ਹੈ ਕਿ ਇਸ ਬੀਸੀ13 ਜੀਨ ਦੇ ਪ੍ਰਭਾਵ ਨੂੰ ਦਵਾਈਆਂ ਦੇ ਮਾਧਿਅਮ ਨਾਲ ਘੱਟ ਕਰਨ ਦਾ ਰਸਤਾ ਲੱਭਣਾ। ਇਸ ਸਮੇਂ ਅਜਿਹੀਆਂ ਦਵਾਈਆਂ ਦੀ ਖੋਜ਼ ਕਰਨ ਦੀ ਜ਼ਰੂਰਤ ਹੈ ਜਿਹੜੀਆਂ ਦਵਾਈਆਂ ਇਸ ਬੀਮਾਰੀ ਨੂੰ ਰੋਕਣ ਜਾਂ ਘੱਟ ਤੋਂ ਘੱਟ ਇਸਦਾ ਅਸਰ ਘੱਟ ਕਰਨ ਵਿੱਚ ਮਦਦ ਕਰਨ। ਵਿਗਿਆਨੀਆਂ ਨੇ ਪ੍ਰਯੋਗ ਦੇ ਦੌਰਾਨ ਇਕ ਅਜਿਹਾ ਕਪਾਊਂਡ ਤਿਆਰ ਕੀਤਾ ਹੈ, ਜਿਸ ਵਿੱਚ ਬ੍ਰੈਸਟ ਕੈਂਸਰ ਦੇ ਜੀਨ ਦੇ ਅਸਰ ਨੂੰ ਘੱਟ ਕਰਨ ਦੀ ਸਮਰੱਥਾ ਹੈ। ਇਸ ਕਪਾਊਂਡ ਦਾ ਬਾਅਦ ਵਿੱਚ ਚੂਹਿਆਂ 'ਤੇ ਪ੍ਰਯੋਗ ਕੀਤਾ ਗਿਆ। ਜਿਸਦੇ ਬੇਹੱਦ ਸਫਲ ਨਤੀਜੇ ਨਿਕਲੇ। ਖੋਜਕਾਰੀ ਹੁਣ ਇਸਦੀ ਇਨਸਾਨਾਂ ਵਿੱਚ ਪ੍ਰਯੋਗ ਕਰਨ ਦੀ ਤਿਆਰੀ ਕਰ ਰਹੇ ਹਨ।

## ➭ ਸਿਰਫ਼ ਛੇ ਦਿਨਾਂ 'ਚ ਠੀਕ ਹੋ ਜਾਵੇਗਾ ਕੈਂਸਰ !

ਵਿਗਿਆਨੀ ਅਜਿਹੀ ਦਵਾਈ



ਬਣਾਉਣ ਦੇ ਕਰੀਬ ਪਹੁੰਚ ਗਏ ਹਨ ਜੋ ਕੈਂਸਰ ਨੂੰ ਸਿਰਫ਼ ਛੇ ਦਿਨਾਂ 'ਚ ਹੀ ਠੀਕ ਕਰ ਦੇਵੇਗੀ। ਬ੍ਰਿਟੇਨ ਦੇ ਵਿਗਿਆਨੀਆਂ ਦੀ ਖੋਜ਼ ਕੀਤੀ ਗਈ ਇਸ ਦਵਾਈ ਨੇ ਸਿਰਫ਼ ਛੇ ਦਿਨ ਵਿੱਚ ਇਕ ਚੂਹੇ ਵਿੱਚ ਪੈਂਕ੍ਰਿਅਟਿਕ ਕੈਂਸਰ ਦਾ ਸਫਾਇਆ ਕਰ ਦਿੱਤਾ। ਸੰਭਵ ਹੈ ਕਿ ਇਕ ਦਹਾਕੇ ਦੇ ਲਗਭਗ ਇਹ ਦਵਾਈ ਇਨਸਾਨਾਂ ਦੇ ਲਈ ਉਪਲਬਧ ਹੋਵੇਗੀ।

ਕੈਂਸਰ ਸੈਲਾਂ ਦੇ ਆਲੇ-ਦੁਆਲੇ ਇਕ ਪਰਤ ਹੁੰਦੀ ਹੈ ਜੋ ਉਹਨਾਂ ਦੀ ਰੱਖਿਆ ਕਰਦੀ ਹੈ। ਇਹ ਨਵੀਂ ਦਵਾਈ ਪਹਿਲਾਂ ਉਸ ਪਰਤ ਨੂੰ ਖ਼ਤਮ ਕਰ ਦਿੰਦੀ ਹੈ ਫਿਰ ਪੈਂਕ੍ਰਿਅਟਿਕ ਕੈਂਸਰ 'ਤੇ ਹੱਲਾ ਬੋਲਦੀ ਹੈ। ਜਦੋਂ ਕਿ ਖੋਜ਼ਕਾਰੀਆਂ ਦਾ ਕਹਿਣਾ ਹੈ ਕਿ ਦੂਸਰੇ ਕੈਂਸਰ ਦੇ ਮਾਮਲੇ ਵਿੱਚ ਇਹ ਦਵਾਈ ਉਨੀ ਪ੍ਰਭਾਵਸ਼ਾਲੀ ਸਿੱਧ ਨਹੀਂ ਹੋਈ ਹੈ।

ਕੈਂਸਰ ਰਿਸਰਚ ਯੂਕੇ ਕੈਂਬ੍ਰਿਜ ਇੰਸਟੀਊਟ ਦੇ ਵਿਗਿਆਨੀਆਂ ਨੇ ਇਸ ਦਵਾਈ ਦੀ ਖੋਜ਼ ਕੀਤੀ ਹੈ। ਇਸ ਦਾ ਨਾਮ AMD3100

ਰੱਖਿਆ ਗਿਆ ਹੈ। ਮੁੱਖ ਰਿਸਰਚਰ ਡਾ. ਡਗਲਸ ਫੀਰਾਨ ਨੇ ਦੱਸਿਆ ਹੈ ਕਿ, "ਸਰੀਰ ਨੂੰ ਕੈਂਸਰ ਦੇ ਹਮਲੇ ਤੋਂ ਖ਼ੁਦ ਨੂੰ ਬਚਾਉਣ ਲਈ ਤਿਆਰ ਕਰਨ ਦੇ ਜਰੀਏ ਠੋਸ ਰਸੌਲੀਆਂ ਦੇ ਇਲਾਜ ਨੂੰ ਸੁਧਾਰਨ ਵਿੱਚ ਕਾਫ਼ੀ ਸੰਭਾਨਾਵਾਂ ਦਿਖਾਈ ਦੇ ਰਹੀਆਂ ਹਨ। ਇਹ ਤਰੀਕਾ ਸਿਰਫ਼ ਪੈਂਕ੍ਰਿਅਟਿਕ ਕੈਂਸਰ ਵਿੱਚ ਹੀ ਨਹੀਂ ਜਦਕਿ ਅੰਡੇਦਾਨੀ ਅਤੇ ਫੇਫੜਿਆਂ ਦੇ ਕੈਂਸਰ ਸਮੇਤ ਦੂਸਰੇ ਕੈਂਸਰਾਂ ਵਿੱਚ ਵੀ ਲਾਭਦਾਇਕ ਸਿੱਧ ਹੋਵੇਗਾ ਕਿਉਂਕਿ ਇਹ ਸਾਰੇ ਕੈਂਸਰ ਇੱਕ ਹੀ ਤਰ੍ਹਾਂ ਦਾ ਵਿਵਹਾਰ ਕਰਦੇ ਹਨ।"

## ➪ ਬਿਨਾਂ ਸਰਜਰੀ ਤੋਂ ਲੱਗ ਸਕਦਾ ਹੈ ਪੇਸਮੇਕਰ

ਦਿਲ ਦੇ ਇਲਾਜ ਨੂੰ ਆਸਾਨ ਬਣਾਉਣ ਵਿੱਚ ਭਾਰਤ ਦੇ ਇੱਕ ਡਾਕਟਰ ਨੇ ਸਫਲਤਾ ਹਾਸਿਲ ਕੀਤੀ ਹੈ। ਇਸਦਾ ਲਾਭ ਆਮ ਲੋਕਾਂ ਤੱਕ ਪਹੁੰਚੇਗਾ ਜਲਦ ਹੀ। ਅਜਿਹੇ ਮਰੀਜਾਂ ਨੂੰ ਪੇਸਮੇਕਰ ਬਿਨਾਂ ਕਿਸੇ ਸਰਜਰੀ ਦੇ ਲਗਾਏ ਜਾ ਸਕਦੇ ਹਨ। ਇਸਦੇ ਲਈ ਖਾਸ ਤੌਰ ਤੇ ਤਿਆਰ ਪੇਸਮੇਕਰ ਨਾ ਸਿਰਫ਼ ਸਾਇਜ ਵਿੱਚ ਬਹੁਤ ਛੋਟੇ ਹੋਣਗੇ, ਜਦਕਿ ਇਨ੍ਹਾਂ ਵਿੱਚ ਕਿਸੇ ਤਾਰ ਦਾ ਵੀ ਝੰਜਟ ਨਹੀਂ ਹੋਵੇਗਾ।

ਅਮਰੀਕਾ ਨੇ ਮਾਊਟ ਸਿਨਾਈ ਹਸਪਤਾਲ ਵਿੱਚ ਭਾਰਤੀ ਮੂਲ ਦੇ ਡਾਕਟਰ ਵਿਵੇਕ ਰੇਡ੍ਹ ਡੀ ਨੇ ਹੁਣੇ ਹੀ ਇੱਕ ਮਰੀਜ਼ ਵਿੱਚ ਪੇਸਮੇਕਰ ਦਾ ਸਫ਼ਲ ਇੰਪਲਾਟ ਕੀਤਾ। ਚਾਂਦੀ ਦੀ ਛੋਟੀ ਟਿਊਬ ਵਰਗਾ ਨਜ਼ਰ ਆਉਣ ਵਾਲਾ ਇਹ ਪੇਸਮੇਕਰ ਕੁਝ ਹੀ ਸੈਟੀਮੀਟਰ ਲੰਬਾ ਹੈ, ਜਿਸ ਨਾਲ ਇਸਦਾ ਸਾਇਜ ਟ੍ਰਾਂਡਸ਼ਨਲ ਪੇਸਮੇਕਰ ਦੇ ਮੁਕਾਬਲੇ 10 ਫੀਸਦੀ ਤੋਂ ਵੀ ਘੱਟ ਰਹਿ ਗਿਆ ਹੈ।

ਫਿਲਹਾਲ ਇਹ ਪੇਸਮੇਕਰ ਸੁੱਰਖਿਆ ਅਤੇ ਫਾਇਦੇ ਦੇ ਤੌਰ ਤੇ ਕਲੀਨਿਕਲ ਟੈਸਟ ਕੀਤਾ ਜਾ ਰਿਹਾ ਹੈ। ਲੀਡਲੇਸ 2 ਨਾਮ ਦੇ ਇਸ ਟ੍ਰਾਇਲ ਅਭਿਆਨ ਦੇ ਤਹਿਤ ਇਸਦਾ ਨਿਰੀਖਣ 670 ਮਰੀਜ਼ਾਂ 'ਤੇ ਕੀਤਾ ਜਾਵੇਗਾ। ਇਨ੍ਹਾਂ ਮਰੀਜ਼ਾਂ ਦਾ ਰਜਿਸਟ੍ਰੇਸ਼ਨ ਅਮਰੀਕਾ, ਕੈਨੇਡਾ ਅਤੇ ਯੂਰਪ ਦੇ 50 ਸੈਂਟਰਾਂ 'ਚ ਕੀਤਾ ਜਾ ਰਿਹਾ ਹੈ। ਡਾ. ਰੇਡ੍ਹਡੀ ਦਾ ਕਹਿਣਾ ਹੈ ਕਿ ਨਵੇਂ ਦੌਰ ਦਾ ਇਹ ਪੇਸਮੇਕਰ ਮਰੀਜ਼ਾਂ ਦੇ ਲਈ ਕਾਫ਼ੀ ਲਾਹੇਵੰਦ ਸਿੱਧ ਹੋਵੇਗਾ ਕਿਉਂਕਿ





ਇਸ ਵਿੱਚ ਟ੍ਰਾਂਡਸ਼ਨਲ ਪੇਸਮੇਕਰ ਦੀ ਤਰ੍ਹਾਂ ਨਾ ਤਾਂ ਲੀਡ ਹੈ ਅਤੇ ਨਾ ਹੀ ਇਸ ਨਾਲ ਮਰੀਜ਼ ਦੇ ਸੀਨੇ ਦੀ ਸਿਕਨ ਦੇ ਨੀਚੇ ਸਰਜਰੀ ਕਰਕੇ ਲਗਾਉਣ ਦੀ ਜ਼ਰੂਰਤ ਨਹੀਂ ਰਹੇਗੀ। ਇਸ ਨੂੰ ਜ਼ਰੂਰਤ ਨਾ ਹੋਣ ਤੇ ਹਟਾਇਆ ਵੀ ਜਾ ਸਕਦਾ ਹੈ। ਪਰ ਇਹ ਵੀ ਟ੍ਰਾਂਡਸ਼ਨਲ ਪੇਸਮੇਕਰ ਦੀ ਤਰ੍ਹਾ ਹੀ ਬੇਹੱਦ ਘੱਟ ਦਿਲ ਦੀ ਧੜਕਣ ਦੇ ਇਲਾਜ ਵਿਚ ਵਰਤੋਂ ਕੀਤਾ ਜਾ ਸਕੇਗਾ। ਟ੍ਰਾਇਲ ਅਭਿਆਨ ਦੇ ਪ੍ਰਿੰਸੀਪਲ ਇਨਵੇਸਿਟਗੇਟਰ ਸ੍ਰੀਨਿਵਾਸ ਦੁਕੀਪਤੀ ਦਾ ਕਹਿਣਾ ਹੈ ਕਿ ਟ੍ਰਾਂਡਸ਼ਨ ਪੇਸਮੇਕਰ ਵਰਗ ਹੀ ਨਤੀਜੇ ਬੇਹੱਦ ਛੋਟੇ, ਲੀਡ ਫ੍ਰੀ ਅਤੇ ਜ਼ਿਆਦਾ ਫਾਇਦੇ ਵਾਲੇ ਪੇਸਮੇਕਰ ਬਿਨਾਂ ਕਿਸੇ ਸਰਜਰੀ ਦੀ ਪ੍ਰੇਸ਼ਾਨੀ ਤੋਂ ਮਿਲ ਸਕਨਗੇ।

**ਕੀ ਹੋਣਗੇ ਲਾਭ ?**

- **ਸਰਜਰੀ ਕਰਕੇ ਲਗਾਉਣ ਦੀ ਜ਼ਰੂਰਤ ਨਹੀਂ।**
- **ਚਮੜੀ ਦੇ ਹੇਠਾਂ ਨਜ਼ਰ ਨਹੀਂ ਆਵੇਗਾ ਪੇਸਮੇਕਰ**
- **ਕਿਸੇ ਤਾਰ ਦੀ ਜ਼ਰੂਰਤ ਨਹੀਂ ਹੈ।**
- **ਮਰੀਜ਼ ਦੇ ਰੁਟੀਨ 'ਤੇ ਕੋਈ ਰੋਕ ਨਹੀਂ।**
- **ਡਿਵਾਇਸ ਖ਼ਰਾਬ ਹੋਣ ਦਾ ਕੋਈ ਖਤਰਾ ਨਹੀਂ।**
- **ਇਨਫੈਕਸ਼ਨ ਦੇ ਡਰ, ਬੇਚੈਨੀ ਤੋਂ ਛੁਟਕਾਰਾ।**

**ਕਿਸ ਤਰ੍ਹਾਂ ਕਰੂੰਗਾ ਕੰਮ**

- **ਇਸ ਨੂੰ ਕੈਥੇਟਰ ਨਾਲ ਚੱਲਣ ਵਾਲੀ ਇਕ ਪ੍ਰਕ੍ਰਿਆ ਦੇ ਨਾਲ ਫਿਮੋਰਲ ਆਟਰੀ ਦੇ ਮਾਧਿਅਮ ਨਾਲ ਦਿਲ ਦੇ ਅੰਦਰ ਸਿੱਧਾ ਲਗਾਇਆ ਜਾਂਦਾ ਹੈ।**
- **ਇਹ ਦਿਲ ਦੀ ਧੜਕਣ 'ਤੇ ਬਰੀਕ ਨਜ਼ਰ ਰੱਖਦਾ ਹੈ ਅਤੇ ਇਸਦੇ ਘੱਟ ਹੋਣ 'ਤੇ ਇਲੈਕਿਟ੍ਰਕਲ ਸਿਟਮੁਲੇਸ਼ਨ ਥੈਰੇਪੀ ਦਾ ਇਸ਼ਤੇਮਾਲ ਕਰਕੇ ਧੜਕਣ ਨੂੰ ਕੰਟਰੋਲ ਕਰਦਾ ਹੈ।**

## ➪ ਆਪਸ ਵਿੱਚ ਗੱਲਾਂ ਕਰਨਗੀਆਂ ਹੁਣ ਕਾਰਾਂ

ਭਵਿੱਖ ਵਿੱਚ ਕਾਰਾਂ ਅਜਿਹੀਆਂ ਹੋਣਗੀਆਂ ਜੋ ਸੜਕਾਂ 'ਤੇ ਇਕ ਦੂਸਰੇ ਨਾਲ ਗੱਲਾਂ ਕਰਨਗੀਆਂ। ਸੜਕਾਂ ਹੋਰ ਵੀ ਸੁੱਰਖਿਅਤ ਹੋਣਗੀਆਂ ਅਤੇ ਭਵਿੱਖ ਵਿੱਚ ਵਾਹਨ ਚਾਲਕਾਂ 'ਤੇ ਤਨਾਵ ਵੀ ਘਟ ਜਾਵੇਗਾ।

ਵੱਖ-ਵੱਖ ਕੰਪਨੀਆਂ ਦੀਆਂ ਕਾਰਾਂ ਨੂੰ ਇਕ ਨੈਟਵਰਕ ਵਿੱਚ ਲਿਆਉਣਾ ਸੋਖਾ ਕੰਮ ਨਹੀਂ। ਹੁਣ ਕਾਰ ਨਿਰਮਾਤਾ ਮਿਲਕੇ ਇੱਕ ਅਜਿਹਾ ਕੰਪਿਊਟਰ ਸਿਸਟਮ ਬਣਾਉਣਾ ਚਾਹੁੰਦੇ ਹਨ। ਜੋ ਸਾਰੀਆਂ ਕਾਰਾਂ ਵਿੱਚ ਚੱਲੇਗਾ ਅਤੇ ਕਾਰਾਂ ਆਸਾਨੀ ਨਾਲ ਆਪਸ ਵਿੱਚ ਸੰਪਰਕ ਕਰ ਸਕਣਗੀਆਂ। ਅਗਲੇ ਸਾਲ ਵਿੱਚ ਯੂਰਪ ਦੀਆਂ ਸੜਕਾਂ 'ਤੇ ਅਜਿਹੀਆਂ ਕਾਰਾਂ ਆ ਸਕਦੀਆਂ ਹਨ। ਆਪਸ ਵਿੱਚ ਸੰਪਰਕ ਕਰਦੀਆਂ ਕਾਰਾਂ ਦਾ ਫਾਇਦਾ ਇਹ ਹੋਵੇਗਾ ਕਿ ਉਹ ਇਕ ਦੂਜੇ ਨੂੰ ਹਾਦਸਿਆਂ, ਬੁਰੇ ਮੌਸਮ ਅਤੇ ਸੜਕਾਂ 'ਤੇ ਗਲਤ ਦਿਸ਼ਾ ਵਿੱਚ ਚੱਲਣ ਵਾਲੀਆਂ ਗੱਡੀਆਂ ਦੇ ਬਾਰੇ ਵਿੱਚ ਜਾਣਕਾਰੀ ਦੇਣਗੀਆਂ।

ਯੂਰੀਪਨ ਟੇਲਿਕਾਮ ਸਟੈਂਡਡ੍ਰਸਰ ਇੰਸਟੀਊਟ ਨੇ ਇਸਦੇ ਲਈ ਨਿਯਮ ਬਣਾਇਆ ਹੈ ਕਿ ਇਨਾਂ ਮਾਨਕਾਂ ਵਿੱਚ ਦੱਸਿਆ ਜਾਵੇਗਾ ਕਿ ਕਾਰ ਕੰਪਿਊਟਰ ਕਿਸ ਫ਼੍ਰੀਕਵੇਸੀ ਵਿੱਚ ਇਕ ਦੂਸਰੇ ਨਾਲ ਸੰਪਰਕ ਕਰਨਗੇ ਅਤੇ ਡੇਟਾ ਦਾ ਫਾਰਮੇਟ ਕਿਸ ਤਰ੍ਹਾਂ ਦਾ ਹੋਵੇਗਾ। ਜੇਕਰ ਮਾਨਕ ਇੱਕ ਹੁੰਦੇ ਹਨ ਤਾਂ ਕਾਰਾਂ ਇਕ ਦੂਸਰੇ ਦੀ ਪੋਜੀਸ਼ਨ ਅਤੇ ਗਤੀ ਦਾ ਪਤਾ ਲਗਾ ਸਕਦੀਆਂ ਹਨ। ਯੂਰੀਪ ਦੇ ਅਧਿਕਾਰੀ ਜਾਪਾਨ ਅਤੇ ਅਮਰੀਕਾ ਦੇ ਵਿਗਿਆਨੀਆਂ ਨਾਲ ਇਸ ਬਾਰੇ ਵਿੱਚ ਗੱਲ ਕਰ ਰਹੇ ਹਨ।

ਨਿਵੇਸ਼ ਦੀ ਜ਼ਰੂਰਤ

ਯੂਰੋਪ ਵਿੱਚ ਲਗਭਗ 20 ਕਰੋੜ ਗੱਡੀਆਂ ਹਨ। ਕਾਰਾਂ ਦੇ ਮਾਹਰ ਕਹਿੰਦੇ ਹਨ ਕਿ ਜੇਕਰ ਇਸ ਵਿੱਚ 10 ਪ੍ਰਤੀਸ਼ਤ ਗੱਡੀਆਂ ਨੂੰ ਇੱਕ ਨੈਟਵਰਕ ਵਿੱਚ ਸ਼ਾਮਿਲ ਕੀਤਾ ਗਿਆ ਤਾਂ ਇਸ ਨਾਲ ਬਹੁਤ ਵੱਡਾ ਫ਼ਰਕ ਪਵੇਗਾ। ਇਸ ਸਿਸਟਮ ਨੂੰ ਬਣਾਉਣ ਸਮੇਂ

ਟ੍ਰੈਫਿਕ ਲਾਇਟ ਅਤੇ ਸੜਕਾਂ ਦੀ ਮੁੱਢਲੀ ਸੰਰਚਨਾ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ। ਪਰ ਇਸ ਤਕਨੀਕ ਨੂੰ ਵਿਕਸਤ ਕਰਨ ਦੇ ਲਈ ਪੂਰੀ ਤਰ੍ਹਾਂ ਕਾਰਗਰ ਬਣਾਉਣ ਦੇ ਲਈ ਵਿੱਤੀ ਨਿਵੇਸ਼ ਦੀ ਜ਼ਰੂਰਤ ਹੈ।

ਯੂਰਪੀ ਸੰਘ ਦੀ ਡਿਜਿਟਲ ਆਯੁਕਤ ਨੀਲੀ ਕਰੂਸ ਦਾ ਕਹਿਣਾ ਹੈ ਕਿ ਯੂਰਪ ਨੇ ਇਸ ਪ੍ਰੋਜੈਕਟ ਵਿੱਚ ਹੁਣ ਤੱਕ 18 ਕਰੋੜ ਯੂਰੋ ਲਗਵਾਏ ਹਨ। 2012 ਵਿੱਚ ਜਰਮਨੀ ਵਿੱਚ 120 ਗੱਡੀਆਂ ਨੂੰ ਜੋੜਿਆਂ ਗਿਆ ਅਤੇ ਉਹਨਾਂ ਨੇ ਲੱਗਭਗ 16 ਲੱਖ ਕਿਲੋਮੀਟਰ ਦਾ ਫਾਸਲਾ ਤੈਅ ਕੀਤਾ। ਇਸ ਵਿੱਚ ਆਓਡੀ, ਬੀਐਮਡਬਲਯੂ, ਫੋਰਡ ਅਤੇ ਔਪੇਲ ਵਰਗੀਆਂ ਕੰਪਨੀਆਂ ਸ਼ਾਮਿਲ ਸਨ। ਅਮਰੀਕਾ ਵਿੱਚ ਵੀ ਆਵਾਜਾਈ ਮਾਹਰਾਂ ਦਾ ਮੰਨਣਾ ਹੈ ਕਿ ਜੇਕਰ ਕਾਰਾਂ ਨੂੰ ਨੈਟਵਰਕ ਨਾਲ ਮਿਲਾਇਆ ਜਾਵੇ ਤਾਂ ਲਗਭਗ 80 ਪ੍ਰਤੀਸ਼ਤ ਹਾਦਸਿਆਂ ਨੂੰ ਰੋਕਿਆ ਜਾ ਸਕਦਾ ਹੈ। ਪਿਛਲੇ ਹਫ਼ਤੇ ਅਮਰੀਕਾ ਦੇ ਅਧਿਕਾਰੀਆਂ ਨੇ ਇਸ ਤਰ੍ਹਾ ਦੀ ਤਕਨੀਕ ਨੂੰ ਮੰਨਜੂਰੀ ਦੇ ਦਿੱਤੀ ਹੈ।

ਪਰ ਨਵੀਂ ਤਕਨੀਕ ਦੇ ਨਾਲ ਨਵੇਂ ਖ਼ਤਰੇ ਵੀ ਆਉਂਦੇ ਹਨ। ਹੋ ਸਕਦਾ ਹੈ ਕਿ ਕਾਰ ਚਾਲਕ ਸਿਸਟਮ ਦੀ ਗੱਲ ਨਾ ਮੰਨੇ ਜਾਂ ਫਿਰ ਹੋ ਸਕਦਾ ਹੈ ਕਿ ਚੇਤਾਵਨੀ ਨਾ ਦੇਵੇ। ਪਰ ਖ਼ਤਰਾ ਫਿਰ ਵੀ ਹੈ। ਡਾਟਾ ਸੁੱਰਖਿਆ ਨੂੰ ਲੈਕੇ ਵੀ ਇਸ ਤਕਨੀਕ 'ਤੇ ਸਵਾਲ ਉੱਠ ਰਹੇ ਹਨ। ਕਿ ਕੀ ਕੋਈ ਇਹ ਚਾਹੇਗਾ ਕਿ ਸੜਕ 'ਤੇ ਹਰ ਗੱਡੀ ਨੂੰ ਪਤਾ ਹੋਵੇ ਕਿ ਉਹ ਕੌਣ ਹੈ ਅਤੇ ਕਿੱਥੇ ਹੈ।

## ➭ ਟੀਵੀ, ਕੰਪਿਊਟਰ, ਕਾਰ ਅਤੇ ਬੀਮਾਰ

ਵਿਕਾਸ ਕਰਦੇ ਦੇਸ਼ਾਂ ਵਿੱਚ ਕਾਰ, ਟੀਵੀ ਅਤੇ ਕੰਪਿਊਟਰ ਲੋਕਾਂ ਵਿੱਚ ਮੋਟਾਪਾ ਅਤੇ ਡਾਇਬੀਟੀਜ਼ ਦਾ ਖ਼ਤਰਾ ਪੈਦਾ ਕਰਦੇ ਹਨ। ਮਨੋਰੰਜਨ ਅਤੇ ਸਹੂਲਤਾਂ ਦੇਣ ਵਾਲੀਆਂ ਇਨਾਂ ਚੀਜ਼ਾਂ ਨਾਲ ਸਰੀਰਕ ਗੀਤਵਿਧੀ 31 ਫੀਸਦੀ ਘੱਟ ਹੁੰਦੀ ਹੈ ਅਤੇ ਇਹ ਸੁਸਤੀ ਹੀ ਬਿਮਾਰੀਆਂ ਨੂੰ ਸੱਦਾ ਦਿੰਦੀ ਹੈ।

ਵਿਕਾਸਸ਼ੀਲ ਅਤੇ ਗਰੀਬ ਦੇਸ਼ਾਂ ਵਿੱਚ ਸੁੱਖ ਸਹੂਲਤਾਂ ਤਾਂ ਵੱਧ ਰਹੀਆਂ ਹਨ ਪਰ ਉਹਨਾਂ ਦੇ ਪਿੱਛੇ ਬਿਮਾਰੀਆਂ ਵੀ ਆ ਰਹੀਆਂ ਹਨ। ਕਨਾਡਾ ਦੀ ਸਿਮੋਨ ਫ੍ਰੇਜਰ ਯੂਨੀਵਰਸਿਟੀ ਵਿੱਚ ਹੇਲਥ ਸਾਇੰਸ ਦੀ ਪ੍ਰੋਫੈਸਰ ਸਕਾਟ ਲਿਅਰ ਨੇ ਇਹ ਦਾਅਵਾ ਕੀਤਾ ਹੈ। ਪ੍ਰਫੈਸਰ ਲਿਅਰ ਦੇ ਅਨੁਸਾਰ 17 ਦੇਸ਼ਾਂ ਵਿੱਚ ਡੇਢ ਲੱਖ ਤੋਂ ਜ਼ਿਆਦਾ ਲੋਕਾਂ 'ਤੇ ਰਿਸਰਚ ਕਰਨ ਤੋਂ ਬਾਅਦ ਇਹ ਸਾਫ਼ ਪਤਾ ਲੱਗਿਆ ਹੈ ਕਿ ਕੰਪਿਊਟਰ, ਟੀ. ਵੀ. ਅਤੇ ਕਾਰ ਵਿਕਾਸਸ਼ੀਲ ਅਤੇ ਪਿਛੜੇ ਦੇਸ਼ਾਂ ਵਿੱਚ ਲੋਕਾਂ ਨੂੰ ਸੁਸਤ ਬਣਾਉਂਦੇ ਹਨ।




ਇਨਾਂ ਮਸ਼ੀਨਾਂ ਦਾ ਇਸ਼ਤੇਮਾਲ ਕਰਨ ਵਾਲੇ ਲੋਕਾਂ ਵਿੱਚ ਮੋਟਾਪਾ 400 ਫੀਸਦੀ ਦੀ ਦਰ ਤੋਂ ਵਧ ਰਿਹਾ ਹੈ। ਟਾਇਪ-2 ਡਾਇਬੀਟੀਜ਼ ਦੀ ਬੀਮਾਰੀ ਵੀ 250 ਪ੍ਰਤੀਸ਼ਤ ਦੀ ਰਫਤਾਰ ਤੋਂ ਵਧ ਹੈ। ਰਿਸਰਚ ਵਿੱਚ ਪਤਾ ਲੱਗਿਆ ਕਿ ਕੰਪਿਊਟਰ, ਕਾਰ



ਅਤੇ ਟੀਵੀ ਦੀ ਵਰਤੋਂ ਕਰਨ ਵਾਲਿਆਂ ਦੀ ਸਰੀਰਕ ਗਤੀਵਿਧਿਆਂ 31 ਫੀਸਦੀ ਘਟ ਹੋ ਜਾਂਦੀਆਂ ਹਨ ਅਤੇ ਹੋਰਾਂ ਦੇ ਮੁਕਾਬਲੇ ਇਹ ਲੋਕ 21 ਫੀਸਦੀ ਜ਼ਿਆਦਾ ਬੈਠੇ ਰਹਿੰਦੇ ਹਨ। ਜਿਨ੍ਹਾਂ ਲੋਕਾਂ ਦੇ ਕੋਲ ਕਾਰ, ਇੰਟਰਨੇਟ ਅਤੇ ਟੀਵੀ ਨਹੀਂ ਹੈ ਉਹਨਾਂ ਦੇ ਮੁਕਾਬਲੇ ਇਨ੍ਹਾਂ ਸਹੂਲਤਾਂ ਨੂੰ ਭੋਗਣ ਵਾਲਿਆਂ ਦੀ ਕਮਰ ਨੌਂ ਸੈਂਟੀਮੀਟਰ ਮੋਟੀ ਪਾਈ ਗਈ।

ਲਿਅਰ ਦਾ ਕਹਿਣਾ ਹੈ ਕਿ, "ਘੱਟ ਅਤੇ ਮੱਧ ਇਨਕਮ ਵਾਲੇ ਦੇਸ਼ਾਂ ਵਿੱਚ ਆਧੁਨਿਕ ਜ਼ਿੰਦਗੀ ਵਿੱਚ ਸਹੂਲਤਾਂ ਦੇਣ ਵਾਲੀਆਂ ਚੀਜ਼ਾਂ ਜਿਵੇਂ ਟੀ. ਵੀ., ਕਾਰ ਅਤੇ ਕੰਪਿਊਟਰ ਦੇ ਵਧਦੇ ਇਸ਼ਤੇਮਾਲ ਦੇ ਨਾਲ ਹੀ ਮੋਟਾਪੇ ਅਤੇ ਡਾਇਬੀਟੀਜ਼ ਵਿੱਚ ਵੀ ਵਾਧਾ ਦੇਖਿਆ ਜਾ ਸਕਦਾ ਹੈ। ਇਹ ਲੋੜ ਘੱਟ ਸਰੀਰਕ



ਗਤੀਵਿਧੀ ਕਰਦੇ ਹਨ ਅਤੇ ਖੁਰਾਕ ਵਿੱਚ ਜ਼ਿਆਦਾ ਕੈਲੋਰੀ ਲੈਂਦੇ ਹਨ।"

ਅਮੀਰ ਦੇਸ਼ਾਂ ਵਿੱਚ ਇਨਾਂ ਸਮੱਸਿਆਵਾਂ ਨਾਲ ਨਿਪਟਣ ਦੇ ਲਈ ਕਾਫ਼ੀ ਹੱਦ ਤੱਕ ਵਿਕਸਿਤ ਢਾਂਚਾ ਬਣਾ ਚੁੱਕਿਆ ਹੈ। ਪਰ ਵਿਕਾਸਸ਼ੀਲ ਦੇਸ਼ਾਂ ਵਿੱਚ ਉਭਰਦੀਆਂ ਬਿਮਾਰੀਆਂ ਮੁਸ਼ਕਿਲ ਖੜ੍ਹੀ ਕਰਦੀਆਂ ਹਨ। ਇਨਾਂ ਦਾ ਅਸਰ ਸਮਾਜਿਕ ਸਿਰਜਣਾ 'ਤੇ ਵੀ ਪਵੇਗਾ।

## ➭ ਕੇਵਲ ਦਵਾਈ ਨਾਲ ਨਹੀਂ ਦੂਰ ਹੋਵੇਗਾ ਕੈਂਸਰ

ਵਿਸ਼ਵ ਸਵਸਥ ਸੰਗਠਨ ਦੀ ਤਾਜਾ ਰਿਪੋਰਟ ਦੇ ਅਨੁਸਾਰ 2030 ਤੱਕ ਦੁਨੀਆਂ ਭਰ ਵਿੱਚ ਕੈਂਸਰ ਦੇ ਮਾਮਲੇ ਪੰਜਾਹ ਫੀਸਦੀ ਵੱਧ ਜਾਣਗੇ। ਡਬਲਯੂ. ਐਚ. ਓ. ਨੇ ਕਿਹਾ ਹੈ ਕਿ ਕੈਂਸਰ ਨਾਲ ਜੰਗ ਕੇਵਲ ਦਵਾਈਆਂ ਨਾਲ ਹੀ ਜਿੱਤੀ ਨਹੀਂ ਜਾ ਸਕਦੀ, ਸਰਕਾਰਾਂ ਨੂੰ ਵੀ ਅੱਗੇ ਆਉਣਾ ਪਵੇਗਾ।

ਵਿਸ਼ਵ ਕੈਂਸਰ ਦਿਵਸ ਦੇ ਮੌਕੇ 'ਤੇ ਡਬਲਯੂ ਐਚ ਓ ਦੀ ਫ੍ਰਾਂਸ ਸਥਿਤ ਏਜੰਸੀ ਆਈ. ਏ. ਆਰ. ਸੀ. ਨੇ ਰਿਪੋਰਟ ਜਾਰੀ ਕਰਕੇ ਸਰਕਾਰਾਂ ਨੂੰ ਇਸ ਦਿਸ਼ਾ ਵਿੱਚ ਹੋਰ ਸਰਗਰਮ ਹੋਣ ਦੀ ਮੰਗ ਕੀਤੀ ਹੈ। ਇੰਟਰਨੈਸ਼ਨਲ ਏਜੰਸੀ ਫਾਰ ਰਿਸਰਚ ਆਨ ਕੈਂਸਰ (ਆਈਏਆਰਸੀ) ਦੀ ਰਿਸਰਚ ਵਿੱਚ ਦੱਸਿਆ ਗਿਆ ਹੈ ਕਿ 2012 ਵਿੱਚ ਦੁਨਿਆਂ ਭਰ ਵਿੱਚ ਕੈਂਸਰ ਦੇ ਸਾਲਾਨਾ ਨਵੇਂ ਮਾਮਲੇ ਵਧਕੇ 1.41 ਕਰੋੜ ਹੋ ਗਏ ਹਨ। 2030 ਤੱਕ ਇਹਨਾਂ ਦੀ ਗਿਣਤੀ 2.2 ਕਰੋੜ ਤੱਕ ਹੋ ਜਾਣ ਦਾ ਡਰ ਹੈ। ਇਸ ਤੋਂ ਇਲਾਵਾ ਕੈਂਸਰ ਦੇ ਕਾਰਨ ਮਰਨ ਵਾਲਿਆਂ ਦੀ ਸੰਖਿਆ ਸਾਲਾਨਾ 82 ਲੱਖ ਤੋਂ ਵੱਧਕੇ 1.3 ਕਰੋੜ ਹੋ ਜਾਣ ਦਾ ਖ਼ਤਰਾ ਹੈ।

ਆਈਏਆਰਸੀ ਦੇ ਨਿਰਦੇਸ਼ਕ ਡਾਕਟਰ ਕ੍ਰਿਸਟੋਫਰ ਵਾਇਲਡ ਦਾ ਕਹਿਣਾ ਹੈ ਕਿ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਸ ਵੱਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ, "ਸਾਨੂੰ ਕੈਂਸਰ ਦੇ ਕਾਰਨਾਂ ਦੇ ਬਾਰੇ ਵਿੱਚ ਹੁਣ ਬਹੁਤ ਜਾਣਕਾਰੀ ਹੈ ਅਤੇ ਅਸੀਂ ਇਹ ਵੀ ਜਾਣਦੇ ਹਾਂ ਕਿ ਸ਼ੁਰੂਆਤ ਦੀ ਸਟੇਜ ਵਿੱਚ ਇਸਨੂੰ ਕਿਵੇਂ ਪਹਿਚਾਣ ਸਕਦੇ ਹਾਂ, ਪਰ ਸਮੱਸਿਆ ਇਹ ਹੈ ਕਿ ਇਸ ਸਾਰੀ ਜਾਣਕਾਰੀ ਦਾ ਰਾਸ਼ਟਰੀ ਪਧਰ 'ਤੇ ਇਸਦਾ ਲਾਭ ਨਹੀਂ ਉਠਾਇਆ ਜਾਂਦਾ।"

ਰਿਪੋਰਟ ਦੇ ਬਾਰੇ ਲੰਡਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਹਨਾਂ ਕਿਹਾ, "ਇਹ ਸੋਚ ਲੈਣਾ ਕਿ ਹਾਂ ਅਸੀਂ ਇਸ ਸਮੱਸਿਆ ਨਾਲ ਨਿਪਟ ਲਵਾਂਗੇ, ਕਾਫੀ ਨਹੀਂ ਹੈ, ਕੇਵਲ ਇਹ ਸੋਚ ਇਸਦਾ ਹੱਲ ਨਹੀਂ ਹੈ।" ਬਾਇਲਡ ਦੇ ਅਨੁਸਾਰ ਜੇਕਰ ਸਮਾਂ ਰਹਿੰਦੇ ਹੋਏ ਕੈਂਸਰ ਦੇ ਬਾਰੇ ਵਿੱਚ ਪਤਾ ਲੱਗ ਜਾਵੇ ਤਾਂ ਇਸ ਨਾਲ ਹੋਣ ਵਾਲੀਆਂ 50 ਫੀਸਦੀ ਮੌਤਾਂ ਨੂੰ ਰੋਕਿਆ ਜਾ ਸਕਦਾ ਹੈ। ਉਹਨਾਂ ਨੇ ਕਿਹਾ ਕਿ "ਇਸ ਸੰਖਿਆ ਦੇ

ਪਿੱਛੇ ਕੋਈ ਇਕੱਲਾ ਸਖਸ਼ ਨਹੀਂ ਹੈ, ਉਸਦਾ ਪੂਰਾ ਪਰਿਵਾਰ ਹੈ, ਜੋ ਦੁੱਖੀ ਹੈ।" 2011 ਵਿੱਚ ਕੈਂਸਰ ਦੇ ਇਨੇ ਮਾਮਲੇ ਸਾਹਮਣੇ ਆਏ ਕਿ ਦਿਲ ਦੇ ਰੋਗੀਆਂ ਦੀ ਸੰਖਿਆ ਵੀ ਘੱਟ ਲੱਗਣ ਲੱਗੀ।

**ਖਰਚ ਨਹੀਂ ਨਿਵੇਸ਼**

ਹਰ ਪੰਜ ਸਾਲ ਵਿੱਚ ਪ੍ਰਕਾਸ਼ਿਤ ਹੋਣ ਵਾਲੀ ਇਸ ਰਿਪੋਰਟ ਦੇ ਲਈ ਢਾਈ ਸੌ ਵਿਗਿਆਨੀਆਂ ਨੇ ਮਿਲਕੇ 40 ਤੋਂ ਜ਼ਿਆਦਾ ਦੇਸ਼ਾਂ ਦੇ ਅੰਕੜੇ ਇਕੱਠੇ ਕੀਤੇ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਹਰ ਪੰਜ ਵਿੱਚੋਂ ਇੱਕ ਵਿਅਕਤੀ ਅਤੇ ਹਰ ਛੇ ਔਰਤਾਂ ਵਿੱਚ ਇੱਕ ਔਰਤ ਨੂੰ 75 ਸਾਲ ਦੀ ਉਮਰ ਤੱਕ ਕੈਂਸਰ ਹੋ ਜਾਂਦਾ ਹੈ ਤੇ ਨਾਲ ਹੀ ਹਰ ਅੱਠ ਵਿਅਕਤੀਆਂ ਵਿੱਚ ਇੱਕ ਵਿਅਕਤੀ ਅਤੇ ਹਰ ਬਾਰਾਂ ਔਰਤਾਂ ਵਿੱਚੋਂ ਇੱਕ ਔਰਤ ਦੀ ਇਸ ਬੀਮਾਰੀ ਦੇ ਕਾਰਨ ਜਾਨ ਚਲੀ ਜਾਂਦੀ ਹੈ। ਸਭ ਤੋਂ ਜ਼ਿਆਦਾ ਮਾਮਲੇ ਫੇਫੜੇ, ਗੁਦਾ ਅਤੇ ਛਾਤੀ ਕੈਂਸਰ ਦੇ ਦਰਜ ਕੀਤੇ ਗਏ ਹਨ। ਜਦੋਂ ਕਿ ਸਭ ਤੋਂ ਜ਼ਿਆਦਾ ਮੌਤਾਂ ਫੇਫੜੇ, ਲੀਵਰ ਅਤੇ ਪੇਟ ਕੈਂਸਰ ਨਾਲ ਹੁੰਦੀਆਂ ਹਨ।

ਕੁੱਲ 60 ਫੀਸਦੀ ਤੋਂ ਵੀ ਜ਼ਿਆਦਾ ਮਾਮਲੇ ਅਫਰੀਕਾ, ਏਸ਼ੀਆ ਅਤੇ ਅਮਰੀਕਾ ਵਿੱਚ ਹੁੰਦੇ ਹਨ। ਏਸ਼ੀਆ ਵਿੱਚ ਕੈਂਸਰ ਦੇ ਅੱਧ ਤੋਂ ਵੱਧ ਮਾਮਲੇ ਚੀਨ ਨਾਲ ਜੁੜੇ ਹੋਏ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਗ਼ਰੀਬ ਦੇਸ਼ਾਂ ਵਿੱਚ ਸਵਸਥ ਸੇਵਾਵਾਂ ਨਾ ਹੋਣ ਕਾਰਨ ਇਨ੍ਹਾਂ ਨੂੰ ਜ਼ਿਆਦਾ ਖ਼ਤਰਾ ਹੈ। ਇਸ ਬੀਮਾਰੀ ਦੇ ਕਾਰਨ ਸਰਕਾਰਾਂ ਨੂੰ ਕਾਫ਼ੀ ਨੁਕਸਾਨ ਉਠਾਉਣਾ ਪੈ ਰਿਹਾ ਹੈ। ਇਕ ਅਨੁਮਾਨ ਦੇ ਅਨੁਸਾਰ 2010 ਵਿੱਚ ਸਰਕਾਰਾਂ ਨੂੰ ਕੈਂਸਰ ਦੇ ਕਾਰਨ 1,160 ਅਰਬ ਡਾਲਰ ਦਾ ਖਰਚ ਉਠਾਉਣਾ ਪਿਆ।

ਸਰਕਾਰਾਂ ਦਾ ਧਿਆਨ ਇਸ ਵੱਲ ਖਿੱਚਦੇ ਹੋਏ ਰਿਪੋਰਟ ਲਿਖਣ ਵਾਲੇ ਬੈਨੋਰਡ ਸਟੇਵਾਰਟ ਨੇ ਕਿਹਾ, "ਸਰਕਾਰਾਂ ਨੂੰ ਰਾਜਨੀਤਿਕ ਵਚਨਬੱਧਤਾ ਵਿਖਾਉਣੀ ਹੋਵੇਗੀ ਤਾਂ ਜੋ ਸਮਾਂ ਰਹਿੰਦੇ ਹੀ ਲੋਕਾਂ ਦੀ ਜਾਂਚ ਕੀਤੀ ਜਾ ਸਕੇ। ਉਹਨਾਂ ਨੂੰ ਇਹ ਖਰਚ ਨਹੀਂ ਬਲਕਿ ਨਿਵੇਸ਼ ਦੇ ਰੂਪ ਵਿੱਚ ਦੇਖਣਾ ਹੋਵੇਗਾ।"

ਰਿਪੋਰਟ ਦੇ ਅਨੁਸਾਰ ਲੋਕਾਂ ਨੂੰ ਆਪਣੀ ਜੀਵਨਸ਼ੈਲੀ ਬਦਲਣ ਦੀ ਜ਼ਰੂਰਤ ਹੈ। ਕੈਂਸਰ ਦੇ ਮੁੱਖ ਕਾਰਨਾਂ ਵਿੱਚ ਸਿਗਰਟ, ਤੰਬਾਕੂ ਅਤੇ ਸ਼ਰਾਬ ਦਾ ਸੇਵਨ ਤੋਂ ਇਲਾਵਾ ਫਾਸਟ ਫੂਡ ਖਾਣਾ ਅਤੇ ਕਸਰਤ ਨਾ ਕਰਨਾ ਸ਼ਾਮਿਲ ਹੈ।

## ➭ ਮਿਲੋ ਸਭ ਤੋਂ ਬੁੱਢੇ ਤਾਰੇ ਨਾਲ

ਆਸਟ੍ਰੇਲਿਆ ਦੇ ਖਗੋਲ ਵਿਗਿਆਨੀਆਂ ਨੇ ਬ੍ਰਹਿਮੰਡ ਦਾ ਪਹਿਲੇ ਤਾਰੇ ਦੀ ਖੋਜ਼ ਕੀਤੀ ਹੈ। ਇਸ ਖੋਜ਼ ਨਾਲ ਦੁਨੀਆਂ ਦੇ ਬਣਨ ਦਾ ਸਮਾਂ ਅਤੇ ਉਸ ਸਮੇਂ ਦੀ ਸਥਿਤੀ ਦੇ ਬਾਰੇ ਵਿੱਚ ਸਾਹਮਣੇ ਆਉਣ ਵਾਲੇ ਬਹੁਤ ਸਾਰੇ ਰਹੱਸਾਂ ਦਾ ਪਰਦਾਫਾਸ਼ ਹੋ ਸਕਦਾ ਹੈ।

ਦੁਨੀਆਂ ਕਦੋਂ ਅਤੇ ਕਿਵੇਂ ਬਣੀ, ਜੀਵਨ ਦੀ ਸ਼ੁਰੂਆਤ ਕਿਵੇਂ ਹੋਈ, ਇਹ ਸਾਰੇ ਸਵਾਲ ਹਮੇਸ਼ਾ ਹੀ ਮਨੁੱਖ ਦੇ ਮਨ ਵਿੱਚ ਰਹੇ ਹਨ। ਸਮੇਂ-ਸਮੇਂ ਤੇ ਇਹਨਾ ਦਾ ਜਵਾਬ ਲੱਭਣ ਵਿੱਚ ਵੀ ਬਹੁਤ ਕੋਸ਼ਿਸ਼ ਹੁੰਦੀ ਰਹੀ ਹੈ। ਆਸਟ੍ਰੇਲਿਆ ਦੇ ਖਗੋਲ ਵਿਗਿਆਨੀਆਂ ਨੇ ਇਸ ਬਾਰੇ ਬ੍ਰਹਿਮੰਡ ਦੇ ਸਭ ਤੋਂ ਪੁਰਾਣੇ ਤਾਰੇ ਦੀ ਖੋਜ ਕਰ ਲਈ ਹੈ। ਉਮੀਦ ਕੀਤੀ ਜਾਂਦੀ ਹੈ ਕਿ ਇਸ ਖੋਜ ਨਾਲ ਅਰਬਾਂ ਸਾਲ ਪਹਿਲਾਂ ਬਿਗ ਬੈਂਗ ਨਾਲ ਜੁੜੇ ਪਰੀਖਣ ਅਤੇ ਭਵਿੱਖ ਬਾਣੀਆਂ ਦੇ ਵਿੱਚਲੇ ਅੰਤਰ ਨੂੰ ਸਮਝਿਆ ਜਾ ਸਕਦਾ ਹੈ।

ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ ਰਿਸਰਚ ਸਕੂਲ ਦੇ ਪ੍ਰਮੁਖ ਖੋਜ਼ ਕਰਤਾ ਡਾਕਟਰ ਸਟੀਫਨ ਕੇਲਰ ਨੇ ਇੱਕ ਸਮਾਚਾਰ ਏਜੰਸੀ ਨੂੰ ਦੱਸਿਆ ਹੈ ਕਿ ਉਹਨਾਂ ਦੀ ਰਿਸਰਚ ਟੀਮ ਨੂੰ 'ਪਹਿਲੇ ਤਾਰੇ' ਦਾ ਰਸਾਇਣਿਕ ਪ੍ਰਮਾਣ ਮਿਲ ਗਿਆ ਹੈ। ਲੱਗਭਗ 11 ਸਾਲ ਦੀ ਖੋਜ਼ ਤੋਂ ਬਾਅਦ ਖੋਜਕਾਰੀ ਸਮੂਹ ਨੇ ਇਸ ਤਾਰੇ ਦੀ ਖੋਜ਼ ਕੀਤੀ। ਉਹ ਸਾਈਡਿੰਗ ਸਿਪ੍ਰੰਗ ਵੇਧਸ਼ਾਲਾ ਵਿੱਚ ਸਕਾਈਮੈਪਰ ਨਾਮ ਦੀ ਦੂਰਬੀਨ ਦਾ ਇਸ਼ਤੇਮਾਲ ਕਰ ਰਹੇ ਸਨ। ਕੇਲਰ ਨੇ ਦੱਸਿਆ, "ਇਹ ਤਾਰਾ ਬਿਗ ਬੈਂਗ ਦੇ ਲਗਭਗ ਤੁਰੰਤ ਬਾਅਦ ਭਾਵ ਲੱਗਭਗ 13.7 ਅਰਬ ਸਾਲ ਪਹਿਲਾ ਬਣਿਆ ਸੀ।" ਬਿਗ ਬੈਂਗ ਦੀ ਘਟਨਾ ਨਾਲ ਹੀ ਬ੍ਰਹਿਮੰਡ ਬਣਿਆ ਸੀ। ਕੇਲਰ ਦੇ ਅਨੁਸਾਰ ਇਸ ਦਾ ਮਤਲਬ ਇਹ ਹੈ ਕਿ ਇਸ ਤੋਂ ਪਹਿਲਾਂ ਕੁਝ ਵੀ ਨਹੀਂ ਸੀ। "ਇਸ ਨਾਲ ਸਾਨੂੰ ਬ੍ਰਹਿਮੰਡ ਦੀ ਮੁੱਢਲੀ ਸਥਿਤੀ ਦੇ ਬਾਰੇ ਵਿੱਚ ਜਾਣਕਾਰੀ ਮਿਲਦੀ ਹੈ। ਅਸੀਂ ਜੋ ਦੇਖ ਰਹੇ ਹਾਂ ਉਸ ਤੋਂ






ਪਤਾ ਲੱਗੇਗਾ ਕਿ ਸਾਡੇ ਚਾਰੇ ਪਾਸੇ ਮੌਜੂਦ ਉਹ ਸਾਰੀਆ ਚੀਜ਼ਾਂ ਅਤੇ ਉਹ ਸਭ ਕੁਝ ਜੋ ਸਾਡੇ ਜਿਉਂਦੇ ਰਹਿਣ ਲਈ ਜ਼ਰੂਰੀ ਹਨ, ਇਹ ਸਭ ਕਿੱਥੋਂ ਆਇਆ।"

ਇਹ ਪ੍ਰਾਚੀਨ ਤਾਰਾ ਧਰਤੀ ਤੋਂ ਲੱਗਭਗ 6000 ਪ੍ਰਕਾਸ਼ ਸਾਲ ਦੀ ਦੂਰੀ 'ਤੇ ਹੈ। ਖਗੋਲ ਵਿਗਿਆਨ ਦੇ ਦਾਇਰੇ ਵਿੱਚ ਇਹ ਦੂਰੀ ਘਟ ਹੀ ਮੰਨੀ ਜਾਂਦੀ ਹੈ। ਇਹ ਬੁੱਢਾ ਤਾਰਾ ਉਨ੍ਹਾਂ 6 ਕਰੋੜ ਤਾਰਿਆਂ ਵਿੱਚੋਂ ਇੱਕ ਹੈ ਜਿਸਦੀ ਤਸਵੀਰ ਸਕਾਈਮੈਪਰ ਨੇ ਪਹਿਲੇ ਸਾਲ ਵਿੱਚ ਖਿੱਚੀ ਸੀ। ਕੇਲਰ ਦਾ ਕਹਿਣਾ ਹੈ ਕਿ, "ਇਹ ਪਹਿਲਾ ਮੌਕਾ ਹੈ ਜਦ ਅਸੀਂ ਪੱਕੇ ਤੌਰ 'ਤੇ ਦੱਸ ਸਕਦੇ ਹਾਂ ਕਿ ਸਾਨੂੰ ਤਾਰਿਆਂ ਦੀ ਪਹਿਲੀ ਪੀੜ੍ਹੀ ਦੇ ਸਬੂਤ ਮਿਲੇ ਹਨ।"

ਸਾਲਾਂ ਤੋਂ ਪੁਰਾਣੀ ਪਹੇਲੀ ਹੁਣ ਸੁਲਝਣ ਵਾਲੀ ਹੈ। ਇਹ ਨਵਾਂ ਨਵੇਲਾ ਸਭ ਤੋਂ 'ਪੁਰਾਣਾ' ਤਾਰਾ ਜਿਸ ਤਰ੍ਹਾਂ ਦੇ ਹਿੱਸਿਆਂ ਤੋਂ ਮਿਲਕੇ ਬਣਿਆ ਹੈ ਉਸਦੀ ਜਾਂਚ ਤੋਂ ਪਤਾ ਲੱਗਦਾ ਹੈ ਕਿ ਉਹ ਸ਼ੁਰੂਆਤੀ ਤਾਰਿਆਂ ਤੋਂ ਬਾਅਦ ਮੌਜੂਦਗੀ ਵਿੱਚ ਆਇਆ। ਸ਼ੁਰੂਆਤੀ ਤਾਰੇ ਸਾਡੇ ਸੂਰਜ ਦੇ ਲਗਭਗ 60 ਗੁਣਾ ਭਾਰੀ ਹੁੰਦੇ ਸਨ। ਕੇਲਰ ਦੱਸਦੇ ਹਨ ਕਿ ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਸ਼ੁਰੂਆਤੀ ਤਾਰੇ ਬਹੁਤ ਹੀ ਭਿਆਨਕ ਵਿਸਫੋਟਾਂ ਵਿੱਚ ਖ਼ਤਮ ਹੋ ਗਏ ਸੀ। ਇਨ੍ਹਾਂ ਵਿਸਫੋਟਾਂ ਦੇ ਕਾਰਨ ਆਸਮਾਨ ਵਿੱਚ ਭਾਰੀ ਮਾਤਰਾ 'ਚ ਲੋਹਾ ਫੈਲ ਗਿਆ ਸੀ। ਪਰ ਇਸ ਸਭ ਤੋਂ ਪੁਰਾਣੇ ਤਾਰੇ ਦੀ ਖੋਜ਼ ਤੋਂ ਪਤਾ ਲੱਗਿਆ ਹੈ ਕਿ ਆਸਮਾਨ ਵਿੱਚ ਫੈਲਿਆ ਹੋਇਆ ਜ਼ਿਆਦਾ ਲੋਹਾ ਨਹੀਂ, ਬਲਕਿ ਕਾਰਬਨ ਅਤੇ ਮੈਗਨੀਸ਼ਿਅਮ ਵਰਗਾ ਹਲਕਾ ਪਦਾਰਥ ਸੀ। ਕੇਲਰ ਨੇ ਕਿਹਾ, "ਇਸਦਾ ਅਰਥ ਇਹ ਹੋਇਆ ਕਿ ਸਾਡੀ ਪੁਰਾਣੀ ਪਰਿਕਲਪਨਾ ਠੀਕ ਸੀ ਕਿ ਪਹਿਲੇ ਤਾਰੇ ਬਹੁਤ ਭਾਰੀ ਰਹੇ ਹੋਣਗੇ ਕਿਉਂਕਿ ਹੁਣ ਸਾਨੂੰ ਪਤਾ ਹੈ ਕਿ ਉਹ ਸ਼ੁੱਧ ਹਾਈਡ੍ਰੋਜਨ ਅਤੇ ਹੀਲਿਅਮ ਤੋਂ ਬਣੇ ਸਨ।" ਖੋਜ਼ ਤੋਂ ਪਤਾ ਲੱਗਦਾ ਹੈ ਕਿ ਇਕ ਤਾਰੇ ਦੀ ਰਚਨਾ ਬਿਲਕੁਲ ਕਿਸੇ ਪਿਆਜ ਦੀ ਤਰ੍ਹਾਂ ਹੁੰਦੀ ਹੈ। ਉਸ ਦੀਆਂ ਕਈ ਪਰਤਾਂ ਹੁੰਦੀਆਂ ਹਨ ਅਤੇ ਲੋਹੇ ਵਰਗੇ ਸਭ ਤੋਂ ਭਾਰੀ ਪਦਾਰਥ ਇਸਦੇ ਕੇਂਦਰ ਵਿੱਚ ਹੁੰਦੇ ਹਨ। ਇਸ ਲਈ ਜਿਹੜੀਆਂ ਚੀਜ਼ਾਂ ਉਸ ਸੁਪਰਨੋਵਾ ਤੋਂ ਟੁੱਟ ਕੇ ਬਾਹਰ ਨਿਕਲ ਸਕੀਆਂ ਉਹ ਮੈਗਨੀਸ਼ਿਅਮ ਸੀ। ਇਸ ਖੋਜ਼ ਨੂੰ 'ਨੇਚਰ' ਜਨਰਲ ਵਿੱਚ ਪ੍ਰਕਾਸ਼ਤ ਕੀਤਾ ਗਿਆ ਹੈ।

**– ਜਸਪ੍ਰੀਤ ਕੌਰ ਸੋਹੀ**

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

## ਮਹੱਤਵਪੂਰਣ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ



ਨੌਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ 20.00 | ...ਤੇ ਦੇਵ ਪੁਰਸ਼ ਹਾਰ ਗਏ 50.00 | ਦੇਵ ਦੈਂਤ ਤੇ ਰੂਹਾਂ 50.00 | ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ 40.00 | ਔਰਤਾਂ ਅਤੇ ਮਾਨਸਿਕ ਰੋਗ 30.00



ਮਨੁੱਖ ਦੀ ਉਤਪਤੀ 100.00 | ਜੀਵ ਜੰਤੂਆਂ ਦੀ ਅਦਭੁੱਤ ਦੁਨੀਆਂ 80.00 | ਨਸ਼ੇ ਕਿਵੇਂ ਛੱਡੀਏ 70.00 | ਕਸਰਾਂ ਕਿਉਂ ਹੁੰਦੀਆਂ ਹਨ 40.00 | ਮਨੋ ਵਿਸ਼ਲੇਸ਼ਣ 80.00

## ਬੱਚਿਆਂ ਦੇ ਮਾਹਿਰ ਡਾ. ਹਰਸ਼ਿੰਦਰ ਕੌਰ ਜੀ ਦੀਆਂ ਲਿਖਿਆਂ ਕਿਤਾਬਾਂ



ਬੱਚਿਆਂ ਬਾਰੇ ਗਿਆਨ, ਵਿਗਿਆਨ ਤੇ ਮਨਸਵਿਗਿਆਨ 100.00 | ਬਾਲ ਮਨਾਂ ਵਿੱਚ ਝਾਤ 120.00 | ਸਾਡੇ ਬੱਚੇ ਸਾਡੇ ਚਿਰਾਗ਼ 60.00 | ਬੱਚਿਆਂ ਦੀਆਂ ਮਨੋਵਿਗਿਆਨਿਕ ਸਮੱਸਿਆਵਾਂ ਤੇ ਇਲਾਜ 100.00



ਬੱਚਿਆਂ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ 120.00 | ਸ਼ੂਗਰ ਰੋਗ 20.00 | ਬਲੱਡ ਪ੍ਰੈਸ਼ਰ ਨੂੰ ਕਾਬੂ ਹੇਠ ਰੱਖੋ 20.00 | ਸ਼ੂਗਰ ਰੋਗ ਅਸਾਨ ਹੈ ਜ਼ਿੰਦਗੀ 80.00

## ਪ੍ਰਸਿੱਧ ਵਿਗਿਆਨੀ ਡਾ. ਜਤਿੰਦਰਪਾਲ ਸਿੰਘ ਜੀ ਦੀਆਂ ਲਿਖੀਆਂ ਕਿਤਾਬਾਂ



ਮਨੁੱਖ ਮਹਾਂਬਲੀ ਕਿਵੇਂ ਬਣਿਆ 100.00 | ਪ੍ਰਸਿੱਧ ਵਿਗਿਆਨਕ ਖੋਜਾਂ 50.00 | ਮਹਾਨ ਵਿਗਿਆਨੀ 70.00 | ਵਿਗਿਆਨ ਦੀ ਅਦਭੁੱਤ ਦੁਨੀਆਂ 80.00 | ਮਨੁੱਖੀ ਹੋਂਦ ਲਈ ਖ਼ਤਰਾ ਪ੍ਰਦੂਸ਼ਣ 80.00



ਵਿਗਿਆਨ ਦੇ ਚਮਤਕਾਰ 70.00 | ਸਾਡਾ ਦੋਸਤ ਵਿਗਿਆਨ 80.00 | ਫੈਲ ਰਹੀ ਮਹਾਂਮਾਰੀ ਏਡਜ਼ 40.00 | ਪੁਲਾੜ ਯਾਤਰਾ 90.00 | ਮਨੁੱਖੀ ਸਰੀਰ ਦੇ ਰਹੱਸ 80.00



ਤੰਦਰੁਸਤ ਕਿਵੇਂ ਰਹੀਏ 40.00 | ਡਾਕਟਰ ਦੀ ਸਲਾਹ 40.00 | ਰਿਸ਼ਤਿਆਂ ਦਾ ਕਾਤਲ 40.00 | ਸ਼ਹੀਦਾਂ ਦੀ ਵਿਰਾਸਤ 60.00



ਦਫ਼ਤਰੀ ਵਰਤੋਂ ਕੰਪਿਊਟਰ ਕਿਵੇਂ ਸਿੱਖੀਏ/ 120/- | ਆਓ ਕੰਪਿਊਟਰ ਡਿਜ਼ਾਇਨਿੰਗ ਸਿੱਖੀਏ/80/- | ਕੰਪਿਊਟਰ ਸੰਬੰਧੀ ਸਵਾਲ-ਜਵਾਬ/80/-



ਸ਼ਹੀਦ ਭਗਤ ਸਿੰਘ 60.00 | ਸ਼ਹੀਦਾਂ ਦੇ ਅੰਗ ਸੰਗ 60.00 | ਅਮਰ ਸ਼ਹੀਦਾਂ ਦੀਆਂ ਯਾਦਾਂ 50.00 | ਸ਼ਹੀਦੇ ਆਜ਼ਮ ਦੀ ਜੇਲ੍ਹ ਡਾਇਰੀ 80.00 | ਇਨਕਲਾਬ 80.00 | ਪਾਸ਼ ਦੀ ਚੋਣਵੀਂ ਕਵਿਤਾ 50.00 | ਦਿਲ ਦੀ ਵਿਗੜ ਰਹੀ ਸਿਹਤ 60.00 | ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ 40.00

ਸਾਡੇ ਪ੍ਰਕਾਸ਼ਨ ਦਾ ਪੂਰਾ ਸੂਚੀ ਪੱਤਰ ਮੰਗਵਾਉਣ ਲਈ ਜਾਂ ਘਰ ਬੈਠੇ ਹੀ ਫ਼ੋਨ 'ਤੇ ਕੋਈ ਵੀ ਕਿਤਾਬ ਮੰਗਵਾਉਣ ਲਈ ਸੰਪਰਕ ਕਰੋ:

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ-148101, ਫੋਨ : 01679-241744, 233244 ਫੈਕਸ : 01679- 241744
**ਈਮੇਲ:** tarksheel@gmail.com, Website: www.thepunjabi.com




ਜਨਰਲ ਨਾਲਿਜ
60.00




ਪੰਜਾਬ ਵਸੀਕਾ ਨਵੀਸੀ
250.00




ਕਚਹਿਰੀ ਸ਼ਬਦ-ਕੋਸ਼
150.00




ਸੂਚਨਾ ਦਾ ਅਧਿਕਾਰ ਕਾਨੂੰਨ 2005
30.00




ਆਓ ਕੰਪਿਊਟਰ ਸਿੱਖੀਏ
50.00




ਹਿਪਨੋਟਿਜ਼ਮ ਤੁਹਾਡੇ ਲਈ
25.00



ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ
60.00




ਹਿਪਨੋਟਿਜ਼ਮ ਕਿਵੇਂ ਸਿੱਖੀਏ
40.00



ਜੀਵਨ ਦੀਆਂ ਗਣਿਤਕ ਉਲਝਣਾਂ
70.00




ਤਰਕਸ਼ੀਲ ਦਿਮਾਗੀ ਕਸਰਤਾਂ
40.00



ਦਿਮਾਗੀ ਵਿਕਾਸ ਕਿਵੇਂ ਕਰੀਏ
40.00




ਅੰਕਾਂ ਦਾ ਜਾਦੂ
40.00




ਵਿਗਿਆਨਕ ਜਾਦੂਗਰ
30.00




ਤਰਕਸ਼ੀਲ ਜਾਦੂਗਰ
40.00




ਸਟੇਜ ਦੇ ਜਾਦੂ
40.00




ਚਮਤਕਾਰਾਂ ਦੇ ਰਹੱਸ
150.00




ਵਸਤੂ ਸ਼ਾਸਤਰ ਕੋਰਾ ਝੂਠ
40.00




ਰਜਨੀਸ਼ ਬੇਨਕਾਬ
30.00




ਸ਼ੰਕਾ ਨਵਿਰਤੀ
50.00




ਕਣ ਕਣ ਵਿੱਚ ਵਿਗਿਆਨ
20.00

## ਨਵੀਆਂ ਪ੍ਰਕਾਸ਼ਿਤ ਕਿਤਾਬਾਂ




ਜੀਵਨੀ ਸ਼ਹੀਦ ਭਗਤ ਸਿੰਘ/ਪ੍ਰੋ. ਵੜੈਚ
80.00




ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ
80.00




ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ
80.00




ਜਿਓਤਿਸ਼ ਦਾ ਐਕਸਰੇ /ਸੁਰੀਜਤ ਦੌਧਰ
80.00




### ਭਾਰਤੀ ਸਾਹਿਤ ਦੇ ਨਿਰਮਾਤਾ ਹਰਿਸ਼ੰਕਰ ਪਰਸਾਈ ਦੇ ਪ੍ਰਸਿੱਧ ਵਿਅੰਗਆਤਮਕ ਲੇਖ

ਸੰਪਾਦਕ ਤੇ ਅਨੁਵਾਦਕ: ਡਾ. ਕਰਾਂਤੀ ਪਾਲ, ਮੁੱਲ : 100/-




## ਜ਼ਮੀਨ ਦੀ ਪੈਮਾਇਸ਼ ਅਤੇ ਫੁੱਟਕਲ ਜਾਣਕਾਰੀ




**ਆਰ. ਕੇ. ਭਾਰਦਵਾਜ਼, ਮੁੱਲ : 150/-**

ਇਹ ਪੁਸਤਕ ਤੁਹਾਨੂੰ ਜ਼ਮੀਨ ਦੀ ਪੈਮਾਇਸ਼, ਮਾਪ ਦੀਆਂ ਇਕਾਈਆਂ, ਜ਼ਮੀਨ ਦੀ ਪੈਮਾਇਸ਼ ਦੇ ਸੰਦ ਅਤੇ ਉਨ੍ਹਾਂ ਦੀ ਵਰਤੋਂ ਜ਼ਮੀਨ, ਜਗ੍ਹਾ ਦਾ ਹਿੱਸਾ ਅਤੇ ਖੇਤਰਫ਼ਲ ਕੱਢਣਾ, ਜਮ੍ਹਾਬੰਦੀ, ਗਿਰਦਾਵਰੀ, ਇੰਤਕਾਲ ਤੋਂ ਇਲਾਵਾ ਰਿਕਾਰਡ, ਦਰਖ਼ਾਸਤਾਂ ਸਮੇਤ ਹੋਰ ਫੁਟਕਲ ਜਾਣਕਾਰੀ ਮੁਹੱਈਆ ਕਰਾਉਂਦੀ ਹੈ।

## ਪ੍ਰਸਿੱਧ ਕੁਟੇਸ਼ਨਾਂ




**ਸੰਗ੍ਰਹਿ ਕਰਤਾ - ਸਰਦਾਰਾ ਸਿੰਘ ਗਿੱਲ ਕੱਟੂ, ਮੁੱਲ : 120/-**

ਮਹਾਨ ਲੋਕਾਂ ਦੇ ਮਹਾਨ ਵਿਚਾਰ ਪੜ੍ਹਕੇ ਹੀ ਹਰ ਵਿਅਕਤੀ ਜ਼ਿੰਦਗੀ ਵਿੱਚ ਨਵੀਂ ਸੇਧ ਲੈ ਸਕਦਾ ਹੈ। ਵੱਡ ਆਕਾਰੀ ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਉਤੇ ਲੱਗਭੱਗ ਸੰਸਾਰ ਪ੍ਰਸਿੱਧ 2500 ਵਿਦਵਾਨਾਂ ਦੇ ਵਿਚਾਰ ਦਰਜ ਹਨ।

## ਆਮ ਰੋਗਾਂ ਦਾ ਸਸਤਾ ਘਰੇਲੂ ਇਲਾਜ




**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ - 80/-**

ਰੋਗ ਅਤੇ ਸਰੀਰ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਉਪਰੋਕਤ ਪੁਸਤਕ ਵਿੱਚ ਅਸੀਂ ਉਹ ਨੁਸਖ਼ੇ ਦਰਜ਼ ਕੀਤੇ ਹਨ ਜਿਨ੍ਹਾਂ ਲਈ ਲੋੜੀਂਦੀ ਸਮੱਗਰੀ ਸਾਨੂੰ ਸਸਤੀ ਅਤੇ ਸੌਖ ਨਾਲ ਮਿਲ ਸਕਦੀ ਹੈ। ਇਸ ਪੁਸਤਕ ਰਾਹੀਂ ਤੁਸੀਂ ਫ਼ਲ, ਸਬਜ਼ੀਆਂ, ਦਾਲਾਂ, ਮਸਾਲਿਆਂ ਅਤੇ ਜੜ੍ਹੀ-ਬੂਟੀਆਂ ਨਾਲ ਬਿਮਾਰੀਆਂ ਦੇ ਸਫ਼ਲ ਇਲਾਜ ਕਰਨ ਦੇ ਢੰਗ ਤਰੀਕੇ ਲੱਭ ਸਕਦੇ ਹੋ।

## ਜ਼ਾਇਕੇਦਾਰ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ




**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ : 80/-**

ਭੋਜਨ ਬਣਾਉਣਾ ਇੱਕ ਕਲਾ ਹੈ। ਇਸ ਪੁਸਤਕ ਰਾਹੀਂ ਤੁਸੀਂ 170 ਤਰ੍ਹਾਂ ਦੀਆਂ ਮਿਠਾਈਆਂ, ਸਬਜ਼ੀਆਂ ਅਤੇ ਹੋਰ ਸਵਾਦਿਸ਼ਟ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ ਸਿੱਖ ਸਕਦੇ ਹੋ। ਮਾਈਕ੍ਰੋਵੇਵ ਦੀ ਵਰਤੋਂ ਕਿਵੇਂ, ਖਾਣ-ਪੀਣ ਦੀਆਂ ਚੀਜ਼ਾਂ ਦੀ ਸੰਭਾਲ ਦੇ ਢੰਗ-ਤਰੀਕੇ ਵੀ ਤੁਸੀਂ ਇਸ ਕਿਤਾਬ ਵਿੱਚੋਂ ਪੜ੍ਹਕੇ ਅਪਣਾ ਸਕਦੇ ਹੋ।

## ਭਵਨ ਨਿਰਮਾਣ ਕਿਵੇਂ ਕਰੀਏ ?




**ਇੰਜ. ਰਾਜ ਕੁਮਾਰ ਅਗ-ਰਵਾਲ, ਮੁੱਲ : 120/-**

ਸੁੰਦਰ, ਮਜ਼ਬੂਤ ਅਤੇ ਭੂਚਾਲ ਨਿਰੋਧਕ ਘਰ ਕਿਵੇਂ ਤਿਆਰ ਕਰੀਏ, ਘਰ 'ਤੇ ਆਉਣ ਵਾਲੇ ਖਰਚ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ, ਘਰ ਨੂੰ ਸ਼ੋਰੇ ਤੋਂ ਕਿਵੇਂ ਬਚਾਈਏ, ਸਰੀਆ ਕਿਹੋ ਜਿਹਾ ਵਰਤੀਏ, ਸੀਮਿੰਟ ਕਿਵੇਂ ਦਾ ਹੋਵੇ ਅਤੇ ਲੱਕੜ ਦੀ ਚੋਣ ਕਿਵੇਂ ਕਰੀਏ ਆਦਿ ਜਾਣਕਾ-ਰੀਆਂ ਨਾਲ ਭਰਪੂਰ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ। ਆਈ. ਟੀ. ਆਈਆਂ ਵਿੱਚ ਪੜ੍ਹਦੇ ਵਿਦਿਆਰਥ ਜਾਂ ਜੋ ਕੋਈ ਹੋਰ ਵੀ ਵਿਅਕਤੀ ਨਵਾਂ ਘਰ ਬਣਾਉਣਾ ਚਾਹੁੰਦਾ ਹੈ ਉਹ ਇਸ ਕਿਤਾਬ ਤੋਂ ਫਾਇਦਾ ਉਠਾ ਸਕਦਾ ਹੈ।

# ਸ਼ੰਕਾ ਨਵਿਰਤੀ

**ਪ੍ਰਸ਼ਨ - ਕੀ ਮੋਰਨੀ ਮੋਰ ਦੇ ਹੰਝੂ ਪੀਕੇ ਹੀ ਗਰਭਵਤੀ ਹੋ ਜਾਂਦੀ ਹੈ ?**

ਉੱਤਰ - ਨਹੀਂ, ਮੋਰ, ਮੁਰਗਾਬੀਆਂ, ਮੁਰਗੀਆਂ ਆਦਿ ਸਾਰੇ ਇੱਕ ਹੀ ਪਰਿਵਾਰ ਦੀਆਂ ਵੱਖ ਵੱਖ ਜਾਤੀਆਂ ਹਨ। ਮੁਰਗੇ ਮੁਰਗੀਆਂ ਨੂੰ ਸੈਕਸ ਕਰਦੇ ਆਮ ਤੌਰ ਤੇ ਪਿੰਡਾਂ ਵਿੱਚ ਵੇਖਿਆ ਜਾ ਸਕਦਾ ਹੈ। ਇੱਕੋ ਪਰਿਵਾਰ ਦੀਆਂ ਵੱਖ ਵੱਖ ਜਾਤੀਆਂ ਵਿੱਚ ਗੁਣ ਵੀ ਲਗਭਗ ਇੱਕੋ ਜਿਹੇ ਹੁੰਦੇ ਹਨ। ਇਸ ਲਈ ਇਹ ਕਹਿਣਾ ਕਿ ਮੋਰਨੀ ਮੋਰ ਦੇ ਹੰਝੂ ਪੀਕੇ ਹੀ ਗਰਭਵਤੀ ਹੋ ਜਾਂਦੀ ਹੈ ਗਲਤ ਹੈ। ਪਰ ਮੋਰਾਂ ਵਿੱਚ ਤਾਂ ਨਹੀਂ ਅਜਿਹਾ ਹੁੰਦਾ ਕਿਸੇ ਹੋਰ ਜੀਵਾਂ ਵਿੱਚ ਅਜਿਹਾ ਹੋਣਾ ਵੀ ਸੰਭਵ ਹੈ।

**ਪ੍ਰਸ਼ਨ - ਕੀ ਸਮਾਧੀ ਲਾਉਣ ਵਾਲਾ ਵਿਅਕਤੀ ਮੁੜ ਜੀਵਤ ਹੋ ਸਕਦਾ ਹੈ ?**

ਉੱਤਰ - ਸਮਾਧੀ ਲਾਉਣ ਦਾ ਕੋਈ ਫਾਇਦਾ ਨਹੀਂ ਹੁੰਦਾ ਨਾ ਹੀ ਇਸ ਨਾਲ ਕੋਈ ਵਿਅਕਤੀ ਕਿਸੇ ਕਿਸਮ ਦੀ ਚਮਤਕਾਰੀ ਸ਼ਕਤੀ ਪ੍ਰਾਪਤ ਕਰਦਾ ਹੈ ਅਤੇ ਨਾ ਹੀ ਉਸਦੀ ਮਹਾਰਤ ਵਿੱਚ ਕੋਈ ਵਾਧਾ ਹੁੰਦਾ ਹੈ। ਕਿਸੇ ਮ੍ਰਿਤਕ ਵਿਅਕਤੀ ਦਾ ਦਿਮਾਗ ਮੌਤ ਤੋਂ ਪੰਜ ਮਿੰਟ ਬਾਅਦ ਕਾਰਜ ਛੱਡ ਜਾਂਦਾ ਹੈ। ਉਸਦੀ ਤੰਤਰ ਪ੍ਰਣਾਲੀ ਵੀ ਨਾਲ ਹੀ ਖ਼ਤਮ ਹੋ ਜਾਂਦੀ ਹੈ। ਇਸ ਲਈ ਸਮਾਧੀ ਲਾਉਣ ਵਾਲਾ ਵਿਅਕਤੀ ਮੌਤ ਤੋਂ ਬਾਅਦ ਜੀਵਤ ਨਹੀਂ ਹੋ ਸਕਦਾ।

**ਪ੍ਰਸ਼ਨ - ਕੀ ਸਮਾਧੀ ਨਾਲ ਕੋਈ ਚਮਤਕਾਰੀ ਸ਼ਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ ?**

ਉੱਤਰ - ਚਮਤਕਾਰੀ ਸ਼ਕਤੀਆਂ ਹੁੰਦੀਆਂ ਹੀ ਨਹੀਂ। ਦੁਨੀਆਂ ਵਿੱਚ ਜੇਕਰ ਕੋਈ ਵਿਅਕਤੀ ਚਮਤਕਾਰੀ ਸ਼ਕਤੀ ਵਾਲਾ ਹੋਵੇ ਤਾਂ ਤਰਕਸ਼ੀਲ ਸੁਸਾਇਟੀ ਭਾਰਤ ਉਸਨੂੰ ਇੱਕ ਕਰੋੜ ਰੁਪਏ ਦਾ ਇਨਾਮ ਦੇਣ ਲਈ ਤਿਆਰ ਹੈ। ਇਸ ਲਈ ਜੇ ਚਮਤਕਾਰੀ ਸ਼ਕਤੀ ਹੁੰਦੀ ਨਹੀਂ ਤਾਂ ਇਸਨੂੰ ਕਿਸ ਵੀ ਢੰਗ ਨਾਲ ਪ੍ਰਾਪਤ ਕਰ ਲੈਣ ਦੀ ਗੱਲ ਪੂਰੀ ਤਰ੍ਹਾਂ ਝੂਠੀ ਹੈ।

**ਪ੍ਰਸ਼ਨ - ਕੀ ਮ੍ਰਿਤਕ ਵਿਅਕਤੀ ਮੁੜ ਜੀਵਤ ਹੋ ਸਕਦਾ ਹੈ ?**

ਉੱਤਰ - ਜੀ ਹਾਂ ਕੁੱਝ ਹਾਲਤਾਂ ਵਿੱਚ ਮ੍ਰਿਤਕ ਵਿਅਕਤੀ ਜੀਵਤ ਵੀ ਹੋ ਜਾਂਦੇ ਹਨ। ਜੇ ਉਹਨਾਂ ਦੇ ਦਿਮਾਗ ਵਿੱਚ ਮੌਤ ਤੋਂ ਬਾਅਦ ਵਾਪਰਨ ਵਾਲੀਆਂ ਰਸਾਇਣਕ ਕਿਰਿਆਵਾਂ ਵਾਪਰਨ ਨਾ ਦਿੱਤੀਆਂ ਜਾਣ। ਆਮ ਤੌਰ ਤੇ ਡਾਕਟਰ ਵੀ ਮੌਤ ਤੋਂ ਤੁਰੰਤ ਬਾਅਦ ਵਿਅਕਤੀ ਨੂੰ ਜੀਵਤ ਕਰਨ ਲਈ ਉਸ ਦੇ ਦਿਲ ਦੀ ਧੜਕਨ ਨੂੰ ਦੋਬਾਰਾ ਤੋਰਨ ਦਾ ਯਤਨ ਕਰਦੇ ਹਨ ਤਾਂ ਜੋ ਉਸਦਾ ਦਿਮਾਗ ਸਦਾ ਲਈ ਕੰਮ ਕਰਨਾ ਬੰਦ ਨਾ ਕਰ ਦੇਵੇ। ਬਿਜਲੀ ਦਾ ਕਰੰਟ ਲੱਗਣ ਤੋਂ ਵੀ ਹੋਏ ਮ੍ਰਿਤਕ ਸਰੀਰਾਂ ਨੂੰ ਕੁਝ ਹਾਲਤ ਵਿੱਚ ਦਸ-ਦਸ ਬਾਰਾਂ-ਬਾਰਾਂ ਮਿੰਟਾਂ ਤੋਂ ਬਾਅਦ ਵੀ ਜੀਉਂਦਾ ਕੀਤਾ ਜਾ ਸਕਿਆ ਹੈ। ਠੰਢੇ ਪਾਣੀ ਵਿੱਚ ਡੁੱਬ ਕੇ ਹੋਈਆਂ ਮੌਤਾਂ ਨੂੰ ਵੀ ਪਹਿਲੇ ਘੰਟੇ ਦੇ ਅੰਦਰ ਅੰਦਰ ਕਈ ਥਾਵਾਂ ਤੇ ਜੀਵਤ ਕਰ ਜਾਣਾ ਸੰਭਵ ਹੋਇਆ ਹੈ। ਜਪਾਨ ਵਿੱਚ ਇੱਕ ਮੱਛੀਆਂ ਦੀ ਵਿਸ਼ੇਸ਼ ਕਿਸਮ ਹੁੰਦੀ ਹੈ ਉਸਨੂੰ ਬਰਫ਼ ਵਿੱਚ ਜਮਾਂਕੇ ਅਮਰੀਕਾ ਭੇਜ ਦਿੱਤਾ ਜਾਂਦਾ ਹੈ। ਗਾਹਕਾਂ ਨੂੰ ਵੇਚਣ ਤੋਂ ਪਹਿਲਾਂ ਉਹਨਾਂ ਨੂੰ ਜੀਵਤ ਕਰਕੇ ਵੇਚਿਆ ਜਾਂਦਾ ਹੈ। ਕਿਰਲੀਆਂ ਵੀ ਕਈ ਹਾਲਤਾਂ ਵਿੱਚ ਬਰਫ਼ ਵਿੱਚ ਦੱਬਕੇ ਚਾਰ ਪੰਜ ਮਹੀਨੇ ਰੱਖਕੇ ਮੁੜ ਜੀਵਤ ਕੀਤੀਆਂ ਜਾ ਸਕਦੀਆਂ ਹਨ।



**ਪ੍ਰਸ਼ਨ - ਕੀ ਸੁਪਨੇ ਰਾਹੀਂ ਖਜ਼ਾਨਾ ਲੱਭਿਆ ਜਾ ਸਕਦਾ ਹੈ ?**

ਉੱਤਰ - ਅਸਲ ਵਿੱਚ ਕਿਸੇ ਵੀ ਭਵਿੱਖਬਾਣੀ ਲਈ ਇਹ ਨਿਰਣਾ ਕਰਨਾ ਪੈਂਦਾ ਹੈ ਕਿ ਇਹ ਗੱਲ ਕਿਸ ਆਧਾਰ 'ਤੇ ਕਹੀ ਗਈ ਹੈ ਜੇ ਆਧਾਰ ਸਹੀ ਹੋਵੇ ਤਾਂ ਗੱਲ ਵਾਪਰ ਸਕਦੀ ਹੈ। ਜਿਵੇਂ ਮੌਸਮ ਵਿਗਿਆਨੀ ਕਿਸੇ ਥਾਂ ਤੇ ਵਾਯੂਮੰਡਲ ਵਿੱਚ ਸਿੱਲ ਵੇਖਕੇ, ਬੱਦਲਾਂ ਦਾ ਤਾਪਮਾਨ ਵੇਖਕੇ ਤੇ ਦਿਸ਼ਾ ਵੇਖਕੇ ਤੇ ਸਥਾਨ ਦਾ ਦਬਾਓ ਵੇਖਕੇ ਅੰਦਾਜ਼ਾ ਲਗਾ ਸਕਦੇ ਹਨ ਕਿ ਕਿਸ ਸਥਾਨ ਤੇ ਬਰਸਾਤ ਹੋਵੇਗੀ ਜਾਂ ਨਹੀਂ। ਇਹ ਮੌਸਮ ਵਿਗਿਆਨੀਆਂ ਦੇ ਅੰਦਾਜੇ 90% ਠੀਕ ਹੁੰਦੇ ਹਨ। ਅਮਰੀਕਾ ਵਿੱਚ ਤਾਂ ਜੇ ਮੌਸਮ ਵਿਗਿਆਨੀ ਕਹਿ ਦੇਣ ਕਿ ਸ਼ਾਮ ਨੂੰ ਬਰਸਾਤ ਹੋਵੇਗੀ ਤਾਂ ਸਵੇਰੇ ਹੀ ਦਫ਼ਤਰਾਂ ਨੂੰ ਜਾਣ ਵਾਲੇ ਆਪਣੀਆਂ ਛੱਤਰੀਆਂ ਨਾਲ ਲੈਕੇ ਜਾਂਦੇ ਹਨ। ਸੁਪਨਿਆਂ ਦਾ ਕੋਈ ਆਧਾਰ ਨਹੀਂ ਹੁੰਦਾ ਇਹ ਤਾਂ ਸਿਰਫ਼ ਮਨ ਦੇ ਦਿਨ ਰਾਤ ਕੰਮ ਵਿੱਚ ਲੱਗੇ ਰਹਿਣ ਕਰਕੇ ਹੁੰਦੇ ਹਨ। ਸਿਰਫ਼ ਕੱਚੀ ਨੀਂਦ ਵਿੱਚ ਕੀਤੀਆਂ ਮਨ ਦੀਆਂ ਕਲਪਨਾਵਾਂ ਯਾਦ ਰਹਿ ਜਾਂਦੀਆਂ ਹਨ। ਇਸ ਲਈ ਸੁਪਨੇ ਦੇ ਸੱਚ ਹੋ ਜਾਣ ਦੀ ਸੰਭਾਵਨਾ ਆਟੇ ਵਿੱਚ ਲੂਣ ਦੇ ਬਰਾਬਰ ਹੁੰਦੀ ਹੈ।

**ਪ੍ਰਸ਼ਨ - ਕੀ ਬਰੇਸਲੇਟ ਪਾਉਣ ਨਾਲ ਬਲੱਡ ਪ੍ਰੈਸ਼ਰ ਠੀਕ ਹੋ ਜਾਦਾ ਹੈ ?**

ਉੱਤਰ - ਬਲੱਡ ਪ੍ਰੈਸ਼ਰ ਸਰੀਰ ਵਿੱਚ ਖ਼ੂਨ ਦੀਆਂ ਨਾੜੀਆਂ ਦੇ ਦਬਾਓ ਕਾਰਨ ਹੁੰਦਾ ਹੈ ਕਈ ਵਾਰ ਨਾੜੀਆਂ ਵਿੱਚ ਚਰਬੀ ਇਸ ਢੰਗ ਨਾਲ ਜਮ੍ਹਾ ਹੋ ਜਾਂਦੀ ਹੈ ਕਿ ਖ਼ੂਨ ਨੂੰ ਉਨਾਂ ਸਥਾਨਾਂ ਤੋਂ ਲੰਘਣ ਵਿੱਚ ਔਖਾਈ ਆਉਂਦੀ ਹੈ। ਹੁਣ ਤੁਸੀਂ ਹੀ ਦੱਸੋ ਕਿ ਬਰੇਸਲੇਟ ਖ਼ੂਨ ਦੀਆਂ ਨਾੜੀਆਂ ਵਿੱਚ ਜਮੀਂ ਚਰਬੀ ਨੂੰ ਕਿਵੇਂ ਘਟਾ ਦੇਵੇਗਾ। ਕੀ ਬਰੈਸਲੇਟ ਦੇ ਚੁੰਬਕੀ ਸੰਬੰਧ ਖ਼ੂਨ ਵਿਚਲੀ ਜਮੀਂ ਚਰਬੀ ਦੇ ਨਾਲ ਹੁੰਦਾ ਹੈ ? ਜੀ ਨਹੀਂ ! ਇਸ ਲਈ ਇਹ ਲੁੱਟਣ ਦਾ ਹੀ ਇੱਕ ਢੰਗ ਹੈ।

**ਪ੍ਰਸ਼ਨ - ਕੀ ਮੂੰਗੇ ਜਾਂ ਨਗ ਆਦਿ ਪਾਉਣ ਨਾਲ ਕਿਸੇ ਵਿਅਕਤੀ ਦੇ ਦਿਨ ਫਿਰਨ ਲੱਗ ਪੈਂਦੇ ਹਨ ?**

ਉੱਤਰ - ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਕਿਸਮਤ ਦਾ ਸੰਬੰਧ ਉਸ ਦੇਸ਼ ਵਿੱਚ ਰਾਜ ਕਰ ਰਹੀ ਸਿਆਸਤ ਨਾਲ ਡੂੰਘਾ ਜੁੜਿਆ ਹੁੰਦਾ ਹੈ। ਜੇ ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਹ ਗੱਲ ਮਿੱਥ ਲੈਣ ਕਿ ਦੋਹਾਂ ਦੇਸ਼ਾਂ ਨੇ ਐਟਮੀ ਲੜਾਈ ਲੜਨੀ ਹੈ ਤਾਂ ਤੁਹਾਡੀਆਂ ਅਤੇ ਸਾਡੀਆਂ ਸਭ ਦੀਆਂ ਲਾਸ਼ਾਂ ਇੱਥੇ ਖਿੰਡੀਆਂ ਹੋਣਗੀਆਂ ਤੇ ਸਾਡੇ ਪਹਿਨਿਆਂ ਹੋਇਆ ਕੋਈ ਵੀ ਮੂੰਗਾ ਜਾਂ ਨਗ਼ ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦੇ ਦਿਮਾਗਾਂ 'ਤੇ ਕਿਸੇ ਢੰਗ ਨਾਲ ਵੀ ਪ੍ਰਭਾਵ ਨਹੀਂ ਪਾ ਸਕੇਗਾ। ਇਸ ਲਈ ਨਗ਼ ਅਤੇ ਮੂੰਗਿਆਂ ਦਾ ਕਿਸਮਤ ਨਾਲ ਕੋਈ ਸੰਬੰਧ ਨਹੀਂ ਹੁੰਦਾ।

**ਪ੍ਰਸ਼ਨ - ਕੀ ਟੈਲੀਵਿਜ਼ਨ ਤੇ ਆਉਂਦੀ ਇਸ਼ਤਿਹਾਰਬਾਜ਼ੀ ਵਾਲੀਆਂ ਚੀਜ਼ਾਂ ਮੰਗਵਾਕੇ ਤੇ ਖਾਕੇ ਭਾਰ ਘਟਾਇਆ ਜਾ ਵਧਾਇਆ ਜਾ ਸਕਦਾ ਹੈ ?**

ਉੱਤਰ - ਜੀ ਹਾਂ, ਭਾਰ ਘਟਾਉਣਾ ਜਾਂ ਵਧਾਉਣਾ ਤਾਂ ਬੰਦੇ ਦੇ ਆਪਦੇ ਵਸ ਵਿੱਚ ਹੁੰਦਾ ਹੈ। ਟੈਲੀਵਿਜ਼ਨ ਤੇ ਇਸ਼ਤਿਹਾਰ ਦੇਣ ਵਾਲੇ ਵੀ ਬਹੁਤ ਚਲਾਕ ਕਿਸਮ ਦੇ ਵਿਅਕਤੀ ਹੁੰਦੇ ਹਨ। ਉਹ ਤੁਹਾਨੂੰ ਅਜਿਹੀ ਕਸਰਤ ਤੇ ਖੁਰਾਕ ਵੀ ਦੱਸਣਗੇ ਜੋ ਭਾਰ ਘੱਟ ਕਰਨ ਵਿੱਚ ਸਹਾਈ ਹੁੰਦੀ ਹੈ। ਤੁਸੀਂ ਖੁਦ ਵੀ ਭਾਰ ਘਟਾ ਜਾਂ ਵਧਾਅ ਸਕਦੇ ਹੋ। ਟੈਲੀਵਿਜ਼ਨ ਤੇ ਇਸ਼ਤਿਹਾਰ ਦੇਣ ਵਾਲਿਆਂ ਨੂੰ ਪੈਸੇ ਲੁਟਾਉਣ ਦਾ ਕੀ ਫਾਇਦਾ ?

**- ਮੇਘ ਰਾਜ ਮਿੱਤਰ**

# ਸਿਰਫ ਕੁਦਰਤ ਹੀ ਸੱਚ ਹੈ, ਕਾਦਰ ਨਹੀਂ



ਅਮਰਜੀਤ ਢਿੱਲੋਂ
ਦਬੜ੍ਹੀਖਾਨਾ

ਜੋ ਸਾਡੇ ਸਾਹਮਣੇ ਦਿਸ ਅਤੇ ਵਾਪਰ ਰਿਹੈ, ਧਰਤੀ, ਹਵਾ, ਪਾਣੀ, ਸੂਰਜ, ਚੰਦ, ਸਿਤਾਰੇ ਆਦਿ ਇਹ ਸਭ ਕੁਦਰਤ (ਨੇਚਰ) ਹੈ। ਅਧਿਆਤਮਿਕ ਵਿਚਾਰ ਅਨੁਸਾਰ ਇਸਨੂੰ ਕੋਈ ਬਣਾਉਣ ਵਾਲਾ (ਕਾਦਰ) ਵੀ ਹੈ ਪਰ ਇਹ ਸਨ ਨਿਰੋਲ ਕਲਪਨਾ ਹੈ, ਸਿਰਫ ਕੁਦਰਤ ਹੀ ਸੱਚ ਹੈ। ਧਾਰਮਿਕ ਲੋਕ ਕਹਿੰਦੇ ਹਨ ਕਿ ਅਰਬਾਂ ਖਰਬਾਂ ਸਾਲ ਪਹਿਲਾਂ (ਅਰਬਦ ਨਰਬਦ ਧੁੰਧੂਕਾਰਾ) ਸਿਰਫ ਮਹਾਂ ਸੁੰਨ ਪਸਰੀ ਹੋਈ ਸੀ। ਚਾਰ ਚੁਫੇਰੇ ਧੁੰਧ ਪਸਰੀ ਹੋਈ ਸੀ। ਫਿਰ ਰੱਬ ਯਾਨੀ ਕਿ ਕਾਦਰ ਨੂੰ ਫੁਰਨਾ ਫੁਰਿਆ ਕਿ ਦੁਨੀਆਂ ਬਣਾਈ ਜਾਵੇ। ਉਸਨੇ ਕਿਹਾ ਕੁੰਨ (ਹੋਜਾ) ਤੇ ਬਸ ਹੋ ਗਿਆ, ਦੁਨੀਆਂ ਬਣ ਗਈ। ਫਿਰ ਇਸ ਖਿਆਲ ਨਾਲ ਜਦ ਸੰਤੁਸ਼ਟੀ ਨਾ ਹੋਈ ਤਾਂ ਕਿਹਾ ਗਿਆ ਕਿ ਰੱਬ ਨੇ ਸੱਤ ਦਿਨਾਂ 'ਚ ਸ੍ਰਿਸ਼ਟੀ ਦੀ ਸਾਜਨਾ ਕੀਤੀ, ਪਹਿਲਾਂ ਰੁੱਖ ਬਣਾਏ ਤੇ ਸੂਰਜ ਬਾਦ 'ਚ ਬਣਾਇਆ। ਵਿਗਿਆਨ ਕਹਿੰਦਾ ਹੈ ਕਿ ਕਾਰਨ ਤੋਂ ਬਿਨਾਂ ਕੋਈ ਕਾਰਜ ਨਹੀਂ ਹੋ ਸਕਦਾ। ਦੁਨੀਆਂ ਬਣਾਉਣ ਦਾ ਕੀ ਕਾਰਨ ਹੋ ਸਕਦਾ ਹੈ। ਫੁਰਨਾ ਮਨ 'ਚ ਫੁਰਦਾ ਹੈ, ਮਨ ਦੀ ਹੋਂਦ ਦਿਮਾਗ ਤੋਂ ਬਿਨਾਂ ਨਹੀਂ ਹੋ ਸਕਦੀ ਤੇ ਦਿਮਾਗ ਸਿਰਫ ਸਰੀਰ 'ਚ ਹੀ ਹੋ ਸਕਦਾ ਹੈ। ਜਦੋਂ ਰੱਬ ਦਾ ਕੋਈ ਸਰੀਰਕ ਵਜੂਦ ਹੀ ਨਹੀਂ (ਰੂਪ ਨਾ ਰੇਖ ਨਾ ਰੰਗ ਕਿਛ ਤ੍ਰਿਹ ਗੁਣ ਤੇ ਪ੍ਰਭ ਭਿੰਨ) ਤਾਂ ਫੁਰਨਾਂ ਕਿਸਤਰ੍ਹਾਂ ਫੁਰਿਆ ?ਫਿਰ ਕਹਿੰਦੇ ਰੱਬ ਕਣ ਕਣ ਵਿਚ ਵਿਆਪਕ ਹੈ ਤਾਂ ਫਿਰ ਕਿਸੇ ਕਣ 'ਤੇ ਇਸਦੀ ਕੋਈ ਪ੍ਰਤੀਕ੍ਰਿਆ ਕਿਉਂ ਨਹੀਂ ਹੁੰਦੀ। ਸਮੁੱਚਾ ਬ੍ਰਹਿਮੰਡ ਅਨੁਸ਼ਾਸ਼ਤ ਢੰਗ ਨਾਲ ,ਪਦਾਰਥ ਦੇ ਸੁਭਾਅ ਅਨੁਸਾਰ ਚੱਲ ਰਿਹਾ ਹੈ। ਕਿਹਾ ਜਾਂਦੈ ਕਿ ਸਭ ਕੁਝ ਰੱਬ ਦੀ ਇੱਛਾ ਅਨੁਸਾਰ ਹੋ ਰਿਹੈ,ਜੇ ਰੱਬ ਸਰਬ ਵਿਆਪਤ ਹੈ ਤਾਂ ਉਸਨੂੰ ਇੱਛਾ ਕਰਨ ਦੀ ਕੀ ਲੋੜ ਹੈ। ਸਰਬ ਵਿਆਪਕ ਤਾਂ ਸਭ ਜਗਾਹ ਹੀ ਕ੍ਰਿਆ ਕਰ ਸਕਦਾ ਹੈ। ਇੱਛਾ ਤਾਂ ਇਕ ਥਾਂ ਰਹਿਣ ਵਾਲਾ ਕਰਦਾ ਹੈ।

ਸਰਬ ਵਿਆਪਕ ਦੀ ਕ੍ਰਿਆ ਸਾਰੇ ਕਣਾਂ 'ਚ ਇਕੋ ਤਰ੍ਹਾਂ ਦੀ ਹੋਣੀ ਚਾਹੀਦਾ ਹੈ, ਵੱਖ ਵੱਖ ਨਹੀਂ, ਪਰ ਬ੍ਰਹਿਮੰਡ 'ਚ ਪਦਾਰਥ ਦੀਆਂ ਕ੍ਰਿਆਵਾਂ ਵੱਖੋ ਵੱਖਰੀਆਂ ਹਨ। ਪਦਾਰਥ ਦੇ ਅਨੰਤ ਰੂਪ ਹਨ। ਰੱਬ ਨੂੰ ਸਰਬਸ਼ਕਤੀ ਮਾਨ ਕਿਹਾ ਜਾਂਦਾ ਹੈ, ਭਾਵ ਉਹ ਕੁਝ ਵੀ ਕਰ ਸਕਦਾ ਹੈ। ਤਾਂ ਕੀ ਉਹ ਨਵੇਂ ਪਦਾਰਥ ਦਾ ਨਿਰਮਾਣ ਕਰ ਸਕਦਾ ਹੈ। ਵਿਗਿਆਨ ਅਨੁਸਾਰ ਬ੍ਰਹਿਮੰਡ 'ਚ ਮੁੱਢ ਕਦੀਮ ਤੋਂ ਜਿੰਨਾ ਪਦਾਰਥ ਸੀ, ਉਹ ਅੱਜ ਵੀ ਉਨਾ ਹੀ ਹੈ। ਇਸਨੂੰ ਨਾ ਵਧਾਇਆ ਜਾ ਸਕਦਾ ਹੈ ਤੇ ਨਾ ਹੀ ਘਟਾਇਆ ਜਾ ਸਕਦਾ ਹੈ। ਸੁੰਨ (ਸ਼ੂਨਯ) ਜ਼ੀਰੋ 'ਚੋਂ ਕੁਝ ਵੀ ਪੈਦਾ ਨਹੀਂ ਕੀਤਾ ਜਾ ਸਕਦਾ। ਕੀ ਰੱਬ ਆਪਣੇ ਵਰਗੇ ਹੋਰ ਰੱਬ ਬਣਾ ਸਕਦਾ ਹੈ ? ਜਾਂ ਖ਼ੁਦਕਸ਼ੀ ਕਰ ਸਕਦਾ ਹੈ। ਅਸਲ ਵਿਚ ਪਦਾਰਥ ਦੇ ਨਿਯਮਾਂ ਤੇ ਸੁਭਾਅ ਅਨੁਸਾਰ ਹੀ ਸਭ ਕੁਝ ਹੋ ਰਿਹਾ ਹੈ, ਇਸ ਦੇ ਉਲਟ ਨਾ ਕਦੇ ਕੁਝ ਹੋਇਆ ਹੈ ਤੇ ਨਾ ਹੀ ਹੋਵੇਗਾ। ਆਦਿ ਸ਼ੰਕਰਅਚਾਰਿਆ,ਸਨਾਤਨੀ ਧਰਮੀ ਹਿੰਦੂ ਵਿਸ਼ਵਾਸ਼ ਕਰਦੇ ਹਨ ਕਿ ਰੱਬ ਸਰਬ ਵਿਆਪਕ, ਸੂਖਸ਼ਮ ਬ੍ਰਹਮ ਹੈ। ਸ੍ਰਿਸ਼ਟੀ ਬ੍ਰਹਿਮ ਦੀ ਮਾਇਆ ਹੈ। ਮਾਯਾ ਦਾ ਅਰਥ ਹੈ ਜੋ ਨਹੀਂ ਹੈ (ਭਰਮ)। ਜੱਗ (ਕੁਦਰਤ) ਨੂੰ ਝੂਠ ਮੰਨਣ ਵਾਲਿਆਂ ਨੂੰ ਸਮਝਾਉਣ ਦਾ ਕੋਈ ਫਾਇਦਾ ਨਹੀਂ। ਜੱਗ ਨੂੰ ਝੂਠ ਕਹਿਣ ਵਾਲੇ, ਖ਼ੁਦ ਵੀ ਝੂਠ 'ਚ ਹੀ ਜੀ ਰਹੇ ਹਨ। ਸਨਾਤਨੀ ਕਹਿੰਦੇ ਹਨ ਕਿ ਜਿਵੇਂ ਮੱਕੜੀ ਜਾਲਾ ਬੁਣਦੀ ਤੇ ਫਿਰ ਜਾਲਾ ਨਿਗਲ ਜਾਂਦੀ ਹੈ, ਇਸ ਤਰ੍ਹਾਂ ਬ੍ਰਹਿਮ ਦੁਨੀਆਂ ਨੂੰ ਸਿਰਜਦਾ ਹੈ ਤੇ ਫਿਰ ਇਸਨੂੰ ਨਿਗਲ ਜਾਂਦਾ ਹੈ। ਭਾਵ ਬ੍ਰਹਮ ਚੇਤਨਾ ਪਹਿਲਾਂ, ਸ੍ਰਿਸ਼ਟੀ ਪਦਾਰਥ ਪਿੱਛੋਂ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਚੇਤਨਾ ਪਦਾਰਥ ਨੂੰ ਕਿਥੋਂ ਲੈ ਕੇ ਆਈ। ਫਿਰ ਚੇਤਨਾ ਪਦਾਰਥ 'ਚ ਕਿਵੇਂ ਬਦਲੀ। ਕੀ ਅੱਜ ਵੀ ਆਤਮਾ ਪਦਾਰਥ 'ਚ ਬਦਲਦੀ ਹੈ ? ਇਹ ਵਿਚਾਰ ਨਿਰੋਲ ਕਲਪਿਤ ਤੇ ਤਰਕਹੀਣ ਹਨ। ਉਹਨਾਂ ਮੁਤਾਬਿਕ ਪਦਾਰਥ ਜੜ੍ਹ ਹੈ ਤੇ ਆਤਮਾ ਚੇਤਨਾ। ਵਿਗਿਆਨ ਅਨੁਸਾਰ ਪਦਾਰਥ ਕਦੇ ਵੀ ਜੜ੍ਹ ਨਹੀਂ ਹੁੰਦਾ। ਪਦਾਰਥ ਦੇ ਹਰ ਕਣ 'ਚ ਚੇਤਨਾ,ਗਤੀ ਹੈ ਤੇ ਹਰ ਵਕਤ ਪਰਵਰਤਨਸ਼ੀਲ ਹੈ। ਅਸਲ 'ਚ ਮਨ ਬੁੱਧੀ, ਵਿਵੇਕ ਨੂੰ ਹੀ ਆਤਮਾ ਦਾ ਨਾਮ ਦਿਤਾ ਗਿਆ। ਪਰਮਾਤਮਾ ਨੂੰ ਸਤ ਚਿੱਤ ਆਨੰਦ ਕਿਹਾ ਗਿਆ। ਆਤਮਾ ਨੂੰ ਪਰਮਾਤਮਾ 'ਚ ਲੀਨ ਕਰਨ ਲਈ ਮੁਕਤੀ ਵਾਲਾ ਮਾਰਗ ਦੱਸਿਆ ਗਿਆ। ਜਦੋਂ ਕਿ ਨਾ ਆਤਮਾ ਹੈ ਤੇ ਨਾ ਹੀ ਪਰਮਾਤਮਾ । ਮੁਕਤੀ ਮਨ ਦੀ ਕਲਪਨਾ ਤੋਂ ਵੱਧ ਕੁਝ ਨਹੀਂ।

ਕਿਸੇ ਰੱਬ, ਦੇਵੀ ਦੇਵਤੇ ਜਾਂ ਭੂਤ ਪ੍ਰੇਤ ਦੀ ਕਥਿਤ ਆਕਾਸ਼ਵਾਣੀ ਇਸ ਲਈ ਝੂਠੀ ਹੈ ਕਿਉਂਕਿ ਸ਼ੂਨਯ 'ਚੋਂ ਕੁਝ ਵੀ ਪੈਦਾ ਨਹੀਂ ਹੋ ਸਕਦਾ। ਵਿਗਿਆਨ ਅਨੁਸਾਰ ਪਦਾਰਥ ਜਦੋਂ ਕੋਈ ਸ਼ਕਲ ਅਖ਼ਤਿਆਰ ਕਰਦਾ ਹੈ ਤਾਂ ਉਸ ਵਾਸਤੇ ਦਬਾਅ, ਗਰਮੀ, ਰਸਾਇਣਕ ਕ੍ਰਿਆਵਾਂ ਆਦਿ ਸਾਰੇ ਤੱਤਾਂ ਦੀ ਜ਼ਰੂਰਤ ਹੁੰਦੀ ਹੈ। ਇਹਨਾਂ ਨਿਯਮਾਂ ਨੂੰ ਤੋੜ ਕੇ ਕੋਈ ਭੂਤ ਪ੍ਰੇਤ ਕਿਸੇ ਹੋਰ ਜਾਨਵਰ ਦੀ ਸ਼ਕਲ ਅਖ਼ਤਿਆਰ ਨਹੀਂ ਕਰ ਸਕਦਾ।

ਇਸੇ ਤਰ੍ਹਾਂ ਸ਼ੂਨਯ (ਜ਼ੀਰੋ) 'ਚੋਂ ਕੋਈ ਰੱਬ ਪੈਦਾ ਨਹੀਂ ਹੋ ਸਕਦਾ, ਹਰੇਕ ਸਰੀਰ ਖਾਸ ਨਿਯਮਾਂ ਤਹਿਤ ਪਦਾਰਥ ਤੋਂ ਬਣਦਾ ਹੈ। ਅਸੀਂ (ਆਦਮੀ) ਪੈਦਾ ਕਿਵੇਂ ਹੁੰਦੇ ਹਾਂ ? ਮਾਂ ਬਾਪ (ਔਰਤ ਮਰਦ) ਦਾ ਮਿਲਾਪ ਹੁੰਦਾ ਹੈ। ਔਰਤ ਨੂੰ ਇਕ ਖਾਸ ਉਮਰ 'ਚ ਮਾਂਹਵਾਰੀ ਆਉਣੀ ਸ਼ੁਰੂ ਹੁੰਦੀ ਹੈ। ਅਗਲੀ ਮਾਂਹਵਾਰੀ ਤੋਂ ਤਕਰੀਬਨ 14 ਕੁ ਦਿਨ ਪਹਿਲਾਂ ਉਸਦਾ ਅੰਡਾ (ਓਵਮ) ਪੱਕਦਾ ਹੈ। ਇਸ ਅੰਡੇ ਅਤੇ ਆਦਮੀ ਵੀਰਯ ਦੇ ਸ਼ੁਕਰਕੀਟ ਦੇ ਮਿਲਾਪ ਨਾਲ ਨਵਾਂ ਜੀ ਲੜਕਾ ਜਾਂ ਲੜਕੀ ਹੋਂਦ 'ਚ ਆਉਂਦੇ ਹਨ। ਸਾਡੇ ਸਰੀਰ ਦਾ ਨਿਰਮਾਣ 46 ਜੋੜੇ ਗੁਣ ਸੂਤਰ (ਕਰੋਮੋਸੋਮਜ਼) ਕਰਦੇ ਹਨ। ਇਹ 23 ਜੋੜੇ ਔਰਤ ਅਤੇ 23 ਜੋੜੇ ਮਰਦ 'ਚ ਹੁੰਦੇ ਹਨ। 22 ਜੋੜੇ ਅਲਿੰਗੀ ਗੁਣ ਸੂਤਰ ਤੇ ਇਕ ਜੋੜਾ ਲਿੰਗ ਗੁਣ ਸੂਤਰ ਦਾ ਹੁੰਦਾ ਹੈ। ਵਿਗਿਆਨੀਆਂ ਨੇ ਇਹਨਾਂ ਗੁਣ ਸੂਤਰਾਂ ਨੂੰ ਐਕਸ ਤੇ ਵਾਈ ਦਾ ਨਾਮ ਦਿਤਾ ਹੈ। ਐਕਸ ਤੇ ਐਕਸ ਦੇ ਮੇਲ ਨਾਲ ਲੜਕੀ ਤੇ ਐਕਸ ਤੇ ਵਾਈ ਦੇ ਮੇਲ ਨਾਲ ਲੜਕਾ ਪੈਦਾ ਹੁੰਦਾ ਹੈ। ਔਰਤ 'ਚ ਇਹ ਦੋਵੇਂ ਗੁਣ ਸੂਤਰ ਐਕਸ ਐਕਸ ਹੁੰਦੇ ਹਨ ਜਦੋਂ ਕਿ ਆਦਮੀ 'ਚ ਐਕਸ ਤੇ ਵਾਈ ਗੁਣਸੂਤਰ ਹੁੰਦੇ ਹਨ। ਇਹਨਾਂ ਗੁਣ ਸੂਤਰਾਂ ਦੇ ਮੇਲ ਹੋਣ ਸਮੇਂ ਨਵੇਂ ਪੈਦਾ ਹੋਣ ਵਾਲੇ ਜੀਅ ਦੇ ਸੁਭਾਅ ਤੇ ਆਦਤਾਂ ਨਿਰਧਾਰਤ ਹੋ ਜਾਂਦੀਆਂ



ਹਨ। ਬਾਕੀ ਬੱਚਾ ਵੱਡਾ ਹੋ ਕੇ ਆਪਣੇ ਆਲੇ ਦੁਆਲੇ, ਵਾਤਾਵਰਣ ਤੇ ਸਿਖਿਆ ਆਦਿ ’ਚੋਂ ਲੈਂਦਾ ਹੈ।

ਨਵੀਂ ਖੋਜ਼ ਮੁਤਾਬਿਕ ਮਨਚਾਹਿਆ ਬੱਚਾ (ਲੜਕਾ ਜਾਂ ਲੜਕੀ) ਪੈਦਾ ਕਰਨ ਲਈ ਖਾਸ ਕਿਸਮ ਦਾ ਭੋਜਨ ਖਾਧਾ ਜਾ ਸਕਦਾ ਹੈ। ਐਕਸ ਕਰੋਮੋਸੋਮ (ਗੁਣਸੂਤਰ) ਵਾਈ ਨਾਲੋਂ ਜਿਆਦਾ ਉਮਰ ਵਾਲਾ ਹੁੰਦਾ ਹੈ। ਵਾਈ ਗੁਣਸੂਤਰ ਐਕਸ ਤੋਂ ਪਹਿਲਾਂ ਮਰ ਜਾਂਦਾ ਜਾਂ ਸੁਸਤ ਪੈ ਜਾਂਦਾ ਹੈ। ਵਿਗਿਆਨੀਆਂ ਨੇ 216 ਜੋੜਿਆਂ ਤੇ ਖਾਸ ਕਿਸਮ ਦੇ ਭੋਜਨ ਦੇ ਤਜੱਰਬੇ ਕੀਤੇ ਤਾਂ 175 ਨੇ ਆਪਣੇ ਮਨ ਪਸੰਦ ਬੱਚੇ ਹਾਸਿਲ ਕੀਤੇ। ਖਾਸ ਕਿਸਮ ਦਾ ਭੋਜਨ ਕੀ ਹੈ। ਜਿਹੜੇ ਪੁਰਸ਼ ਆਪਣੇ ਭੋਜਨ ਵਿਚ ਸੋਡੀਅਮ ਅਤੇ ਪੋਟਾਸ਼ੀਅਮ ਦੀ ਮਾਤਰਾ ਵੱਧ ਲੈਂਦੇ ਹਨ ਜਾਂ ਕਹਿ ਲਵੋ ਕਿ ਤੇਜ ਲੂਣ ਵਾਲੀਆਂ ਚੀਜਾਂ ਤੇ ਪ੍ਰੋਟੀਨ ਭਰਪੂਰ ਭੋਜਨ ਲੈਂਦੇ ਹਨ , ਉਹਨਾਂ ’ਚ ਵਾਈ ਗੁਣ ਸੂਤਰ ਦੀ ਬਹੁਲਤਾ ਹੁੰਦੀ ਹੈ ਤੇ ਉਹਨਾਂ ਦੇ ਜਿਆਦਾ ਲੜਕੇ ਹੀ ਪੈਦਾ ਹੁੰਦੇ ਹਨ। ਇਸ ਲਈ ਕਰਾਰਾ ਨਮਕ, ਮਾਂਹ ਦੀ ਦਾਲ,ਰਾਜ ਮਾਂਹ,ਸੋਇਆਬੀਨ ਤੇ ਮੀਟ ਵਗੈਰਾ ਦਾ ਜਿਆਦਾ ਸੇਵਨ ਕੀਤਾ ਜਾ ਸਕਦਾ ਹੈ।

ਇਹ ਧਿਆਨ ਰੱਖਿਆ ਜਾਵੇ ਕਿ ਖੁਰਾਕ ਗਰਭ ਧਾਰਨ ਕਰਨ ਤੋਂ 6–7 ਹਫ਼ਤੇ ਪਹਿਲਾਂ ਹੀ ਸ਼ੁਰੂ ਕੀਤੀ ਜਾਵੇ। ਇਸਦੇ ਉਲਟ ਜਿਹੜੇ ਪੁਰਸ਼ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਦੀ ਮਾਤਰਾ ਵੱਧ ਲੈਂਦੇ ਹਨ ਜਾਂ ਕਹਿ ਲਵੋ ਕਿ ਆਪਣੇ ਭੋਜਨ ’ਚ ਦੁੱਧ ਜਾਂ ਦੁੱਧ ਤੋਂ ਬਣੀਆਂ ਵਸਤਾਂ ਅਤੇ ਖੰਡ ਦਾ ਜਿਆਦਾ ਸੇਵਨ ਕਰਦੇ ਹਨ , ਉਹਨਾਂ ਦਾ ਐਕਸ ਗੁਣਸੂਤਰ ਜਿਆਦਾ ਤਕੜਾ ਹੋ ਜਾਂਦਾ ਹੈ। ਜਿਹੜੇ ਪੁਰਸ਼ ਆਪਣੀ ਔਲਾਦ ਲੜਕੀ ਚਾਹੁੰਦੇ ਹਨ ਉਹਨਾਂ ਨੂੰ ਦੁੱਧ,ਪਨੀਰ,ਲੱਸੀ , ਦਹੀਂ ਤੇ ਆਂਡੇ ਦਾ ਵੱਧ ਸੇਵਨ ਕਰਨਾ ਚਾਹੀਦਾ ਹੈ। ਮਾਂਹਵਾਰੀ ਤੋਂ ਬਾਦ ਅੰਡਾ ਪੱਕਣ ਤਕ ਔਰਤ ’ਚ ਕਈ ਤਬਦੀਲੀਆਂ ਆਉਂਦੀਆਂ ਹਨ, ਜਿਵੇਂ ਤਾਪਮਾਨ ਦਾ ਵੱਧਣਾ ਘਟਣਾ, ਪੁਰਸ਼ ਮਿਲਾਪ ਦੀ ਤੀਬਰ ਇੱਛਾ ਆਦਿ। ਇਸ ਸਮੇਂ ਨੂੰ ਠੀਕ ਲੱਭਣ ਲਈ ਔਰਤ ਦਾ ਤਾਪਮਾਨ ਚਾਰਟ ਬਣਾਇਆ ਜਾ ਸਕਦਾ ਹੈ। ਇਹਨਾਂ ਸਾਰੀਆਂ ਗੱਲਾਂ ਨੂੰ ਧਿਆਨ ’ਚ ਰੱਖ ਕੇ ਅੰਧਵਿਸ਼ਵਾਸ਼ ਤੋਂ ਬਚਿਆ ਜਾ ਸਕਦਾ ਹੈ। ਜਿਹੜੇ ਲੋਕ ਇਸ ਵਿਗਿਆਨ ਦੇ ਯੁੱਗ ’ਚ ਵੀ ਅਰਬਦ ਨਰਬਦ ਧੁੰਧੂਕਾਰੇ ’ਚ ਭਟਕ ਰਹੇ ਹਨ ਉਹਨਾਂ ਦਾ ਕੋਈ ਇਲਾਜ ਨਹੀਂ। ਉਹ ਲੋਕ ਵਿਹਲੜ ਸਾਧ( ਪਰਜੀਵੀ ਜਮਾਤ) ਪੈਦਾ ਕਰਨ ਲਈ ਜ਼ਿਮੇਵਾਰ ਹਨ।

****

# ਕਾਵਿ ਵਿਅੰਗ

ਸੂਝਵਾਨ ਬੰਦੇ ਮੂਲ ਭਾਉਂਦੇ ਨਾ ਹਕੂਮਤਾਂ ਨੂੰ, ਬਿੱਲੀਆਂ ਨੂੰ ਲਗਦੇ ਸਿਆਣੇ ਚੂਹੇ ਚੰਗੇ ਨਾ।
ਲੱਤੋਂ ਆਹਰੀ ਬੰਦੇ ਨੂੰ ਨਾ ਲਗਦੇ ਨਚਾਰ ਚੰਗੇ, ਢੀਠ ਬੰਦਾ ਮੰਗਣੋ ਕਦੇ ਵੀ ਮੂਲ ਸੰਗੇ ਨਾ।
ਨੇਤਾ, ਸਾਧ, ਸੱਚ ਦਾ ਹੈ ਇੱਟ ਕੁੱਤੇ ਵਾਲਾ ਵੈਰ ਨੇਤਾ, ਸਾਧ ਕਾਹਦਾ ਜਿਹੜਾ ਲਵੇਂਪੁੱਠੇ ਪੰਗੇ ਨਾ।
ਇਕਵਾਰੀ ਬੰਦਾ ਜਿਹੜਾ ਬਣ ਗਿਆ ਚੇਅਰਮੈਨ, ਮਾਇਆ ਦੀ ਨਦੀ ’ਚ ਫਿਰ ਕਿਵੇਂ ਹੱਥ ਰੰਗੇ ਨਾ।

—

ਕਿਹੜਾ ਉਹ ਨਜੂਮੀਆ ਜੋ ਦੱਸ ਦੇਵੇ ਸਾਡੇ ਤਾਈਂ ਕਿਹੋ ਜਿਹੇ ਲਿਖੇ ਸਾਡੇ ਮੱਥੇ ਉਤੇ ਲੇਖ ਨੀ।
ਸਾਨੂੰ ਪਤੈ ਰਾਸ਼ੀ ਸਾਡੀ ਬਿਨਾ ਰਾਸ਼ੀ ਵਾਲਾ ਘਰ ਪੱਤਰੀ ’ਚ ਹੋਵੇ ਭਾਵੇਂ ਮੀਨ ਬ੍ਰਿਖ ਮੇਖ ਨੀ।
ਭੁੱਖ, ਦੁੱਖ, ਨੰਗ, ਰਿਸ਼ਵਤ, ਬੇਈਮਾਨੀ ਵਾਲੇ ਰਾਹੂ ਕੇਤੂ ਰਹੇ ਸਾਨੂੰ ਹਰ ਵੇਲੇ ਦੇਖ ਨੀ।
ਕਰਦੇ ਬਲੈਕਮੇਲ ਸਾਡੇ ਜ਼ਜ਼ਬਾਤ ਦੀ ਨੇ ਇਹ ਜੋ ਵਿਹਲੇ ਬੈਠੇ ਭਾਈ , ਪੰਡਿਤ ਤੇ ਸ਼ੇਖ ਨੀ।

——

ਕਹਿੰਦਾ ਵਾਰਸ ਸ਼ਾਹ ਜਾਣ ਆਦਤਾਂ ਪੁਰਾਣੀਆਂ ਨਾ, ਰੱਖ ਦੇਣ ਲੋਕ ਭਾਵੇਂ ਕੱਟ ਕੱਟ ਪੋਰੀਆਂ।
ਹੱਥਾਂ ਵਿਚ ਫੜ ਕੇ ਸਿਮਰਣੇ ਮਸਤ ਹੋਈ, ਸ਼ਰੇਆਮ ਠੱਗ ਕਰੀ ਜਾਂਦੇ ਠੱਗੀਠੋਰੀਆਂ।
ਅੰਧ ਵਿਸ਼ਵਾਸ਼ ਅਸ਼ਲੀਲਤਾ ਫੈਲਾਈ ਜਾਵੇ, ਜਾਣੇ ਸਰਕਾਰ ਅਸਾਂ ਦੀਆਂ ਕਮਜੋਰੀਆਂ।
ਡਾਂਗ ਉਤੇ ਡੇਰਾ ਰੱਖਦੇ ਜੇ ਹੱਕ ਲੈ ਲੈਂਦੇ ਹੱਕ ਸਾਡੇ ਮਾਰ ਗਈਆਂ ਰੱਬ ਉਤੇ ਡੋਰੀਆਂ।

——

ਪੰਜੇ ਅਹਿਮ ਜ਼ਜ਼ਬੇ ਨੇ ਜ਼ਿੰਦਗੀ ਦੇ ਜਿਉਣ ਦੇ ਲਈ ਮਿੱਟੀ ਹੈ ਮਨੁੱਖ ਕਾਮ ,ਮੋਹ, ਅਹੰਕਾਰ ਬਿਨਾਂ।
ਕਾਮ ਤੋਂ ਉਤਪਤੀ ਹੈ, ਮੋਹ ਨਾਲ ਰਿਸ਼ਤੇ ਨੇ, ਜ਼ਿੰਦਗੀ ਨਿਰਾਰਥਕ ਹੋ ਜਾਂਵਦੀ ਹੈ ਪਿਆਰ ਬਿਨਾਂ।
ਮਾਣ ਅਹੰਕਾਰ ਬਾਝੋਂ, ਜਿਉਣ ਸਦਾ ਆਲਸੀ ਹੀ ਹੁੰਦਾ ਨਹੀਂ ਵਿਕਾਸ ਕਦੇ ਲੋਭ ਦੇ ਵਿਚਾਰ ਬਿਨਾਂ।
ਮਾਇਆ ਤਾਈਂ ਨਾਗਣੀ ਜੋ ਆਖਦੇ ਮਹਾਂ ਪੁਰਖ, ਸਾਰਦੇ ਨਹੀਂ ਖ਼ੁਦ ਪੱਚੀ ਲੱਖ ਵਾਲੀ ਕਾਰ ਬਿਨਾਂ।
ਮਹਿਲਨੁਮਾ ਡੇਰਿਆਂ ’ਚ ਪਾਉਂਦੇ ਚੋਲ਼ੇ ਰੇਸ਼ਮੀ ਨੇ ਵਿਹਲੜਾਂ ਦੀ ਐਸ਼ ਹੁੰਦੀ ਹੈ ਨਹੀਂ ਸਰਕਾਰ ਬਿਨਾਂ।
ਸਾਰੇ ਪੱਤੇ ਰੰਗ ਦੇ ਲੁਕੋ ਕੇ ਬਾਜ਼ੀ ਜਿੱਤ ਲੈਂਦੇ, ਸਾਨੂੰ ਕਹਿੰਦੇ ਹਿੱਲਦਾ ਨਹੀਂ ਪੱਤਾ ਸਰਕਾਰ ਬਿਨਾਂ।

——

ਜ਼ਿੰਦਗੀ ’ਚ ਜਿਉਣ ਦੇ ਲਈ ਦੱਸੋ ਕੀ ਹੈ ਰਹਿ ਜਾਣਾ, ਕਾਮ ,ਕਰੋਧ , ਲੋਭ , ਮੋਹ ਜੇ ਨਾ ਅਹੰਕਾਰ ਹੋਵੇ।
ਬਾਬੇ ਕਹਿੰਦੇ ਸਾਰੇ ਮੇਵੇ ਸਾਡੇ ਲਈ ਨੇ ਧੁਰੋਂ ਲਿਖੇ, ਚਿਹਰੇ ਉਤੇ ਨੂਰ ਸਾਡੇ ਨਾਲ ਬੈਠੀ ਨਾਰ ਹੋਵੇ।
ਸਾਨੂੰ ਕਹਿੰਦੇ ਦਸਵਾਂ ਦਸੌਂ ਤੁਸੀਂ ਕੱਢੀ ਚੱਲੋ, ਟੈਕਸ ਉਗਰਾਹੁੰਦੀ ਜਿਵੇਂ ਕੋਈ ਸਰਕਾਰ ਹੋਵੇ।
ਅੱਜ ਕੱਲ ਲੋਕ ਉਸ ਬਾਬੇ ਤਾਈਂ ਕਹਿਣ ਵੱਡਾ, ਜਿੰਨੀ ਵੱਡੀ ਅਤੇ ਮਹਿੰਗੀ ਬਾਬੇ ਥੱਲੇ ਕਾਰ ਹੋਵੇ।

——

ਬਟੂਏ ਤੁਹਾਡੇ ਵਿਚ ਜੇ ਨਾ ਹੋਵੇ ਸੌ ਦਾ ਨੋਟ, ਐਂਵੇਂ ਨੋਟ ਹੋਣ ਦਾ ਵੀ ਕਰੀਏ ਬਹਾਨਾ ਨਾ।
ਮੱਲੋ ਮੱਲੀ ਆਪਣੇ ਵਿਚਾਰਾਂ ਤਾਈ ਪੇਸ਼ ਕਰ, ਆਪਣੀ ਸ਼ਕਲ ਹੀ ਬਣਾਈਏ ਮੂਰਖਾਨਾ ਨਾ।
ਆਪਣੀ ਸਿਆਣਪ ਦਾ ਕਰਕੇ ਦਿਖਾਵਾ, ਬਹੁਤ ਬਣ ਸਕੇ ਮੂਰਖ ਕਦੇ ਵੀ ਕੋਈ ਦਾਨਾ ਨਾ।
ਉਸ ਤਾਈਂ ਦੱਸੋ ਮਜ਼ਾ ਸ਼ਾਇਰੀ ਦਾ ਆਊ ਕਿਵੇਂ ਜਿਸਦੀ ਤਬੀਅਤ ਹੀ ਹੋਵੇ ਸ਼ਾਇਰਾਨਾ ਨਾ।

——

ਨਕਸ਼ਾਂ ਦੀ ਨਹੀਂ ਇਤਫ਼ਾਕੀਆ ਸੁਡੌਲਤਾ ਇਹ ਹੁਸਨ ਤਾਂ ਸੰਗ੍ਰਿਹ ਹੈ ਆਦਤਾਂ ਪਿਆਰੀਆਂ ਦਾ।
ਗੋਰੇ ਚਿਹਰੇ , ਸੋਹਣੇ ਲੀੜੇ ਪਾਕੇ ਵਰਗਲਾਉਣ ਏਦਾਂ ਹੁੰਦਾ ਹੈ ਹੁਸਨ ਜਿਵੇਂ ਸੌਦਾ ਵਿਉਪਾਰੀਆਂ ਦਾ।
ਸੋਹਣਾ ਬਣ ਦਿਸਣਾ ਤੇ ਰਹਿਣਾ ਸਜ ਫ਼ਬ ਕੇ, ਇਹ ਮੁੱਢ ਤੋਂ ਹੀ ਸ਼ੌਂਕ ਇਥੇ ਸਾਰੇ ਨਰ ਨਾਰੀਆਂ ਦਾ।
ਸੱਚੇ ਸੁੱਚੇ ਇਸ਼ਕਾਂ ਦੇ ਲੰਘ ਗਏ ਨੇ ਦੌਰ ਯਾਰੋ ਮੰਗਦੇ ਨੇ ਮੁੱਲ ਹੁਣ ਦੇ ਰਾਂਝੇ ਮੱਝਾਂ ਚਾਰੀਆਂ ਦਾ ।

——

ਕੂੜ ਹੈ ਸੁਰਗ, ਕੂੜ ਅਗਲਾ ਜਨਮ ਰੱਬ, ਸੱਚ ਹੈ ਸਿਰਫ ਸਾਹਮਣੇ ਜੋ ਦਿਸੇ ਜੱਗ ਪਿਆਰੇ।
ਸੱਚ ਹੈ ਇਹ ਮੋਹ,ਮਾਤਾ ਪਿਤਾ, ਧੀਆਂ ਪੁੱਤ ਸੱਚ, ਸੱਚ ਹੈ ਜੋ ਬਲ ਰਹੀ ਪੇਟ ਵਿਚ ਅੱਗ ਪਿਆਰੇ।
ਵਿਹਲੜ ਨਿਖੱਟੂ ਜੋ ਡਰਾਵਾ ਦਿੰਦੇ ਨਰਕਾਂ ਦਾ, ਸਾਡੀ ਉਹ ਕਿਰਤ ਨੇ ਡਰਾ ਕੇ ਰਹੇ ਠੱਗ ਪਿਆਰੇ।
ਰਾਹ ’ਚ ਵਿਕਾਸ ਦੇ ਇਹ ਸਾਰੀਆਂ ਰੁਕਾਵਟਾਂ ਨੇ ਕਹਿੰਦੇ ਨੇ ਜੋ ਦੁਨੀਆਂ ਹੈ ਸਾਬਣ ਦੀ ਝੱਗ ਪਿਆਰੇ।
ਕਰਮ ਕਰੋ ਤੇ ਇੱਛਾ ਫਲ਼ ਦੀ ਨਾ ਕਰੋ, ਕਹਿੰਦੇ ਬੱਸ ਬਣੋ ਰਹੋ ਅੰਨ੍ਹੇ ਅਤੇ ਲਾਈਲੱਗ ਪਿਆਰੇ।
ਤੇਰਿਆਂ ਹੱਕਾਂ ’ਤੇ ਡਾਕਾ ਮਾਰੀ ਜਾਂਦੇ ਸਦੀਆਂ ਤੋਂ, ਹੋਕੇ ਸੁਚੇਤ ਸਾਂਭ ਆਪਣੀ ਪੱਗ ਪਿਆਰੇ।

——

ਕਾਮ, ਕਰੋਧ, ਲੋਭ ਸੰਤ ਕਹਿੰਦੇ ਭੈੜਾ, ਬਚੋ ਇਹਤੋਂ, ਕੋਠੀਆਂ ਦੀ ਸ਼ੁਰੂ ਕਰੀ ਰੱਖਦੇ ਤਿਆਰੀ ਏ।
ਲੋਕਾਂ ਤਾਈਂ ਕਹਿੰਦੇ ਮਾਇਆ ਨਾਗਣੀ ਹੈ ਬਚੋ ਇਹਤੋਂ ਆਪ ਪੱਚੀ ਲੱਖ ਵਾਲੀ ਰੱਖਦੇ ਸਵਾਰੀ ਏ।
ਅਸਲ ’ਚ ਸਾਰੇ ਵੋਟ ਬੈਂਕ ਨੇ ਨੇਤਾਵਾਂ ਦੇ ਇਹ ਆਂਵਦੇ ਵਜ਼ੀਰ ਇਹਨਾਂ ਕੋਲ ਵਾਰੋ ਵਾਰੀ ਏ।
ਅੰਧ ਵਿਸ਼ਵਾਸ਼ੀ ਸੀਰੀਅਲ ਨੇ ਦਿਖਾਈ ਜਾਂਦੇ ਕਦੇ ਅਲਫ ਲੈਲਾ ਕਦੇ ਕ੍ਰਿਸ਼ਨ ਮੁਰਾਰੀ ਏ।
ਕੁਝ ਅਣਪੜਤਾ ਨੇ ਕੀਤਾ ਨੁਕਸਾਨ ਸਾਡਾ ਰਹਿੰਦੀ ਖੂੰਹਦੀ ਮੱਤ ਸਾਡੀ ਹਾਕਮਾਂ ਨੇ ਮਾਰੀ ਏ।

* * *

ਸੁਰਗਾਂ ਦੇ ਲਾਰੇ ਲਾਕੇ ਸਾਧ ਅਤੇ ਨੇਤਾ ਗਣ ਭੋਲ਼ੀ ਭਾਲ਼ੀ ਜੰਤਾ ਦਾ ਸ਼ਿਕਾਰ ਕਰੀ ਜਾਂਦੇ ਨੇ।
ਅਗਲੇ ਜਨਮ ਦੇ ਦਿਖਾਕੇ ਇਹ ਸਬਜ਼ਬਾਗ ਸਾਡਾ ਜਨਮ ਹੀ ਖੁਆਰ ਕਰੀ ਜਾਂਦੇ ਨੇ।
ਨੇਤਾ ਨਾਹਰਾ ਲਾਉਂਦੇ ਇਸੇ ਧਰਤੀ ’ਤੇ ਸਵਰਗਾਂ ਦਾ, ਵੋਟਾਂ ਲੈਕੇ ਲੋਕਾਂ ਤੋਂ ਬਹਾਰ ਕਰੀ ਜਾਂਦੇ ਨੇ।
ਸਾਧ ਅਤੇ ਨੇਤਾ ਇਕ ਦੂਸਰੇ ਦੇ ਯਾਰ ਪੱਕੇ, ਇਕ ਦੂਸਰੇ ਦਾ ਪ੍ਰਚਾਰ ਕਰੀ ਜਾਂਦੇ ਨੇ।

**ਅਮਰਜੀਤ ਢਿੱਲੋਂ ਦਬੜ੍ਹੀਖਾਨਾ**, 94171 20427

# ਤਰਕਸ਼ੀਲਾਂ ਦੇ ਮੈਦਾਨ ਵਿੱਚ ਜਦੋਂ ਪਾਖੰਡੀ ਬਾਬਾ ਨਾ ਪਹੁੰਚਿਆ

ਜਿੰਦੀ ਪੇਂਟਰ ਤਰਕਸ਼ੀਲ

6 ਅਕਤੂਬਰ 2013 ਦੀ ਸ਼ਾਮ ਨੂੰ ਮੈਂ ਸੜਕ ਉੱਤੇ ਸੈਰ ਕਰਨ ਜਾ ਰਿਹਾ ਸੀ। ਅੱਗਿਓਂ ਰਸਤੇ ਵਿੱਚ ਮੇਰੇ ਆਪਣੇ ਪਿੰਡ ਬਿਰਕਾਂ ਦਾ ਹੀ ਗੁਆਂਢੀ 'ਭਜਾ' ਸਾਈਕਲ 'ਤੇ ਆਉਂਦਾ ਹੋਇਆ ਮਿਲਿਆ। ਉਸਨੇ ਮੈਨੂੰ ਰੋਕ ਕੇ ਬੇਨਤੀ ਕੀਤੀ ਤੇ ਆਖਿਆ, "ਜਿੰਦੀ! ਮੈਂ ਤੈਨੂੰ ਹੀ ਅੱਜ ਤੇਰੇ ਘਰ ਆ ਕੇ ਮਿਲਣਾ ਚਾਹੁੰਦਾ ਸੀ, ਚੰਗਾ ਹੋਇਆ ਤੂੰ ਮੈਨੂੰ ਅਚਾਨਕ ਰਸਤੇ ਵਿੱਚ ਹੀ ਮਿਲ ਗਿਆ।" ਮੈਂ ਹੈਰਾਨੀ ਨਾਲ ਪੁੱਛਿਆ, "ਕੀ ਹੋ ਗਿਆ, ਸਭ ਠੀਕ-ਠਾਕ ਤਾਂ ਹੈ?" ਉਸਨੇ ਜਵਾਬ ਦਿੱਤਾ, "ਨਹੀਂ! ਯਾਰ ਕੀ ਦੱਸਾਂ ਤੈਨੂੰ, ਇੱਕ ਬਾਬੇ ਨੇ ਮੇਰੇ ਸਹੁਰੇ ਘਰ ਪਿੰਡ 'ਰੀਹਲਾਂ' ਵਿਖੇ ਮੇਰੇ ਸਾਲੇ 'ਜੋਧੇ' ਤੇ ਉਸਦੇ ਕੁਝ ਸਾਥੀਆਂ ਨੂੰ ਚੋਰੀ ਦੇ ਇਲਜਾਮ ਵਿੱਚ ਝੂਠਾ ਹੀ ਫਸਾ ਦਿੱਤਾ।" ਮੈਂ ਫਿਰ ਉਤਸੁਕਤਾ ਨਾਲ ਪੁੱਛਿਆ, "ਉਹ ਕਿਵੇਂ?" ਉਸਨੇ ਵਿਸਥਾਰ ਨਾਲ ਦੱਸਿਆ, "ਹੋਇਆ ਇਸ ਤਰ੍ਹਾਂ ਕਿ ਲਾਗੇ ਪਿੰਡ 'ਢਾਡਾਂ ਕਲਾਂ' ਵਿਖੇ ਕਿਸੇ ਜਿਮੀਂਦਾਰ ਦੇ ਖੇਤਾਂ ਵਿਚੋਂ ਕਿਸੇ ਨੇ ਰਾਤ ਨੂੰ ਚੋਰੀਂ ਪਪੂਲਰ ਦੇ ਕਾਫੀ ਸਾਰੇ ਦਰਖਤ ਵੱਢ ਲਏ ਤੇ ਫਰਾਰ ਹੋ ਗਏ। ਜਿਮੀਂਦਾਰ ਨੇ ਚੋਰਾਂ ਨੂੰ ਲੱਭਣ ਦੀ ਪੂਰੀ ਭਾਲ ਕੀਤੀ ਪਰ ਕੁਝ ਪਤਾ ਨਾ ਲੱਗਿਆ ਅਤੇ ਥੱਕ ਹਾਰ ਕੇ ਉਹ ਪਿੰਡ 'ਚੂਹੜਵਾਲੀ' ਵਿਖੇ ਕਿਸੇ ਪੁੱਛਾਂ ਦੇਣ ਵਾਲੇ ਬਾਬੇ ਕੋਲ, ਚੋਰਾਂ ਬਾਰੇ ਪੁੱਛਣ ਚਲੇ ਗਏ। ਕਹਿੰਦੇ ਉਸ ਬਾਬੇ ਨੇ ਇੱਕ ਛੋਟੇ ਜਿਹੇ ਬੱਚੇ ਦੇ ਅੰਗੂਠੇ ਦੇ ਨਹੁੰ ਵਿੱਚ ਚੋਰਾਂ ਦੀ ਫੋਟੋ, ਚੋਰੀ ਕਰਦਿਆਂ ਦੀ ਸਾਫ ਸਾਫ ਦਿਖਾ ਦਿੱਤੀ। ਜਿਸ ਵਿੱਚ ਜੋਧੇ ਤੇ ਉਸਦੇ ਕੁਝ ਸਾਥੀਆਂ ਦੀਆਂ ਫੋਟੋਆਂ ਸੀ। ਅਗਲੇ ਦਿਨ ਜਿਮੀਂਦਾਰ ਨੇ ਪਿੰਡ ਰੀਹਲਾਂ ਆ ਕੇ ਇਨ੍ਹਾਂ ਨੂੰ ਕੁੱਟਣ ਲਈ ਘੇਰ ਲਿਆ ਤੇ ਕਿਹਾ ਤੁਸੀਂ ਹੀ ਸਾਡੇ ਪਪੂਲਰ ਦੇ ਦਰਖਤ ਚੋਰੀ ਕੱਟੇ ਹਨ। ਭਾਵੇਂ ਜੋਧੇ ਹੁਰਾਂ ਨੇ ਉਨ੍ਹਾਂ ਨੂੰ ਪੂਰਾ ਯਕੀਨ ਦੁਆਇਆ ਕਿ ਉਨ੍ਹਾਂ ਨੇ ਕੋਈ ਚੋਰੀ ਨਹੀਂ ਕੀਤੀ ਤੇ ਨਾ ਹੀ ਉਨ੍ਹਾਂ ਨੂੰ ਇਸ ਬਾਰੇ ਕੁਝ ਪਤਾ ਹੈ। ਪਰ ਜਿਮੀਂਦਾਰ ਉਨ੍ਹਾਂ ਦੀ ਕੋਈ ਗੱਲ ਸੁਣਨ ਲਈ ਤਿਆਰ ਨਹੀਂ ਸਨ ਤੇ ਜਬਰਦਸਤੀ ਲੜਨ ਝਗੜਨ ਲੱਗ ਪਏ। ਬੜੀ ਮੁਸ਼ਕਲ ਨਾਲ ਉਨ੍ਹਾਂ ਨੇ ਉਥੋਂ ਭੱਜ ਕੇ ਆਪਣਾ ਬਚਾਅ ਕੀਤਾ। ਇਸ ਝਗੜੇ ਬਾਰੇ ਉਨ੍ਹਾਂ ਨੇ ਆਪਣੇ ਪਿੰਡ 'ਰੀਹਲਾਂ' ਅਤੇ 10 ਕਿਲੋਮੀਟਰ ਦੂਰ ਜਿਮੀਂਦਾਰ ਦੇ ਪਿੰਡ 'ਢਾਡਾਂ ਕਲਾਂ' ਦੀਆਂ ਦੋਵਾਂ ਪੰਚਾਇਤਾਂ ਕੋਲ ਸ਼ਕਾਇਤ ਕੀਤੀ। ਦੋਵਾਂ ਪੰਚਾਇਤਾਂ ਨੇ 'ਢਾਂਡਾ ਕਲਾਂ' ਵਿਖੇ ਇਕੱਠਿਆਂ ਹੋ ਕੇ ਜਿਮੀਂਦਾਰਾਂ ਨੂੰ ਪੁੱਛਿਆ ਕਿ ਇਸਦਾ ਕੀ 'ਸਬੂਤ' ਹੈ ਕਿ ਚੋਰੀ ਜੋਧੇ ਹੋਰਾਂ ਨੇ ਹੀ ਕੀਤੀ ਹੈ। ਜਿਮੀਂਦਾਰਾਂ ਨੇ ਦੱਸਿਆ ਕਿ ਜਲੰਧਰ ਨੇੜੇ ਪਿੰਡ 'ਚੂਹੜਵਾਲੀ' ਦੇ ਬਾਬੇ ਨੇ ਤਾਂ ਸਾਨੂੰ ਇੱਕ ਬੱਚੇ ਦੇ ਨਹੁੰ ਵਿੱਚ ਇਨ੍ਹਾਂ ਦੀ ਫੋਟੋ, ਚੋਰੀ ਕਰਦਿਆਂ ਦੀ ਸਾਫ ਸਾਫ ਦਿਖਾਈ ਹੈ। ਬਾਬੇ ਨੇ ਇਨ੍ਹਾਂ ਦੀ ਫੋਟੋ ਆਪਣੀ ਦੈਵਿਕ ਸ਼ਕਤੀ ਨਾਲ ਹੀ ਬੱਚੇ ਨੂੰ ਉਸਦੇ ਨਹੁੰ ਵਿੱਚ ਦਿਖਾਈ ਹੈ ਤੇ ਬੱਚੇ ਨੇ ਫੋਟੋ ਦੇਖ ਕੇ ਸਾਨੂੰ ਦੱਸਿਆ ਕਿ ਹੁਣ ਇਹ ਰਾਤ ਨੂੰ ਆਰੀ ਨਾਲ ਦਰਖਤ ਚੀਰ ਰਹੇ ਹਨ ਤੇ ਹੁਣ ਦਰਖਤਾਂ ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਗੱਡੀ ਵਿੱਚ ਲੱਦ ਰਹੇ ਹਨ ਤੇ ਹੁਣ ਗੱਡੀ ਸਟਾਰਟ ਕਰਕੇ ਜਾ ਰਹੇ ਹਨ। ਇਹ ਸਾਰਾ ਦ੍ਰਿਸ਼ ਉਸਨੇ ਨਹੁੰ ਵਿੱਚ ਦੇਖਿਆ ਹੈ।

ਦੋਵਾਂ ਪੰਚਾਇਤਾਂ ਨੇ ਜਿਮੀਂਦਾਰਾਂ ਨੂੰ ਆਖਿਆ ਕਿ ਬਾਬੇ ਨੂੰ ਪੰਚਾਇਤਾਂ ਵਿੱਚ ਬੁਲਾਇਆ ਜਾਵੇ ਤਾਂ ਜੋ ਬੱਚੇ ਦੇ ਨਹੁੰ ਵਿੱਚ ਫੋਟੋ ਦਿਖਾਉਣ ਵਾਲੇ ਚਮਤਕਾਰ ਦੀ ਸੱਚਾਈ ਦਾ ਪਤਾ ਲੱਗ ਸਕੇ। ਉਸੇ ਸਮੇਂ ਜਿਮੀਂਦਾਰਾਂ ਨੇ ਬਾਬੇ ਨੂੰ ਮੋਬਾਇਲ ਫੋਨ ਕਰਕੇ ਆਉਣ ਲਈ ਕਿਹਾ ਪਰ ਬਾਬੇ ਨੇ 'ਜ਼ਰੂਰੀ ਕੰਮ' ਆਖ ਕੇ ਅਗਲੇ ਦਿਨ ਦੁਪਹਿਰ 2 ਵਜੇ ਪੰਚਾਇਤ ਵਿੱਚ ਜ਼ਰੂਰ ਹਾਜ਼ਰ ਹੋਣ ਲਈ ਕਿਹਾ। ਵਾਪਸ ਆ ਕੇ ਪਿੰਡ ਵਾਲਿਆਂ ਨੇ ਜੋਧੇ ਹੁਰਾਂ ਨੂੰ ਸਲਾਹ ਦਿੱਤੀ ਕਿ ਬਾਬੇ ਨੂੰ ਝੂਠਾ ਸਿੱਧ ਕਰਨ ਲਈ 'ਤਰਕਸ਼ੀਲਾਂ' ਨੂੰ ਪੰਚਾਇਤ ਵਿੱਚ ਜ਼ਰੂਰ ਸ਼ਾਮਲ ਕਰ ਲਵੋ। ਇਸ ਲਈ ਹੁਣ ਉਹ ਤਰਕਸ਼ੀਲਾਂ ਦੀ ਭਾਲ ਵਿੱਚ ਹਨ। ਆਪਣੇ ਪਿੰਡ 'ਬਿਰਕਾਂ' ਵਿੱਚ ਤੂੰ ਤਾਂ ਹੀ 'ਤਰਕਸ਼ੀਲ' ਏ। ਸਾਨੂੰ ਪੂਰਾ ਯਕੀਨ ਹੈ ਕਿ ਜੋਧੇ ਹੁਰੀ ਕਦੇ ਵੀ ਅਜਿਹੀ ਚੋਰੀ ਨਹੀਂ ਕਰ ਸਕਦੇ।" ਮੈਂ ਭਜੇ ਨੂੰ ਯਕੀਨ ਦੁਆਇਆ, "ਭਰਾ ਜੀ! ਤੁਸੀਂ ਫਿਕਰ ਨਾ ਕਰੋ, ਪੰਚਾਇਤ ਵਿੱਚ 'ਪਾਖੰਡੀ ਬਾਬੇ' ਨਾਲ ਟੱਕਰ ਲੈਣ ਲਈ ਮੈਂ ਹਰ ਹਾਲਤ ਵਿੱਚ ਤੁਹਾਡੇ ਨਾਲ ਜਾਵਾਂਗਾ।" ਅਗਲੇ ਦਿਨ ਭਜਾ ਮੈਨੂੰ ਸਵੇਰੇ 10 ਵਜ ਲੈਣ ਆ ਗਿਆ। ਅਸੀਂ ਲਗਭਗ 40 ਕਿਲੋਮੀਟਰ ਦਾ ਲੰਮਾ ਸਫਰ ਤੈਅ ਕਰਕੇ, ਇੱਕ ਘੰਟੇ ਬਾਅਦ ਸਕੂਟਰ ਰਾਹੀਂ ਪਿੰਡ 'ਰੀਹਲਾਂ' ਵਿਖੇ ਪਹੁੰਚ ਗਏ। ਘਰ ਦੇ ਅੰਦਰ ਅਤੇ ਬਾਹਰ ਬਹੁਤ ਸਾਰੇ ਪਿੰਡ ਦੇ ਲੋਕ ਆਂਢੀ ਗੁਆਂਢੀ ਤੇ ਰਿਸ਼ਤੇਦਾਰ ਇਕੱਠੇ ਹੋਏ ਸਨ। ਜੋ ਪੰਚਾਇਤ ਵਿੱਚ ਜੋਧੇ ਹੁਣਾਂ ਦਾ ਸਾਥ ਦੇਣ ਲਈ ਤਿਆਰ ਸਨ। ਉਹ ਸਾਰੇ ਤਰਕਸ਼ੀਲਾਂ ਦਾ ਇੰਤਜ਼ਾਰ ਕਰ ਰਹੇ ਸਨ ਤਾਂ ਜੋ ਪਾਖੰਡੀ ਬਾਬੇ ਦੇ ਪਾਖੰਡ ਨੂੰ 'ਨੱਥ' ਪਾਈ ਜਾ ਸਕੇ। ਜੋਧੇ ਨੇ ਮੈਨੂੰ ਤਸੱਲੀਬਖਸ਼ ਯਕੀਨ ਦੁਆਇਆ ਕਿ ਉਹਨਾਂ ਨੇ ਇਹ ਚੋਰੀ ਬਿਲਕੁਲ ਵੀ ਨਹੀਂ ਕੀਤੀ, ਬਾਬੇ ਵਲੋਂ ਲਗਾਇਆ 'ਇਲਜਾਮ' ਪੂਰੀ ਤਰ੍ਹਾਂ ਝੂਠਾ ਤੇ ਬੇਬੁਨਿਆਦ ਹੈ। ਉਸਨੇ ਦੱਸਿਆ ਕਿ ਕੁਝ ਹਰ ਵੀ ਤਰਕਸ਼ੀਲਾਂ ਨਾਲ ਸੰਪਰਕ ਕੀਤਾ ਤੇ ਉਹ ਵੀ ਪੰਚਾਇਤ ਵਿੱਚ ਬਾਬੇ ਦਾ ਚਮਤਕਾਰ ਪਰਖਣ ਲਈ ਆਉਣਗੇ।



ਮੈਂ ਪੁੱਛਿਆ, " ਕੀ ਉਸ ਪਾਖੰਡੀ ਬਾਬੇ ਨੂੰ ਇਹ ਪਤਾ ਹੈ ਕਿ ਪੰਚਾਇਤ (ਮੈਦਾਨ) ਵਿੱਚ ਉਸਦੇ ਖਿਲਾਫ 'ਤਰਕਸ਼ੀਲ'

ਵੀ ਆਉਣਗੇ।" ਜੋਧੇ ਨੇ ਜਵਾਬ ਦਿੱਤਾ, "ਤਰਕਸ਼ੀਲਾਂ ਦੇ ਆਉਣ ਦੀ ਜਾਣਕਾਰੀ ਅਸੀਂ ਜਿਮੀਂਦਾਰਾਂ ਨੂੰ ਦੇ ਦਿੱਤੀ ਅਸੀ ਤੇ ਉਨ੍ਹਾਂ ਨੇ ਅੱਗਿਓਂ 'ਤਰਕਸ਼ੀਲਾਂ' ਬਾਰੇ ਬਾਬੇ ਨੂੰ ਵੀ ਦੱਸ ਦਿੱਤਾ ਸੀ। ਇਸ ਲਈ ਇਹ ਬਾਬਾ ਚੰਗੀ ਤਰ੍ਹਾਂ ਜਾਣਦਾ ਹੈ ਕਿ ਪੰਚਾਇਤ ਵਿੱਚ ਉਸ ਨਾਲ 'ਟੱਕਰ' ਲੈਣ ਲਈ 'ਤਰਕਸ਼ੀਲ' ਵੀ ਆ ਰਹੇ ਹਨ। ਇਸ ਟੱਕਰ ਲਈ ਬਾਬਾ ਵੀ ਪੂਰੀ ਤਰ੍ਹਾਂ ਤਿਆਰ ਹੈ ਤੇ ਉਸਨੇ ਆਖਿਆ ਹੈ ਕਿ ਉਹ ਵੀ ਜ਼ਰੂਰ 'ਮੈਦਾਨ' ਵਿੱਚ ਆਵੇਗਾ।" ਮੈਂ ਪੂਰੇ ਯਕੀਨ ਨਾਲ ਆਖਿਆ, "ਭਾਵੇਂ ਉਸ ਪਾਖੰਡੀ ਬਾਬੇ ਨੇ ਮੈਦਾਨ ਵਿੱਚ ਪਹੁੰਚਣ ਦੀ ਸਹਿਮਤੀ ਪ੍ਰਗਟ ਕੀਤੀ ਹੈ ਪਰ ਮੈਨੂੰ ਪੂਰਾ ਯਕੀਨ ਹੈ ਕਿ ਉਹ ਧੋਖੇਬਾਜ਼ ਤੇ ਬੇਈਮਾਨ 'ਪਾਖੰਡੀ ਬਾਬਾ' ਬਿਲਕੁਲ ਵੀ ਨਹੀਂ ਆਵੇਗਾ।" ਚਾਹ ਪਾਣੀ ਪੀਣ ਤੋਂ ਬਾਅਦ ਪਿੰਡ ਦੀ ਪੰਚਾਇਤ ਤੇ ਬਾਕੀ ਇਕੱਠੇ ਹੋਏ ਲੋਕਾਂ ਸਮੇਤ ਮੈਨੂੰ ਗੱਡੀ ਵਿੱਚ ਬੈਠਾਕੇ ਜਿਮੀਂਦਾਰਾਂ ਦੇ ਪਿੰਡ 'ਢਾਡਾਂ ਕਲਾਂ' ਲੈ ਗਏ। ਜਿੱਥੇ ਬਾਬੇ ਨੇ ਵੀ 2 ਵਜੇ ਆਪਣੇ ਵਾਅਦੇ ਅਨੁਸਾਰ ਪਹੁੰਚਣਾ ਸੀ। ਉਧਰੋਂ ਉਸ ਪਿੰਡ ਦੀ ਪੰਚਾਇਤ ਅਤੇ ਬਹੁਤ ਸਾਰੇ ਲੋਕ ਵੀ ਇਕੱਠੇ ਹੋ ਗਏ ਤੇ ਚੌਂਕ ਵਿੱਚ ਬੋਹੜ ਦੀ ਛਾਵੇਂ ਥੜੇ ਉੱਪਰ ਬੈਠ ਕੇ ਬਾਬੇ ਦੇ ਆਉਣ ਦਾ ਇੰਤਜ਼ਾਰ ਕਰਨ ਲੱਗੇ। ਏਨੇ ਨੂੰ ਕੁਝ ਹੋਰ 'ਤਕਰਸ਼ੀਲ' ਵੀ ਕਾਰ ਵਿੱਚ ਸਵਾਰ ਹੋ ਕੇ ਪਾਖੰਡੀ ਬਾਬੇ ਦੇ ਪਾਖੰਡ ਨੂੰ ਨੰਗਾ ਕਰਨ ਲਈ 'ਮੈਦਾਨ' ਵਿੱਚ ਉਤਰ ਕੇ ਗਰਜਣ ਲੱਗ ਪਏ। ਜਿਸ ਵਿੱਚ ਜੋਨ ਦੇ ਆਗੂ ਸ੍ਰੀ ਮੁਕੰਦ ਲਾਲ ਤਰਕਸ਼ੀਲ (ਨਵਾਂ ਸ਼ਹਿਰ), ਸ੍ਰੀ ਸੁਖਵਿੰਦਰ ਗੋਗਾ ਤਰਕਸ਼ੀਲ (ਬੰਗਾ), ਮਾਸਟਰ ਜਗਦੀਸ਼ (ਨਵਾਂ ਸ਼ਹਿਰ), ਮਾਸਟਰ ਤੀਰਥ ਪ੍ਰਧਾਨ, ਤਕਰਸ਼ੀਲ ਸੁਸਾਇਟੀ (ਬੰਗਾ), ਮਾਸਟਰ ਕੁਲਵਿੰਦਰ ਖਟਕੜ (ਬੰਗਾ) ਸ਼ਾਮਲ ਹੋਏ। ਆਲੇ-ਦੁਆਲੇ ਦੇ ਲੋਕਾਂ ਦਾ ਭਾਰੀ ਇਕੱਠ ਲਗਾਤਾਰ ਜਮ੍ਹਾਂ ਹੋ ਰਿਹਾ ਸੀ। ਲਗਭਗ 300 ਦੇ ਕਰੀਬ ਲੋਕ ਤਰਕਸ਼ੀਲਾਂ ਦਾ ਬਾਬੇ ਨਾਲ ਹੋਣ ਵਾਲਾ ਗੈਬੀ-ਸ਼ਕਤੀਆਂ ਦੇ ਚਮਤਕਾਰੀ ਯੁੱਧ ਨੂੰ ਦੇਖਣ ਲਈ ਉਤਸੁਕ ਸਨ। ਭਾਵੇਂ ਅਸੀਂ ਸਾਰੇ ਤਰਕਸ਼ੀਲ ਸਮੇਂ ਅਨੁਸਾਰ ਮੈਦਾਨ (ਪੰਚਾਇਤ) ਵਿੱਚ ਪਹੁੰਚ ਗਏ ਸੀ ਤੇ ਸ੍ਰੀ ਪਾਖੰਡੀ ਬਾਬਾ ਮਹਾਰਾਜ ਜੀ ਦੇ ਆਉਣ ਨੂੰ ਉਡੀਕ ਰਹੇ ਸੀ ਤਾਂ ਜੋ ਸ੍ਰੀ ਪਾਖੰਡੀ ਮਹਾਰਾਜ ਦੇ ਮੈਦਾਨ ਵਿੱਚ ਆ ਕੇ ਤਰਕਸ਼ੀਲਾਂ ਨੂੰ ਬੱਚੇ ਦੇ ਨਹੁੰ ਵਿਚ ਫੋਟੋ ਦਿਖਾਉਣ ਵਾਲਾ 'ਚਮਤਕਾਰ' ਦਿਖਾ ਕੇ ਸੱਚਾਈ ਸਿੱਧ ਕਰ ਸਕੀਏ। ਬਾਬੇ ਦੇ ਪਹੁੰਚਣ ਦਾ ਸਮਾਂ ਬੀਤ ਚੁੱਕਾ ਸੀ ਤੇ ਅਸੀਂ ਬੇਸਬਰੀ ਨਾਲ ਉਸਦਾ ਇੰਤਜ਼ਾਰ ਕਰ ਰਹੇ ਸੀ। ਪਰ ਪਾਖੰਡੀ ਦੇ ਆਉਣ ਦਾ ਕੁਝ ਪਤਾ ਨਹੀਂ ਸੀ ਲੱਗ ਰਿਹਾ।

ਬਾਬੇ ਨੂੰ ਪੰਚਾਇਤ ਵਿੱਚ ਪਹੁੰਚਣ ਲਈ ਜਿਮੀਂਦਾਰਾਂ ਵੱਲੋਂ ਫੋਨ ਕਰਵਾਇਆ ਗਿਆ। ਬਾਬਾ ਅੱਗਿਓਂ ਤਰਕਸ਼ੀਲਾਂ ਦਾ ਸਾਹਮਣਾ ਕਰਨ ਤੋਂ ਡਰਦਾ ਹੋਇਆ 'ਮੈਦਾਨ' ਵਿੱਚ ਪਹੁੰਚਣ ਤੋਂ ਲਗਾਤਾਰ ਟਾਲ-ਮਟੋਲ ਕਰੀ ਜਾ ਰਿਹਾ ਸੀ। ਅਸੀਂ ਇਹ ਵੀ ਆਖਿਆ ਕਿ ਜੇਕਰ ਬਾਬੇ ਕੋਲ ਆਉਣ ਲਈ ਕੋਈ ਸਾਧਨ ਨਹੀਂ ਤਾਂ ਉਸਨੂੰ ਤਰਕਸ਼ੀਲਾਂ ਦੀ ਕਾਰ ਵਿੱਚ ਆਦਰ ਸਹਿਤ ਬੈਠਾ ਕੇ ਮੈਦਾਨ ਵਿੱਚ ਲਿਆਉਣ ਲਈ ਵੀ ਤਿਆਰ ਹਾਂ ਤਾਂ ਜੋ ਉਸ ਵੱਲੋਂ ਕੀਤੇ ਜਾਣ ਵਾਲੇ ਚਮਤਕਾਰ ਨੂੰ ਨਮਸਕਾਰ ਕੀਤਾ ਜਾ ਸਕੇ, ਪਰ ਬਾਬੇ ਨੇ ਪੰਚਾਇਤ (ਮੈਦਾਨ) ਵਿੱਚ ਆਉਣ ਤੋਂ ਸਾਫ ਇਨਕਾਰ ਕਰ ਦਿੱਤਾ। ਪਾਖੰਡੀ ਨੇ ਇਹ ਆਖ ਕੇ ਪਿੱਛਾ ਛੁਡਵਾਇਆ ਕਿ ਅੱਜ ਫਿਰ ਉਸ ਕੋਲ ਟਾਈਮ ਨਹੀਂ ਹੈ ਤੇ ਉਹ ਤਰਕਸ਼ੀਲਾਂ ਨਾਲ ਟੱਕਰ ਲੈਣ ਲਈ ਕੱਲ੍ਹ 2 ਵਜੇ ਜ਼ਰੂਰ ਪਹੁੰਚੇਗਾ। ਅਸੀਂ ਝੱਟ ਹੀ ਸਮਝ ਗਏ ਕਿ ਪਾਖੰਡੀ ਮਹਾਰਾਜ ਹੁਣ ਡਰਦਾ ਹੋਇਆ 'ਮੈਦਾਨ' ਛੱਡ ਕੇ ਭੱਜਣਾ ਚਾਹੁੰਦਾ ਹੈ। ਦੋਵਾਂ ਪਿੰਡਾਂ ਦੀਆਂ ਪੰਚਾਇਤਾਂ ਨੇ ਜਿਮੀਂਦਾਰਾਂ ਨੂੰ ਆਖਿਆ, "ਤੁਹਾਡੇ ਬਾਬਾ ਜੀ ਤਾਂ ਹੁਣ ਤਰਕਸ਼ੀਲਾਂ ਨਾਲ ਟੱਕਰ ਲੈਣ ਲਈ ਪੰਚਾਇਤ (ਮੈਦਾਨ) ਵਿੱਚ ਆਉਣ ਤੋਂ ਮੁਕਰ ਰਹੇ ਹਨ।" ਇਹ ਸੁਣ ਕੇ ਜਿਮੀਂਦਾਰ ਆਪਣੇ ਬਾਬੇ ਦੇ ਨਾ ਪਹੁੰਚਣ 'ਤੇ ਸ਼ਰਮਿੰਦਾ ਹੋਣ ਦੀ ਬਜਾਏ, ਉਹ ਪੰਚਾਇਤ ਸਮੇਤ ਤਰਕਸ਼ੀਲਾਂ ਨਾਲ ਲੜਨ ਝਗੜਨ 'ਤੇ ਉਤਰ ਆਏ। ਤਰਕਸ਼ੀਲ ਸਾਥੀ ਮੁਕੰਦ ਲਾਲ ਜੀ ਨੇ ਜਿਮੀਂਦਾਰਾਂ ਨੂੰ ਸ਼ਾਂਤ ਕਰਾ ਕੇ ਇਸ ਕੱਲ ਦਾ ਵਾਅਦਾ ਕੀਤਾ, "ਜੇਕਰ ਬਾਬਾ ਮੈਦਾਨ ਵਿੱਚ ਆ ਕੇ ਚਮਤਕਾਰ ਦਿਖਾ ਦੇਵੇ ਤਾਂ ਉਸਨੂੰ ਸੁਸਾਇਟੀ ਵੱਲੋਂ ਇੱਕ ਕਰੋੜ ਰੁਪਏ ਦਾ ਇਨਾਮ ਦਿੱਤਾ ਜਾਵੇਗਾ।" ਇਸ ਗੱਲ ਵਿੱਚ ਹੋਰ ਵਾਧਾ ਕਰਦਿਆਂ ਮੈਂ ਆਖਿਆ, "ਜੇਕਰ ਬਾਬਾ ਆ ਕੇ ਮੇਰੇ ਹੱਥ ਦੀ ਬੰਦ ਮੁੱਠੀ ਵਿੱਚ ਆਪਣੇ ਚਮਤਕਾਰ ਰਾਹੀਂ ਬੱਚੇ ਦੇ ਨਹੁੰ ਵਿੱਚ ਦਿਖਾ ਕੇ ਇਹ ਦੱਸ ਦੇਵੇ ਕਿ ਇਸ ਵਿੱਚ ਉਹ ਕਿਹੜੀ ਚੀਜ਼ ਬੰਦ ਹੈ ਤਾਂ ਮੈਂ ਉਸ ਸਮੇਂ 50 ਹਜ਼ਾਰ ਰੁਪਏ ਦਾ ਇਨਾਮ ਬਿਨਾਂ ਕਿਸੇ ਰੋਕ-ਟੋਕ ਤੋਂ ਦੇ ਦੇਵਾਂਗਾ ਤੇ ਨਾਲ ਹੀ ਆਪਣੇ ਤਰਕਸ਼ੀਲ ਅਤੇ ਵਿਗਿਆਨਕ ਵਿਚਾਰ ਵੀ ਤਿਆਗ ਦੇਵਾਂਗਾ। ਜੇਕਰ ਬਾਬਾ ਸੱਚਮੁੱਚ ਹੀ ਚਮਤਕਾਰੀ ਹੈ ਤਾਂ ਉਸਨੂੰ ਮੈਦਾਨ ਵਿੱਚ ਜ਼ਰੂਰ ਪਹੁੰਚਣਾ ਚਾਹੀਦਾ ਹੈ।"

ਜਿਮੀਂਦਾਰਾਂ ਨੇ ਆਖਿਆ, "ਸੱਚਮੁੱਚ ਹੀ ਬਾਬਾ ਜੀ ਨੂੰ ਅੱਜ ਫਿਰ ਕੋਈ ਜ਼ਰੂਰੀ ਕੰਮ ਪੈ ਗਿਆ ਹੋਵੇਗਾ। ਉਹ ਇਸ ਤਰ੍ਹਾਂ ਮੈਦਾਨ ਛੱਡ ਕੇ ਭੱਜਣ ਵਾਲੇ ਨਹੀਂ। ਤੁਸੀਂ ਬਾਬੇ ਦੇ ਕਹੇ ਅਨੁਸਾਰ ਕੱਲ੍ਹ ਫਿਰ ਆ ਜਾਣਾ। ਸਾਨੂੰ ਪੂਰੀ ਉਮੀਦ ਹੈ ਕਿ ਬਾਬਾ ਜੀ ਜ਼ਰੂਰ ਆਉਣਗੇ ਅਤੇ ਚਮਤਕਾਰ ਵੀ ਦਿਖਾਉਣਗੇ।" ਪੰਚਾਇਤ ਨੇ ਸਾਨੂੰ ਤਰਕਸ਼ੀਲਾਂ ਨੂੰ ਕੱਲ੍ਹ ਫਿਰ 2 ਵਜੇ ਪੰਚਾਇਤ (ਮੈਦਾਨ) ਵਿੱਚ ਆਉਣ ਲਈ ਬੇਨਤੀ ਕੀਤੀ। ਅਸੀਂ ਯਕੀਨ ਦੁਆਇਆ ਕਿ ਤਰਕਸ਼ੀਲ ਤਾਂ ਹਰ ਹਾਲਤ ਵਿੱਚ ਅਜਿਹੇ ਪਾਖੰਡੀ ਬਾਬਿਆਂ, ਸਾਧੂਆਂ, ਸੰਤਾਂ, ਜੋਤਸ਼ੀਆਂ, ਪੁਜਾਰੀਆਂ ਤੇ ਪਾਦਰੀਆਂ ਆਦਿ ਦੇ ਚਮਤਕਾਰ ਵਾਲੇ ਪਾਖੰਡ ਨੂੰ 'ਨੱਥ' ਪਾਉਣ ਲਈ ਤਿਆਰ ਰਹਿੰਦੇ ਹਾਂ। ਮੈਂ ਬੇਨਤੀ ਸਹਿਤ ਆਖਿਆ, "ਅਸੀਂ ਤਾਂ ਜ਼ਰੂਰ ਪਹੁੰਚ ਜਾਵਾਂਗੇ ਪਰ ਇਸ ਪਾਖੰਡੀ ਬਾਬੇ ਨੂੰ ਪਹੁੰਚਣ ਲਈ 'ਪੱਕਾ' ਕਰ ਲਓ। ਕਿਤੇ ਅੱਜ ਵਾਂਗ ਹੀ ਕੱਲ ਨੂੰ ਵੀ 'ਬਹਾਨੇ' ਨਾ ਬਣਾਵੇ।" ਜਿਮੀਂਦਾਰਾਂ ਨੇ ਯਕੀਨ ਨਾਲ ਆਖਿਆ, "ਕੱਲ੍ਹ ਅਜਿਹਾ ਨਹੀਂ ਹੋਵੇਗਾ।" ਅਸੀਂ ਵਾਪਸ ਆਪਣੇ ਘਰਾਂ ਨੂੰ ਪਰਤ ਆਏ।

ਅਗਲੇ ਦਿਨ ਫਿਰ ਮੈਂ ਤੇ ਭਜਾ ਆਪਣੇ ਪਿੰਡ 'ਬਿਰਕ' ਤੋਂ ਸਕੂਟਰ ਰਾਹੀਂ ਪੰਚਾਇਤ (ਮੈਦਾਨ) ਵਿੱਚ ਸ਼ਾਮਲ ਹੋ ਗਏ ਤੇ ਬਾਕੀ ਤਰਕਸ਼ੀਲ ਸਾਥੀ ਵੀ ਸਮੇਂ ਅਨੁਸਾਰ ਮੈਦਾਨ ਵਿੱਚ ਪਹੁੰਚ ਗਏ। ਅੱਜ ਫਿਰ ਜਿਮੀਂਦਾਰਾਂ ਦੇ ਪਿੰਡ 'ਢਾਡਾਂ ਕਲਾਂ' ਵਿਖੇ ਪਾਖੰਡੀ ਬਾਬੇ ਦੇ ਪਹੁੰਚਣ ਦਾ ਇੰਤਜ਼ਾਰ ਹੋ ਰਿਹਾ ਸੀ ਤੇ ਬਹੁਤ ਸਾਰੇ ਲੋਕ ਤਰਕਸ਼ੀਲਾਂ ਸਾਹਮਣੇ ਬਾਬੇ ਦੇ ਚਮਤਕਾਰੀ ਜੌਹਰ ਦੇਖਣ ਲਈ ਉਤਸੁਕ ਸਨ। ਇੰਤਜ਼ਾਰ ਵਿੱਚ ਬਾਬੇ ਦੇ ਪਹੁੰਚਣ ਦਾ ਸਮਾਂ ਅੱਜ ਵੀ ਬੀਤ ਚੁੱਕਾ ਸੀ ਅਤੇ ਪੰਚਾਇਤ ਵਿੱਚ ਨਾ ਹੀ ਜਿਮੀਂਦਾਰ ਪਹੁੰਚੇ ਸੀ ਤੇ ਨਾ ਹੀ ਉਨ੍ਹਾਂ ਦਾ ਸ੍ਰੀਮਾਨ ਪਾਖੰਡੀ ਮਹਾਰਾਜ ਜੀ। ਜਿਮੀਂਦਾਰਾਂ ਦੇ ਘਰ ਸੁਨੇਹਾ ਭੇਜਿਆ ਕਿ ਪੰਚਾਇਤ ਵਿੱਚ ਆ ਕੇ 'ਜਵਾਬ' ਦੇਵੋ। ਪਰ ਸਾਡੇ ਵੱਲੋਂ ਪੂਰੀ ਕੋਸ਼ਿਸ਼ ਕਰਨ 'ਤੇ ਵੀ ਨਾ ਹੀ ਜਿਮੀਂਦਾਰ ਘਰੋਂ ਬਾਹਰ ਆਏ ਅਤੇ ਨਾ ਹੀ ਪਿੰਡ 'ਚੂਹੜਵਾਲੀ' ਦਾ ਪਾਖੰਡੀ ਬਾਬਾ ਮੈਦਾਨ ਵਿੱਚ ਆਇਆ। ਭਾਵੇਂ ਦੋਵਾਂ ਪਿੰਡਾਂ ਦੀਆਂ ਪੰਚਾਇਤਾਂ ਨੇ ਬਾਬੇ ਨੂੰ ਫੋਨ ਕਰਕੇ ਆਉਣ ਲਈ ਆਖਿਆ, "ਸ੍ਰੀਮਾਨ ਜੀ ! ਤਰਕਸ਼ੀਲ ਤੁਹਾਡਾ ਚਮਤਕਾਰ ਦੇਖਣ ਲਈ ਮੈਦਾਨ ਵਿੱਚ 'ਗਰਜ' ਰਹੇ ਹਨ ਪਰ ਤੁਸੀਂ ਟਾਲ-ਮਟੋਲ ਕਰਕੇ ਬਚ ਰਹੇ ਹੋ।" ਅੱਗਿਓਂ ਪਾਖੰਡੀ ਬਾਬੇ ਨੇ ਆਖਿਆ, "ਮੈਨੂੰ ਕੋਈ ਲੋੜ ਨਹੀਂ ਹੈ ਤਰਕਸ਼ੀਲਾਂ ਕੋਲ ਆਉਣ ਦੀ, ਜੇਕਰ ਇਨ੍ਹਾਂ ਨੂੰ ਲੋੜ ਹੈ ਤਾਂ ਮੇਰੇ ਪਿੰਡ ਆ ਜਾਣ ਤੇ ਚਮਤਕਾਰ ਦੇਖ ਲੈਣ, ਜ਼ਰੂਰ ਦਿਖਾ ਦੇਵਾਂਗਾ।" ਇਹ ਆਖ ਕੇ ਬਾਬੇ ਨੇ ਫੋਨ ਕੱਟ ਦਿੱਤਾ। ਇਸ ਤੋਂ ਬਾਅਦ ਕਈ ਵਾਰ ਬਾਬੇ ਨੂੰ ਫੋਨ ਕੀਤਾ, ਲਗਾਤਾਰ ਰਿੰਗ ਵੱਜਣ 'ਤੇ ਵੀ ਉਸਨੇ ਮੋਬਾਇਲ ਫੋਨ ਨਾ ਸੁਣਿਆ, ਅੰਤ ਹਾਰ ਕੇ ਉਸ ਮੋਬਾਇਲ ਬੰਦ ਕਰਕੇ ਰੱਖ ਦਿੱਤਾ।

ਲੋਕਾਂ ਦਾ ਭਾਰੀ ਇਕੱਠ ਜਮ੍ਹਾਂ ਸੀ, ਉਨ੍ਹਾਂ ਦੀ ਉਤਸੁਕਤਾ ਬਾਬੇ ਦਾ ਚਮਤਕਾਰ ਦੇਖਣ ਵਿੱਚ ਸੀ। ਉਨ੍ਹਾਂ ਦੀ ਉਤਸੁਕਤਾ ਨੂੰ ਪੂਰਾ ਕਰਨ ਲਈ ਤਰਕਸ਼ੀਲ ਸਾਥੀ ਮੁਕੰਦ ਲਾਲ ਨੇ ਜਾਦੂ ਟਰਿਕ ਦਿਖਾ ਕੇ ਲੋਕਾਂ ਦਾ ਮਨੋਰੰਜਨ ਕੀਤਾ ਤੇ ਅਜਿਹੇ ਪਾਖੰਡੀ ਬਾਬਿਆਂ ਦੀਆਂ ਚਲਾਕੀਆਂ ਤੇ ਕਾਲੀਆਂ ਕਰਤੂਤਾਂ ਬਾਰੇ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਇਹ ਪਾਖੰਡੀ ਬਾਬੇ ਤੇ ਸਾਧ-ਸੰਤ ਭੋਲੇ-ਭਾਲੇ, ਵਹਿਮੀ ਤੇ ਅੰਧ ਵਿਸ਼ਵਾਸੀ ਲੋਕਾਂ ਦੀ ਮੂਰਖਤਾ ਦਾ ਫਾਇਦਾ ਉਠਾ ਕੇ ਇੱਕ ਦੂਜੇ ਨਾਲ ਆਪਸ ਵਿੱਚ ਲੜਾ ਦਿੰਦੇ ਹਨ, ਜਿਵੇਂ ਇਨ੍ਹਾਂ ਦੋਵਾਂ ਪਿੰਡਾਂ ਨੂੰ ਆਪਸ ਵਿੱਚ ਲੜਾਇਆ ਹੈ ਤੇ ਆਪ ਇਹ ਪਾਖੰਡੀ ਲੁਕ-ਛਿਪ ਕੇ ਘਰ ਦੇ ਅੰਦਰ ਬੈਠ ਕੇ ਹੀ ਤਮਾਸ਼ਾ ਦੇਖਦੇ ਰਹਿੰਦੇ ਹਨ। ਜਦੋਂ ਤਰਕਸ਼ੀਲ ਸਾਥੀ ਇਹ ਵਧੀਆ ਜਾਣਕਾਰੀ ਦੇ ਰਿਹਾ ਸੀ ਤਾਂ ਇੱਕ ਵਹਿਮੀ ਤੇ ਅੰਧ ਵਿਸ਼ਵਾਸੀ ਬਜ਼ੁਰਗ ਵਿਅਕਤੀ ਆਪਣੀ ਮੂਰਖਤਾ ਕਾਰਨ ਉਸ ਨਾਲ ਬੇਵਜਾ ਹੀ ਲੜਨ ਝਗੜਨ ਤੇ ਬਹਿਸ ਕਰਨ ਲੱਗ ਪਿਆ ਸੀ। ਗੱਲ ਨੂੰ ਅੱਗੇ ਵਧਣ ਤੋਂ ਰੋਕਣ ਲਈ ਅਸੀਂ ਚੁੱਪ ਕਰਕੇ ਵਾਪਸ ਅ ਗਏ। ਜੋਧੇ ਤੇ ਉਸਦੇ ਸਾਥੀਆਂ ਨੂੰ ਅਸੀਂ ਸਲਾਹ ਦਿੱਤੀ ਕਿ ਜਿਮੀਂਦਾਰਾਂ ਵੱਲੋਂ ਹੋਣ ਵਾਲੇ ਦੁਬਾਰਾ ਲੜਾਈ ਝਗੜੇ ਨੂੰ ਰੋਕਣ ਲਈ, ਚੱਲੋ ਪੁਲਸ ਕੋਲ ਸ਼ਿਕਾਇਤ ਲਿਖਵਾ ਆਈਏ। ਜਦੋਂ ਪੁਲਸ ਚੌਂਕੀ (ਕੋਟ ਫਤੂਹੀ) ਗਏ ਤਾਂ ਪੁਲਸ ਅਫਸਰ, ਬਾਬੇ ਦੇ ਫੋਟੋ ਵਾਲੇ ਚਮਤਕਾਰ ਨੂੰ ਸੁਣ ਕੇ ਆਖਣ ਲੱਗਾ, "ਸੱਚਮੁੱਚ ਹੀ ਅਜਿਹੇ ਚਮਤਕਾਰੀ ਬਾਬੇ ਦੁਨੀਆਂ ਵਿੱਚ ਹੁੰਦੇ ਹਨ ਜੋ ਬੱਚੇ ਦੇ ਨਹੁੰ ਵਿੱਚ ਫੋਟੋ ਦਿਖਾ ਸਕਦੇ ਹਨ। ਇਕ ਵਾਰੀ ਮੇਰਾ ਮੋਬਾਇਲ ਗੁੰਮ ਹੋ ਗਿਆ ਤਾਂ ਇੱਕ ਚਮਤਕਾਰੀ ਬਾਬੇ ਨੇ ਬੱਚੇ ਦੇ ਨਹੁੰ ਵਿੱਚ ਫੋਟੋ ਦਿਖਾ ਕੇ ਲੱਭ ਦਿੱਤਾ ਸੀ।" ਜਦੋਂ ਅਸੀਂ ਪੁਲਸ ਅਫਸਰ ਦੇ ਇਹ ਮੂਰਖਤਾ ਭਰੇ ਵਿਚਾਰ ਸੁਣੇ ਤਾਂ ਇੱਕ ਸਾਥੀ ਬੋਲਿਆ, "ਇੱਥੇ ਤਾਂ ਵਹਿਮੀ ਤੇ ਅੰਧਵਿਸ਼ਵਾਸੀ ਮੂਰਖਾਂ ਦਾ ਆਵਾ ਈ ਊਤਿਆ ਪਿਆ ਹੈ। 'ਅੰਧੇਰ ਨਗਰੀ ਦਾ ਚੌਪਟ ਰਾਜਾਵਾਲੀ ਕਹਾਵਤ ਇਨ੍ਹਾਂ ਪੁਲਸ ਵਾਲਿਆਂ ਉਪਰ ਪੂਰੀ ਤਰ੍ਹਾਂ ਢੁੱਕਦੀ ਹੈ।" ਜੇਕਰ ਸੱਚਮੁੱਚ ਹੀ ਅਜਿਹੇ ਚਮਤਕਾਰ ਹੋਣ ਤਾਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਪੁਲਸ ਵਾਲਿਆਂ ਦੀ ਥਾਂ ਬਾਬਿਆਂ ਨੂੰ ਹੀ ਭਰਤੀ ਕਰ ਲੈਣ।

ਮੈਂ ਤੇ ਭਜਾ ਵਾਪਸ ਜੋਧੇ ਦੇ ਘਰ ਆ ਗਏ। ਸੁਆਦੀ ਭੋਜਨ ਖਾਣ ਤੋਂ ਬਾਅਦ ਮੈਂ ਉਨ੍ਹਾਂ ਨੂੰ ਕੁਝ ਹੋਰ ਜਾਦੂ ਦੇ ਟਰਿੱਕ ਦਿਖਾਏ ਤੇ ਇਸ ਵਿੱਚ ਵਰਤੀ ਜਾਂਦੀ ਚਲਾਕੀ ਬਾਰੇ ਵੀ ਦੱਸਿਆ। ਉਹ ਬਹੁਤ ਖੁਸ਼ ਤੇ ਹੈਰਾਨ ਹੋਏ। ਪਾਖੰਡੀ ਬਾਬੇ ਦੁਆਰਾ ਬੱਚੇ ਦੇ ਨਹੁੰ ਵਿਚ ਫੋਟੋ ਦਿਖਾਉਣ ਬਾਰੇ ਮੈਂ 'ਮਨੋਵਿਗਿਆਨਕ' ਜਾਣਕਾਰੀ ਦਿੰਦਿਆਂ ਦੱਸਿਆ, "ਅਜਿਹੇ ਪਾਖੰਡੀ ਬਾਬੇ ਤੇ ਸਾਧੂ, ਸੰਤ ਇੱਕ ਛੋਟੇ ਬੱਚੇ ਦੇ ਨਹੁੰ ਉਪਰ ਕਾਲਕ ਤੇ ਸਰੋਂ ਦਾ ਤੇਲ ਲਗਾ ਕੇ ਇਕੋ ਨਜ਼ਰ ਟਿਕ ਟਿਕੀ ਲਗਾ ਕੇ ਦੇਖਦੇ ਰਹਿਣ ਲਈ ਆਖਦੇ ਹਨ। ਜਦੋਂ ਬੱਚਾ ਲਗਾਤਾਰ ਨਹੁੰ ਵੱਲ ਦੇਖ ਰਿਹਾ ਹੁੰਦਾ ਹੈ ਤਾਂ ਬਾਬਾ ਆਪਣੀਆਂ ਹੀ ਮਨਘੜਤ ਤੇ ਕਲਪਨਿਕ ਗੱਲਾਂ ਬੱਚੇ ਨੂੰ ਦੱਸ ਕੇ ਉਸ ਦੇ ਕੰਨਾਂ ਵਿੱਚ ਭਰਦਾ ਰਹਿੰਦਾ ਹੈ। ਬੱਚੇ ਵੱਲੋਂ ਲਗਾਤਾਰ ਨਹੁੰ ਵੱਲ ਦੇਖਦੇ ਰਹਿਣ ਨਾਲ ਉਸਦੀ ਅੱਖ ਦੀ ਉਹ ਨਾੜੀ ਥੱਕ ਜਾਂਦੀ ਹੈ ਜੋ ਦੇਖਣ ਨਾਲ ਪ੍ਰਾਪਤ ਹੋਈ ਜਾਣਕਾਰੀ ਦਿਮਾਗ ਨੂੰ ਭੇਜਦੀ ਹੈ। ਨਾੜੀ ਥੱਕੀ ਹੋਈ ਹੋਣ ਕਰਕੇ ਅਜਿਹਾ ਨਹੀਂ ਕਰ ਸਕਦੀ ਤੇ ਬਾਬੇ ਦੁਆਰਾ ਕੰਨਾਂ ਵਿੱਚ ਭਰੀਆਂ ਹੋਈਆਂ ਮਨਘੜਤ ਗੱਲਾਂ ਦਿਮਾਗ ਵਿੱਚ ਭਰ ਦਿੱਤੀਆਂ ਜਾਂਦੀਆਂ ਹਨੇ ਉਸੇ ਤਰ੍ਹਾਂ ਦਾ ਹੀ ਦ੍ਰਿਸ਼ ਨਹੁੰ ਉੱਪਰ 'ਸੱਚੇ ਵਿਸ਼ਵਾਸ' ਕਰਕੇ ਹੁੰਦਾ ਹੈ ਤੇ ਬੱਚਾ ਉਹੀ ਕੁਝ ਆਖਣ ਲੱਗਦਾ ਹੈ। 'ਮਨੋ ਵਿਗਿਆਨ' ਅਨੁਸਾਰ ਇਹ ਬੱਚੇ ਦੇ 'ਮਨੋਭਰਮ' ਦੁਆਰਾ ਪੈਦਾ ਹੋਇਆ ਦ੍ਰਿਸ਼ਟੀ ਭਰਮ' (ਨਜ਼ਰ ਦਾ ਭੁਲੇਖਾ) ਹੀ ਹੁੰਦਾ ਹੈ। ਮਨੋਵਿਗਿਆਨੀ ਇਸ ਨੂੰ ਹੀ 'ਹਿਪਨੋਟਾਈਜ਼' (ਸਮੋਹਨ) ਭਾਵ 'ਵੱਸ ਵਿੱਚ ਕਰਨਾ' ਆਖਦੇ ਹਨ। ਅਜਿਹੀ ਹਾਲਤ ਵਿੱਚ ਵਿਅਕਤੀ 'ਅੰਤਰਮੁਖੀ' ਤੌਰ 'ਤੇ ਆਪਣੇ ਵੱਲੋਂ ਪੂਰੀ ਤਰ੍ਹਾਂ ਸੱਚ ਬੋਲ ਰਿਹਾ ਹੁੰਦਾ ਹੈ ਪਰ 'ਬਾਹਰਮੁਖੀ' ਤੌਰ 'ਤੇ ਦੂਜਿਆਂ ਲਈ ਇਹ ਪੂਰੀ ਤਰ੍ਹਾਂ ਝੂਠ ਹੁੰਦਾ ਹੈ। 'ਹਿਪਨੋਟਾਈਜ਼' ਹੋਇਆ ਵਿਅਕਤੀ ਇੱਕ 'ਮਾਨਸਿਕ ਰੋਗੀ' ਦੀ ਤਰ੍ਹਾਂ ਹੀ ਭੂਮਿਕਾ ਨਿਭਾਅ ਰਿਹਾ ਹੁੰਦਾ ਹੈ ਪਰ ਉਹ ਰੋਗੀ ਨਹੀਂ ਹੁੰਦਾ, ਉਸ ਸਮੇਂ ਉਸਦਾ 'ਅਰਧ-ਸੁਚੇਤ ਮਨ' ਕੰਮ ਕਰ ਰਿਹਾ ਹੁੰਦਾ ਹੈ ਤੇ 'ਸੁਚੇਤ' ਮਨ ਕੁਝ ਸਮੇਂ ਲਈ ਸੁੱਤਾ ਪਿਆ ਹੁੰਦਾ ਹੈ। ਜਿਸ ਕਰਕੇ ਵਿਅਕਤੀ ਆਪਣੀ ਸੋਚਣ ਸਮਝਣ ਤੇ ਪਰਖਣ ਦੀ ਸਮਰੱਥਾ ਗੁਆ ਚੁੱਕਾ ਹੁੰਦਾ ਹੈ। ਅਜਿਹੀ ਹਾਲਤ ਵਿੱਚ ਵਿਅਕਤੀ ਦਾ ਅਰਧ ਸੁਚੇਤ ਮਨ ਅਤੇ ਅਚੇਤ ਮਨ ਵਿੱਚ ਬਾਬੇ ਦੁਆਰਾ ਦੱਸੀਆਂ ਮਨ ਘੜਤ ਗੱਲਾਂ ਦਾ ਹੀ ਘਮਸਾਣ ਚੱਲ ਰਿਹਾ ਹੁੰਦਾ ਹੈ। ਸੁਚੇਤ ਮਨ ਜੋ ਸੋਚਣ, ਸਮਝਣ ਤੇ ਪਰਖਣ ਦਾ ਪ੍ਰਤੀਕ ਹੈ, ਜਦੋਂ ਜਾਗਰਿਤ ਹੁੰਦਾ ਹੇ ਤਾਂ ਵਿਅਕਤੀ ਸਹੀ ਹਾਲਤ ਵਿੱਚ ਆ ਜਾਂਦਾ ਹੈ ਤੇ ਫਿਰ ਦੁਆਰਾ ਵਿਅਕਤੀ ਅਰਧ ਸੁਚੇਤ ਅਤੇ ਸੁਚੇਤ ਤੌਰ 'ਤੇ ਕੰਮ ਕਰਨ ਲੱਗ ਜਾਂਦਾ ਹੈ। ਪੂਰੀ ਤਰ੍ਹਾਂ ਸੁਚੇਤ ਵਿਅਕਤੀ ਹੀ ਮਾਨਸਿਕ ਤੌਰ 'ਤੇ ਤੰਦਰੁਸਤ ਹੁੰਦਾ ਹੈ। ਇਸ ਲਈ ਇਹ ਮੰਨ ਲਿਆ ਜਾਂਦਾ ਹੈ ਕਿ ਉਸਦਾ 'ਮਾਨਸਿਕ ਰੋਗ' ਦੂਰ ਹੋ ਗਿਆ। ਇਹ ਰੋਗ ਦਿਮਾਗ ਦੇ ਨਿਊਰੋਨਜ਼ ਸੈਲਾਂ ਵਿੱਚ ਭੌਤਿਕ ਤੇ ਰਸਾਇਣਕ ਕਿਰਿਆਵਾਂ ਦੀ ਗੜਬੜ ਕਰਕੇ ਪੈਦਾ ਨਹੀਂ ਹੋਇਆ ਹੁੰਦਾ, ਇਹ ਤਾਂ ਪਾਖੰਡੀਆਂ ਦੀਆਂ ਆਪਣੀਆਂ ਮਨਘੜਤ ਗੱਲਾਂ ਦੇ ਵਹਿਮ ਭਰਮ ਤੇ ਅੰਧ ਵਿਸ਼ਵਾਸ ਹੀ ਹੁੰਦਾ ਹੈ।

ਹਿਪਨੋਟਾਈਜ਼ ਵਿਧੀ ਦੁਆਰਾ ਹੀ ਬਹੁਤ ਸਾਰੇ ਧੋਖੇਬਾਜ਼ ਤੇ ਪਾਖੰਡੀ ਜੋਤਸ਼ੀ, ਬਾਬੇ, ਸਾਧੂ, ਸੰਤ, ਸੁਆਮੀ, ਡੇਰੇਦਾਰ, ਜਾਦੂਗਰ, ਚੇਲੇ, ਸਿਆਣੇ, ਮਦਾਰੀ, ਪੁਜਾਰੀ ਤੇ ਪਾਦਰੀ ਆਦਿ ਆਪਣੇ ਅਖੌਤੀ ਸਤਿਸੰਗ ਵਿੱਚ ਪ੍ਰਵਚਨਾਂ, ਅਰਦਾਸ਼ਾਂ, ਨਾਮਦਾਨਾਂ, ਭਜਨਾਂ, ਬੰਦਗੀਆਂ, ਸ਼ਬਦਾਂ, ਸਾਧਨਾਵਾਂ, ਅਰਾਧਨਾਵਾਂ, ਪ੍ਰਾਰਥਨਾਵਾਂ, ਸਿਮਰਨਾਂ, ਪੂਜਾ ਤੇ ਪਾਠਾਂ ਰਹੀਂ ਭੋਲੇ ਭਾਲੇ ਤੇ ਲਾਈਲੱਗ ਲੋਕਾਂ ਦੇ ਮਨਾਂ ਵਿੱਚ ਹੋਂਦ ਰਹਿਤ ਭੂਤਾਂ-ਚੁੜੇਲਾਂ, ਜਾਦੂ-ਟੂਣਿਆਂ, ਜੰਤਰਾਂ-ਮੰਤਰਾਂ, ਗੈਬੀ-ਸ਼ਕਤੀਆਂ, ਸਵਰਗਾਂ-ਨਰਕਾਂ, ਦੇਵੀ-ਦੇਵਤਿਆਂ ਅਤੇ ਆਤਮਾ-ਪ੍ਰਮਾਤਮਾ ਆਦਿ ਬਾਰੇ ਵਹਿਮ-ਭਰਮ ਤੇ ਅੰਧਵਿਸ਼ਵਾਸ ਭਰ ਕੇ 'ਮਾਨਸਿਕ ਗੁਲਾਮ' ਬਣਾ ਲੈਂਦੇ ਹਨ। ਫਿਰ ਇਹ ਪਾਖੰਡੀ ਆਪਣੀਆਂ ਕਾਲੀਆਂ ਕਰਤੂਤਾਂ ਨਾਲ ਉਨ੍ਹਾਂ ਦਾ ਆਰਥਿਕ, ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰਦੇ ਹਨ। ਬੱਚੇ ਦੇ ਨਹੁੰ ਵਿੱਚ ਫੋਟੋ ਦਿਖਾਉਣ ਬਾਰੇ ਵੀ ਅਜਿਹਾ ਸਭ ਕੁਝ ਮਨਘੜਤ ਹੀ ਵਾਪਰਿਆ ਹੋਵੇਗਾ। ਪਾਖੰਡੀ ਬਾਬੇ ਦੀ ਛੋਟੀ ਉਮਰ ਦੇ ਬੱਚੇ ਨੂੰ ਇਸ ਕਰਕੇ ਲੈਂਦੇ ਹਨ ਕਿਤੇ ਜੇਕਰ ਉਹ ਹਿਪਨੋਟਾਈਜ਼ ਨਾ ਹੋਇਆ ਤਾਂ ਵਡੇਰੀ ਉਮਰ ਦੇ ਵਿਅਕਤੀ ਦੀ ਫਜ਼ੂਲ ਬਹਿਸ 'ਤੇ ਲੜਾਈ ਝਗੜੇ ਤੋਂ ਆਸਾਨੀ ਨਾਲ ਬਚਿਆ ਜਾ ਸਕਦਾ ਹੈ। ਨਾਲੇ ਬੱਚੇ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਜੋ ਉਹ ਬੋਲੇਗਾ ਉਸ ਨਾਲ ਲੜਾਈ-ਝਗੜਾ ਤੇ ਖੂਨ-ਖਰਾਬਾ ਵੀ ਹੋ ਸਕਦਾ ਹੈ। ਉਹ ਤਾਂ ਬੱਸ ਬਾਬੇ ਦੀ ਹਾਂ ਵਿੱਚ ਹਾਂ ਮਿਲਾਉਣ ਵਿੱਚ ਹੀ ਮਸਤ ਰਹਿੰਦਾ ਹੈ। ਪੰਚਾਇਤ ਵਿੱਚ ਮੈਂ ਆਪਣੀ ਬੰਦ ਮੁੱਠੀ ਵਿੱਚ ਚੀਜ਼ ਨੂੰ ਲੱਭਣ ਦਾ ਦਾਅਵਾ, ਇਸ ਕਰਕੇ ਹੀ ਕੀਤਾ ਸੀ ਕਿਉਂਕਿ ਇਸ ਬਾਰੇ ਪਾਖੰਡੀ ਬਾਬੇ ਨੂੰ ਕੋਈ ਜਾਣਕਾਰੀ ਨਹੀਂ ਸੀ ਹੋਣੀ ਤਾਂ ਉਹ ਪਾਖੰਡੀ ਬਾਬਾ ਬੱਚੇ ਨੂੰ ਕੀ ਸੰਕੇਤ ਦਿੰਦਾ। ਜੇਕਰ ਉਹ ਮਨਘੜਤ ਦੱਸਦਾ ਤਾਂ ਮੁੱਠੀ ਖੁੱਲ੍ਹਣ 'ਤੇ ਬਾਬੇ ਜ਼ਰੂਰ ਹੀ ਨੰਗਾ ਹੋ ਜਾਣਾ ਸੀ। ਇਸ ਸੱਚਾਈ ਨੂੰ ਬਾਬਾ ਵੀ ਜਾਣਦਾ ਸੀ, ਇਸ ਲਈ ਉਹ 'ਮੈਦਾਨ' ਵਿੱਚ ਤਰਕਸ਼ੀਲਾਂ ਨਾਲ ਟੱਕਰ ਲੈਣ ਨਹੀਂ ਸੀ ਆਇਆ। ਤੇ 'ਜ਼ਰੂਰੀ ਕੰਮ' ਪੈਣ ਦਾ ਬਹਾਨਾ ਘੜ ਕੇ ਬਚ ਨਿਕਲਿਆ। ਪਰ ਇਕੱਠੇ ਹੋਏ ਲੋਕਾਂ ਨੇ ਪਾਖੰਡੀ ਬਾਬੇ ਦਾ ਤਰਕਸ਼ੀਲਾਂ ਦੇ ਮੈਦਾਨ ਵਿੱਚ ਨਾ ਪਹੁੰਚਣ ਵਾਲਾ ਅਸਲੀ ਚਮਤਕਾਰ ਦੇਖ ਕੇ ਉਸਨੂੰ ਫਿੱਟ ਲਾਣਤਾਂ ਜ਼ਰੂਰ ਪਾਈਆਂ ਸਨ। ਇਸ ਵਿੱਚ ਵੀ ਤਰਕਸ਼ੀਲਾਂ ਦੀ ਹੀ 'ਅਸਲੀ ਜਿੱਤ' ਸੀ।

ਫੋਨ ਨੰਬਰ 98156-81834

# ਬਜ਼ੁਰਗਾਂ ਨੂੰ ਵੱਡੇ ਜ਼ਰੂਰ ਕਰੋ, ਪਰ ਇਸ ਤਰ੍ਹਾਂ ਨਹੀਂ !



ਪ੍ਰੋ. ਅੱਛਰੂ ਸਿੰਘ
ਮੋ. 98155-01381

ਪਰਿਵਾਰ ਦੇ ਬਜ਼ੁਰਗ, ਭਾਵੇਂ ਉਹ ਕਿਸੇ ਵੀ ਰੂਪ ਵਿਚ ਹੋਣ, ਪਰਿਵਾਰ ਦਾ ਸਭ ਤੋਂ ਅਨਮੋਲ, ਮਾਣਯੋਗ ਅਤੇ ਸਤਿਕਾਰਯੋਗ ਸਰਮਾਇਆ ਹੁੰਦੇ ਹਨ।ਉਹ ਬੱਚਿਆਂ ਨੂੰ ਜਨਮ ਦਿੰਦੇ ਹਨ, ਉਹਨਾਂ ਦਾ ਪਾਲਣ-ਪੋਸ਼ਣ ਕਰਦੇ ਹਨ, ਉਹਨਾਂ ਨੂੰ ਜੀਵਨ-ਜਾਚ ਸਿਖਾਉਂਦੇ ਹਨ ਅਤੇ ਉਹਨਾਂ ਲਈ ਹਰ ਕੁਰਬਾਨੀ ਕਰਦੇ ਹਨ।ਭਾਵੇਂ ਉਹਨਾਂ ਦਾ ਦੇਣ ਤਾਂ ਕਦੀ ਵੀ ਨਹੀਂ ਦਿੱਤਾ ਜਾ ਸਕਦਾ ਪਰ ਬੁਢਾਪੇ ਸਮੇਂ ਉਹਨਾਂ ਦੀ ਉਚਿਤ ਦੇਖ-ਭਾਲ ਅਤੇ ਸੇਵਾ-ਸੰਭਾਲ ਕਰਨੀ, ਉਹਨਾਂ ਦਾ ਪੂਰਨ ਸਤਿਕਾਰ ਕਰਨਾ ਅਤੇ ਉਹਨਾਂ ਦੇ ਸੁਖ-ਅਰਾਮ ਲਈ ਲੋੜੀਂਦੀਆਂ ਸਹੂਲਤਾਂ ਦਾ ਪ੍ਰਬੰਧ ਕਰਨਾ ਉਹਨਾਂ ਦੇ ਰਿਣ ਨੂੰ ਉਤਾਰਨ ਲਈ ਇਕ ਯੋਗ ਉਪਰਾਲਾ ਜ਼ਰੂਰ ਹੋ ਸਕਦਾ ਹੈ। ਇਸ ਦੇ ਨਾਲ ਹੀ ਇਹ ਹਰ ਪਰਿਵਾਰ ਦੀ ਅਹਿਮ ਜ਼ਿੰਮੇਵਾਰੀ ਹੀ ਨਹੀਂ ਸਗੋਂ ਪਵਿੱਤਰ ਫ਼ਰਜ਼ ਵੀ ਹੈ ਕਿ ਉਹ ਹਰ ਸੰਭਵ ਅਤੇ ਜਾਇਜ਼ ਢੰਗ ਨਾਲ ਆਪਣੇ ਬਜ਼ੁਰਗਾਂ ਦੇ ਮਾਣ-ਸਤਿਕਾਰ ਵਿਚ ਵਾਧਾ ਕਰੇ, ਉਹਨਾਂ ਦਾ ਨਾਮ ਰੌਸ਼ਨ ਕਰੇ ਅਤੇ ਉਹਨਾਂ ਨੂੰ ਵੱਡੇ ਕਰੇ। ਪਰ ਬਜ਼ੁਰਗਾਂ ਨੂੰ 'ਵੱਡੇ ਕਰਨ' ਦੇ ਨਾਮ ਤੇ ਅਸੀਂ ਇਕ ਸਮਾਜਿਕ ਬੁਰਾਈ ਦਾ ਸ਼ਿਕਾਰ ਵੀ ਹਾਂ ਜਿਸ ਬਾਰੇ ਇੱਥੇ ਚਰਚਾ ਕੀਤੀ ਜਾ ਰਹੀ ਹੈ।

ਸਮਾਜਿਕ ਵਿਕਾਸ ਇਕ ਬਹੁਤ ਹੀ ਸਹਿਜ ਅਤੇ ਨਿਰੰਤਰ ਪਰ ਗੁੰਝਲਦਾਰ ਪ੍ਰਕ੍ਰਿਆ ਹੈ। ਤਬਦੀਲੀ ਇਸ ਪ੍ਰਕ੍ਰਿਆ ਦਾ ਅਟੱਲ ਨਿਯਮ ਅਤੇ ਮਨੁੱਖੀ ਢਲਣਯੋਗਤਾ ਇਸ ਲਈ ਜ਼ਰੂਰੀ ਸ਼ਰਤ ਹੈ।ਕੁਝ ਸਮਾਜਿਕ ਰਸਮੋਂ-ਰਿਵਾਜ ਜੋ ਕਿਸੇ ਸਮੇਂ ਕਿਸੇ ਖਾਸ ਉਦੇਸ਼ ਨਾਲ ਅਤੇ ਕਿਸੇ ਖਾਸ ਲੋੜ ਦੀ ਪੂਰਤੀ ਲਈ ਸ਼ੁਰੂ ਹੋਏ ਹੁੰਦੇ ਹਨ, ਸਮੇਂ ਦੇ ਗੁਜ਼ਰਨ ਨਾਲ ਉਹ ਬਿਲਕੁਲ ਬੇਕਾਰ ਅਤੇ ਭਾਵਹੀਣ ਜਾਪਣ ਲੱਗ ਪੈਂਦੇ ਹਨ। ਸਮਾਜਿਕ ਵਿਕਾਸ ਇਸ ਗੱਲ ਦੀ ਮੰਗ ਕਰਦਾ ਹੈ ਕਿ ਅਜਿਹੇ ਵੇਲਾ ਵਿਹਾ ਚੁੱਕੇ ਰੀਤੀ-ਰਿਵਾਜਾਂ ਤੋਂ ਜਿੰਨਾ ਜਲਦੀ ਹੋ ਸਕੇ ਛੁਟਕਾਰਾ ਪਾਇਆ ਜਾਵੇ। ਅਜਿਹੀ ਹੀ ਇਕ ਸਮਾਜਿਕ ਰਸਮ ਹੈ ਬਜ਼ੁਰਗਾਂ ਦੇ ਭੋਗ ਸਮੇਂ ਮਠਿਆਈਆਂ ਪਕਾਉਣੀਆਂ, ਰਿਸ਼ਤੇਦਾਰਾਂ ਵਿਚ ਕੱਪੜੇ-ਲੀੜੇ ਅਤੇ ਗੜਬੀਆਂ-ਗਲਾਸ ਵੰਡਣੇ, ਕੁਝ ਰਿਸ਼ਤੇਦਾਰਾਂ ਤੋਂ ਛਾਪਾਂ-ਕੜੇ ਆਦਿ ਪਵਾਉਣੇ ਅਤੇ ਅਜਿਹੀਆਂ ਹੋਰ ਊਲ-ਜਲੂਲ ਰਸਮਾਂ ਕਰਨੀਆਂ। ਇਸ ਨੂੰ ਲੋਕ ਭਾਸ਼ਾ ਵਿਚ ਬਜ਼ੁਰਗਾਂ ਨੂੰ 'ਵੱਡੇ ਕਰਨਾ' ਕਿਹਾ ਜਾਂਦਾ ਹੈ। ਅਸਲ ਵਿਚ ਇਸ ਤਰ੍ਹਾਂ ਕਰਨ ਨਾਲ ਅਸੀਂ ਬਜ਼ੁਰਗਾਂ ਨੂੰ ਵੱਡੇ ਨਹੀਂ ਕਰ ਰਹੇ ਹੁੰਦੇ ਸਗੋਂ ਇਕ ਗੰਭੀਰ ਸਮਾਜਿਕ ਕੁਰੀਤੀ ਦਾ ਸ਼ਿਕਾਰ ਹੋ ਰਹੇ ਹੁੰਦੇ ਹਾਂ। ਅਮੀਰ ਪਰਿਵਾਰਾਂ ਕੋਲ ਅਜਿਹੀਆਂ ਫਜ਼ੂਲ-ਖਰਚੀਆਂ ਕਰਨ ਲਈ ਵਾਧੂ ਪੈਸਾ ਹੁੰਦਾ ਹੈ ਅਤੇ ਉਹ ਲੋਕਾਂ ਦੀ ਨਜ਼ਰ ਵਿਚ ਆਪਣੇ ਆਪ ਨੂੰ ਵੱਡੇ ਸਿੱਧ ਕਰਨ ਲਈ ਅਜਿਹੇ ਢਕਵੰਜ ਕਰਦੇ ਹਨ ਹਾਲਾਂਕਿ ਇਹ ਵੀ ਉਹਨਾਂ ਦਾ ਭਰਮ ਹੀ ਹੁੰਦਾ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੇ ਸਮਾਜਿਕ ਰੁਤਬੇ ਜਾਂ ਮਾਣ ਵਿਚ ਕਦਾਚਿਤ ਵਾਧਾ ਨਹੀਂ ਹੋ ਸਕਦਾ। ਮੁਸ਼ਕਲ ਉਸ ਸਮੇਂ ਪੈਦਾ ਹੁੰਦੀ ਹੈ ਜਦ ਮੱਧ ਵਰਗੀ ਜਾਂ ਗਰੀਬ ਲੋਕ ਅਮੀਰਾਂ ਦੀ ਰੀਸ ਕਰਦੇ ਹੋਏ ਆਪਣਾ ਭੁੱਗਾ ਚੌੜ ਕਰਵਾ ਲੈਂਦੇ ਹਨ।

ਵਿਚਾਰਨ ਵਾਲੀ ਗੱਲ ਇਹ ਹੈ ਕਿ ਕੀ ਬਜ਼ੁਰਗਾਂ ਦੇ ਭੋਗਾਂ ਤੇ ਲੱਡੂ-ਜਲੇਬੀਆਂ ਦੇ ਲੰਗਰ ਲਾ ਕੇ ਜਾਂ ਸਕੀਰੀਦਾਰਾਂ ਵਿਚ ਗੜਬੀਆਂ-ਗਲਾਸ, ਮਿਠਾਈ ਦੇ ਡੱਬੇ ਅਤੇ ਕੱਪੜੇ-ਲੀੜੇ ਵੰਡ ਕੇ ਉਨ੍ਹਾਂ ਨੂੰ ਵੱਡੇ ਕੀਤਾ ਜਾ ਸਕਦਾ ਹੈ ? ਜੇਕਰ ਜ਼ਰਾ ਕੁ ਵੀ ਸੁਹਿਰਦਤਾ ਨਾਲ ਸੋਚਿਆ ਜਾਵੇ ਤਾਂ ਇਸ ਦਾ ਜਵਾਬ ਸਪਸ਼ਟ ਨਾਂਹ ਹੈ। ਕੋਈ ਵੀ ਵਿਅਕਤੀ ਆਪਣੇ ਜੀਵਨ ਕਾਲ ਦੌਰਾਨ ਕੀਤੇ ਚੰਗੇ-ਬੁਰੇ ਕਰਮਾਂ ਦੇ ਅਧਾਰ ਤੇ ਵੱਡਾ ਜਾਂ ਛੋਟਾ ਬਣਦਾ ਹੈ। ਜੇਕਰ ਕਿਸੇ ਵਿਅਕਤੀ ਨੇ ਉਮਰ ਭਰ ਕੋਈ ਨੇਕ ਕੰਮ ਕੀਤਾ ਹੀ ਨਹੀਂ, ਫਿਰ ਉਸ ਦੇ ਭੋਗ ਤੇ ਲੋਕਾਂ ਨੂੰ ਭਾਵੇਂ ਜਿੰਨੇ ਮਰਜੀ ਲੱਡੂ-ਜਲੇਬੀਆਂ ਖਵਾ ਲਵੋ, ਉਸ ਨੂੰ ਕੋਈ ਵੀ ਵੱਡਾ ਨਹੀਂ ਕਹੇਗਾ। ਦੂਜੇ ਪਾਸੇ, ਜਦ ਕਿਸੇ ਭਲੇ ਵਿਅਕਤੀ ਦੀ ਮੌਤ ਹੁੰਦੀ ਹੈ ਤਾਂ ਭਾਵੇਂ ਉਸ ਦੇ ਭੋਗ ਤੇ ਕੋਈ ਵੀ ਰਸਮ ਨਾ ਕੀਤੀ ਜਾਵੇ, ਸਾਰੇ ਉਸ ਨੂੰ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕਰਦੇ ਹਨ ਤੇ ਉਸ ਬਾਰੇ ਕੀਤੀ ਹਰ ਗੱਲ ਵਿਚੋਂ ਉਸ ਪ੍ਰਤਿ ਸਤਿਕਾਰ ਅਤੇ ਸ਼ਰਧਾ ਦੀ ਝਲਕ ਪੈਂਦੀ ਹੈ।

ਔਲਾਦ ਕੁਝ ਹੋਰ ਢੰਗਾਂ ਨਾਲ ਆਪਣੇ ਬਜ਼ੁਰਗਾਂ ਨੂੰ ਜ਼ਰੂਰ ਵੱਡਾ ਕਰ ਸਕਦੀ ਹੈ।ਪਹਿਲਾ ਢੰਗ ਹੈ ਜੀਵਨ ਵਿਚ ਹਮੇਸ਼ਾ ਸ਼ੁਭ ਕਾਰਜ ਕਰਦੇ ਰਹਿਣਾ, ਹਰ ਜ਼ਿੰਮੇਵਾਰੀ ਲਗਨ ਤੇ ਤਨਦੇਹੀ ਨਾਲ ਪੂਰੀ ਕਰਨੀ, ਲੋੜਵੰਦਾਂ ਦੀ ਸਹਾਇਤਾ ਕਰਨੀ, ਇਮਾਨਦਾਰੀ ਦਾ ਪੱਲਾ ਨਾ ਛੱਡਣਾ ਅਤੇ ਜੀਵਨ ਵਿਚ ਕੋਈ ਵੱਡੀ ਮੱਲ ਮਾਰਨੀ।ਅਸੀਂ ਅਕਸਰ ਦੇਖਦੇ ਹਾਂ ਕਿ ਜਦ ਵੀ ਕੋਈ ਵਿਅਕਤੀ ਆਪਣੇ ਜੀਵਨ ਵਿਚ ਕੋਈ ਵੱਡੀ ਪ੍ਰਾਪਤੀ ਕਰਦਾ ਹੈ ਤਾਂ ਨਾ ਕੇਵਲ ਉਸ ਦੇ ਮਾਤਾ-ਪਿਤਾ ਦਾ ਸਗੋਂ ਦਾਦਾ-ਦਾਦੀ ਆਦਿ ਦੇ ਨਾਮ ਦਾ ਜ਼ਿਕਰ ਵੀ ਪੂਰੇ ਮਾਣ ਨਾਲ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਉਹ ਸੱਚਮੁਚ ਵੱਡੇ ਹੁੰਦੇ ਹਨ। ਦੂਜਾ ਢੰਗ ਉਨ੍ਹਾਂ ਲਈ ਕੋਈ ਅਜਿਹੀ ਯਾਦਗਾਰ ਕਾਇਮ ਕਰਨੀ ਜਾਂ ਯਾਦਗਾਰੀ ਸੇਵਾ ਕਰਨਾ ਅਤੇ ਕਰਦੇ ਰਹਿਣਾ ਹੈ ਜਿਸ ਨਾਲ ਸਮਾਜ ਨੂੰ ਕੋਈ ਲਾਭ ਪਹੁੰਚਦਾ ਹੋਵੇ। ਇਹ ਯਾਦਗਾਰ ਜਾਂ ਯਾਦਗਾਰੀ ਸੇਵਾ ਸਮਰਥਾ ਅਨੁਸਾਰ ਛੋਟੀ ਜਾਂ ਵੱਡੀ ਹੋ ਸਕਦੀ ਹੈ ਪਰ ਇਹ ਸਾਰਥਿਕ ਅਤੇ ਲਾਭਕਾਰੀ ਜ਼ਰੂਰ ਹੋਣੀ ਚਾਹੀਦੀ ਹੈ।ਬਜ਼ੁਰਗਾਂ ਨੂੰ ਵੱਡੇ ਕਰਨ ਦਾ ਇਕ ਹੋਰ ਢੰਗ ਉਨ੍ਹਾਂ ਦੀ ਮੌਤ ਉਪਰੰਤ ਉਨ੍ਹਾਂ ਦੇ ਨੇਤਰ, ਸਰੀਰ ਦਾ ਕੋਈ ਹੋਰ ਅੰਗ ਜਾਂ ਡਾਕਟਰੀ ਖੋਜ-ਕਾਰਜਾਂ ਲਈ ਸਮੁੱਚਾ ਸਰੀਰ ਦਾਨ ਕਰਨਾ ਹੈ। ਜ਼ਰਾ ਸੋਚੋ, ਕੀ ਬਜ਼ੁਰਗਾਂ ਨੂੰ ਵੱਡੇ ਕਰਨ ਦੇ ਇਹ ਢੰਗ ਵਧੇਰੇ ਸਹੀ ਨਹੀਂ ਹਨ ?

ਸਮਾਜਿਕ ਕੁਰੀਤੀ ਦੀ ਇਸ ਹੀ ਕੜੀ ਵਿਚ ਸ਼ਾਮਲ ਹੈ ਅਖ਼ਬਾਰਾਂ ਵਿਚ ਵੱਡੇ-ਵੱਡੇ ਅਤੇ ਵੱਡੀ ਗਿਣਤੀ ਵਿਚ ਇਸ਼ਤਿਹਾਰ ਦੇਣ ਦੀ ਹੋੜ। ਜਦ ਕਿਸੇ ਮਹੱਤਵਪੂਰਨ ਵਿਅਕਤੀ, ਖਾਸ ਤੌਰ ਤੇ ਕਿਸੇ ਵੱਡੇ ਸਿਆਸੀ ਆਗੂ ਜਾਂ ਉਸ ਦੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਦੀ ਮੌਤ ਹੋ ਜਾਵੇ ਤਾਂ ਉਸ ਦੇ ਪਰਿਵਾਰ ਨਾਲ ਨੇੜਤਾ ਜਿਤਾਉਣ ਲਈ ਕਿੰਨੇ ਹੀ ਲੋਕ ਆਪਣੇ ਵਲੋਂ ਸ਼ੋਕ ਸ਼ੰਦੇਸ਼ ਛਪਵਾ ਦਿੰਦੇ ਹਨ। ਉਨ੍ਹਾਂ ਵਿਚੋਂ ਬਹੁਗਿਣਤੀ ਨੂੰ ਨਾ ਤਾਂ ਮ੍ਰਿਤਕ ਦੇ ਪਰਿਵਾਰ ਨਾਲ ਕੋਈ ਦਿਲੀ ਹਮਦਰਦੀ ਹੁੰਦੀ ਹੈ ਅਤੇ ਨਾ ਹੀ ਮ੍ਰਿਤਕ ਨਾਲ ਕੋਈ ਸਰੋਕਾਰ – ਉਹ ਤਾਂ ਕੇਵਲ ਆਪਣੀ ਹਾਜ਼ਰੀ ਲਗਾਉਣ ਦੀ ਕੋਸ਼ਿਸ਼ ਵਿਚ ਹੁੰਦੇ ਹਨ। ਅਸਲ ਵਿਚ ਉਹ ਪੰਜਾਬੀ ਦੇ ਨਿਮਨ ਲੋਕ ਅਖਾਣ ਨੂੰ ਹੀ ਸੱਚ ਕਰ ਰਹੇ ਹੁੰਦੇ ਹਨ:

ਅਮੀਰ ਦੀ ਮਰਗੀ ਕੁੱਤੀ, ਉਹ ਸਾਰੀ ਦੁਨੀਆਂ ਪੁੱਛੀ;

ਗਰੀਬ ਦੀ ਮਰਗੀ ਮਾਂ, ਉਹ ਦਾ ਕੋਈ ਨਾ ਲੈਂਦਾ ਨਾਂਅ।

ਸਮਝਣ ਵਾਲੀ ਗੱਲ ਇਹ ਹੈ ਕਿ ਕਿਸੇ ਮ੍ਰਿਤਕ ਦੇ ਭੋਗ ਬਾਰੇ ਭਾਰੀ ਗਿਣਤੀ ਵਿਚ ਇਸ਼ਤਿਹਾਰ ਛਪਣ ਨਾਲ ਉਹ ਕਦਾਚਿਤ ਵੱਡਾ ਨਹੀਂ ਹੁੰਦਾ। ਹਾਂ, ਜੇਕਰ ਕੋਈ ਪਰਿਵਾਰ, ਸੰਸਥਾ, ਸੰਗਠਨ ਜਾਂ ਵਿਅਕਤੀ ਉਸ ਦੀ ਯਾਦ ਵਿਚ ਕੋਈ ਲੋਕ-ਭਲਾਈ ਕਾਰਜ - ਜਿਵੇਂ ਕਿ ਕਿਸੇ ਸਕੂਲ, ਕਾਲਜ ਜਾਂ ਹਸਪਤਾਲ ਵਿਚ ਕੋਈ ਕਮਰਾ ਬਣਵਾਉਣਾ, ਕਿਸੇ ਬਿਰਧ ਆਸ਼ਰਮ, ਅਪਾਹਜ਼ ਆਸ਼ਰਮ, ਬਾਲਵਾੜੀ ਜਾਂ ਪਾਰਕ ਆਦਿ ਦੇ ਨਿਰਮਾਣ ਵਿਚ ਯੋਗਦਾਨ ਪਾਉਣਾ, ਲੋੜਵੰਦ ਵਿਦਿਆਰਥੀਆਂ ਲਈ ਫੀਸਾਂ ਜਾਂ ਕਿਤਾਬਾਂ ਆਦਿ ਦਾ ਪ੍ਰਬੰਧ ਕਰਨਾ ਆਦਿ ਕਰਦੇ ਹਨ - ਤਾਂ ਉਹ ਜਰੂਰ ਹੀ ਉਸ ਵਿਅਕਤੀ ਨੂੰ ਸੱਚੀ ਸ਼ਰਧਾਂਜਲੀ ਪੇਸ਼ ਕਰ ਰਹੇ ਹੋਣਗੇ ਅਤੇ ਉਸ ਨੂੰ ਸੱਚਮੁੱਚ ਵੱਡਾ ਕਰ ਰਹੇ ਹੋਣਗੇ। ਅਜਿਹਾ ਕਰਨ ਨਾਲ ਜਿੰਨ੍ਹਾਂ ਲੋਕਾਂ ਦਾ ਕੁਝ ਸੰਵਰੇਗਾ, ਉਹ ਭਲਾਂ ਉਸ ਵਿਅਕਤੀ ਨੂੰ ਕਿਸ ਤਰ੍ਹਾਂ ਭੁੱਲ ਸਕਣਗੇ ? ਅਖਬਾਰਾਂ ਵਿਚ ਬੇਲੋੜੇ ਇਸ਼ਤਿਹਾਰ ਦੇਣ ਨਾਲੋਂ ਤਾਂ ਮ੍ਰਿਤਕ ਦੀ ਯਾਦ ਵਿਚ ਕੁਝ ਪੌਦੇ ਲਗਾ ਦੇਣੇ, ਕਿਸੇ ਸਾਂਝੇ ਥਾਂ ਤੇ ਇਕ ਦੋ ਬੈਂਚ ਰਖਵਾ ਦੇਣੇ, ਕਿਸੇ ਲੋੜਵੰਦ ਮਰੀਜ਼ ਨੂੰ ਖੂਨ ਦਾਨ ਦੇ ਦੇਣਾ ਜਾਂ ਕਿਸੇ ਲੋੜਵੰਦ ਬੱਚੇ ਨੂੰ ਪੜ੍ਹਾਈ ਲਿਖਾਈ ਲਈ ਅਪਨਾ ਲੈਣਾ ਕਿਤੇ ਵੱਧ ਸਾਰਥਿਕ ਅਤੇ ਸ਼ਲਾਘਾਯੋਗ ਕਾਰਜ ਹੋ ਸਕਦੇ ਹਨ। ਇਸ਼ਤਿਹਾਰ ਦੇਣ ਵਾਲਿਆਂ ਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਜਿਨ੍ਹਾਂ ਨੂੰ ਪ੍ਰਭਾਵਿਤ ਕਰਨ ਲਈ ਇਹ ਇਸ਼ਤਿਹਾਰ ਦਿੱਤੇ ਜਾਂਦੇ ਹਨ ਉਹ ਉਹਨਾਂ ਦੀ ਖੁਸ਼ਾਮਦੀ ਮਾਨਸਿਕਤਾ ਨੂੰ ਭਲੀ ਪ੍ਰਕਾਰ ਸਮਝਦੇ ਹਨ ਅਤੇ ਇਹਨਾਂ ਤੋਂ ਕਦੀ ਵੀ ਪ੍ਰਭਾਵਿਤ ਨਹੀਂ ਹੁੰਦੇ। ਪਾਠਕ ਬੁੜ-ਬੁੜ ਕਰਦੇ ਹੋਏ ਇਸ਼ਤਿਹਾਰਾਂ ਬਾਰੇ ਪੰਨੇ ਪਰਤਦੇ ਹਨ ਅਤੇ ਇਨ੍ਹਾਂ ਇਸ਼ਤਿਹਾਰਾਂ ਦਾ ਜੇਕਰ ਕਿਸੇ ਨੂੰ ਕੋਈ ਲਾਭ ਹੁੰਦਾ ਹੈ ਤਾਂ ਉਹ ਕੇਵਲ ਅਖਬਾਰਾਂ ਵਾਲਿਆਂ ਨੂੰ। ਕਿੰਨਾ ਚੰਗਾ ਹੋਵੇ ਜੇਕਰ ਸਾਡੇ ਆਗੂ ਖ਼ੁਦ ਹੀ ਇਹ ਐਲਾਨ ਕਰ ਦੇਣ ਕਿ ਉਹਨਾਂ ਦੀ ਜਾਂ ਉਹਨਾਂ ਦੇ ਪਿਆਰਿਆਂ ਦੀ ਮੌਤ ਤੇ ਅਖਬਾਰਾਂ ਵਿਚ ਇਸ਼ਤਿਹਾਰ ਦੇਣ ਦੀ ਬਜਾਇ ਕਿਸੇ ਵੀ ਸਥਾਨ ਤੇ ਕੋਈ ਸਮਾਜ ਭਲਾਈ ਦਾ ਕਾਰਜ ਕੀਤਾ ਜਾਵੇ।

ਸਮਾਜਿਕ ਵਿਕਾਸ ਦਾ ਇਹ ਅਟੱਲ ਨਿਯਮ ਹੈ ਕਿ ਸਮੇਂ ਦੇ ਹਾਣੀ ਬਣਨ ਲਈ ਹੀ ਨਹੀਂ ਸਗੋਂ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਵੀ ਹਾਲਾਤਾਂ ਅਨੁਸਾਰ ਬਦਲਣਾ ਅਤਿ ਜਰੂਰੀ ਹੁੰਦਾ ਹੈ। ਜੋ ਲੋਕ ਆਪਣੇ ਆਪ ਨੂੰ ਸਮੇਂ ਅਨੁਸਾਰ ਨਹੀਂ ਢਾਲ ਸਕਦੇ ਉਹਨਾਂ ਦਾ ਖਾਤਮਾ ਯਕੀਨੀ ਹੁੰਦਾ ਹੈ। ਜੀਵ ਵਿਗਿਆਨੀ ਦੱਸਦੇ ਹਨ ਕਿ ਡਾਇਨਾਸੋਰ ਧਰਤੀ ਦਾ ਸਭ ਤੋਂ ਵੱਡਾ, ਸ਼ਕਤੀਸ਼ਾਲੀ ਅਤੇ ਸਭ ਤੋਂ ਪੁਰਾਤਨ ਜੀਵਾਂ ਵਿਚੋਂ ਇਕ ਸੀ ਪਰ ਆਪਣੇ ਆਪ ਨੂੰ ਹਾਲਾਤਾਂ ਅਨੁਸਾਰ ਬਦਲਣ ਵਿਚ ਅਸਮਰਥ ਰਹਿਣ ਕਾਰਣ ਇਸ ਦੀ ਹੋਂਦ ਕਦ ਦੀ ਮਿਟ ਚੁੱਕੀ ਹੈ। ਇਹੀ ਹਾਲ ਡਾਇਨਾਸੋਰੀ ਮਾਨਸਿਕਤਾ ਵਾਲੇ ਸਮਾਜਾਂ ਅਤੇ ਵਿਅਕਤੀਆਂ ਦਾ ਹੁੰਦਾ ਹੈ। ਇਸ ਲਈ ਹਰ ਸਮਾਜਿਕ ਪ੍ਰਾਣੀ ਲਈ ਆਪਣੇ ਆਪ ਨੂੰ ਸਮਾਂ ਅਨੁਕੂਲ ਬਣਾਉਣਾ ਅਤਿ ਜਰੂਰੀ ਹੁੰਦਾ ਹੈ। ਸੋ ਸਾਨੂੰ ਬੇਲੋੜੇ ਅਤੇ ਪ੍ਰਸੰਗਕਤਾ ਖੋ ਬੈਠੇ ਰੀਤੀ-ਰਿਵਾਜਾਂ ਤੋਂ ਜਿੰਨਾ ਜਲਦੀ ਹੋ ਸਕੇ ਨਿਜ਼ਾਤ ਪਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਆਪਣੇ ਬਜ਼ੁਰਗਾਂ ਨੂੰ ਸਹੀ ਅਰਥਾਂ ਵਿਚ ਵੱਡੇ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ। ਇਸ ਦਾ ਭਾਵੇਂ ਕੋਈ ਕਿੰਨਾ ਵੀ ਵਿਰੋਧ ਕਰੀ ਜਾਵੇ ਸਾਨੂੰ ਉਸ ਦੀ ਪਰਵਾਹ ਨਹੀਂ ਕਰਨੀ ਚਾਹੀਦੀ ਕਿਉਂਕਿ ਅਸੀਂ ਜਦ ਵੀ ਕੋਈ ਨਵਾਂ, ਹਟਵਾਂ ਜਾਂ ਅਗਾਂਹਵਧੂ ਕਦਮ ਚੁੱਕਦੇ ਹਾਂ ਤਾਂ ਉਸ ਦਾ ਵਿਰੋਧ ਹੋਣਾ ਸੁਭਾਵਿਕ ਹੁੰਦਾ ਹੈ। ਇਥੇ ਮੈਂ ਇਕ ਨਿਜੀ ਉਦਾਹਰਣ ਦੇਣੀ ਵੀ ਯੋਗ ਸਮਝਦਾ ਹਾਂ :

"ਸੁਣਿਐਂ ਤੁਸੀਂ ਬਜ਼ੁਰਗਾਂ (ਪਿਤਾ ਜੀ) ਨੂੰ ਵੱਡੇ ਨਹੀਂ ਕਰ ਰਹੇ ? ਭਾਈ ਇਹ ਤਾਂ ਕੋਈ ਗੱਲ ਨਾ ਹੋਈ; ਸੁੱਖ ਨਾਲ ਪੜਪੋਤਿਆਂ-ਪੜਦੋਹਤਿਆਂ ਵਾਲਾ ਹੋ ਕੇ ਮਰਿਆ-ਰੰਗੀਂ ਵੱਸਦਾ ਪਰਿਵਾਰ ਛੱਡ ਕੇ ਗਿਆ ਪਿੱਛੇ-ਨਾਲੇ ਥੋੜੇ ਕਿਹੜਾ ਕੁਛ ਹੈ ਨੀ-ਮਹਾਰਾਜ ਨੇ ਰੰਗ ਲਾਇਆ ਹੋਇਆ-ਦੇਖੋ, ਭਾਈ, ਉਹਨਾਂ ਨੂੰ ਵੱਡੇ ਕਰਨਾ ਤਾਂ ਬਣਦੈ-ਬਾਕੀ ਥੋਡੀ ਮਰਜੀ ਆ। ਇਹ ਸ਼ਬਦ ਸਾਡੇ ਪਰਿਵਾਰ ਨੂੰ ਉਸ ਸਮੇਂ ਵਾਰ-ਵਾਰ ਸੁਣਨ ਨੂੰ ਮਿਲੇ ਜਦ ਫਰਵਰੀ 2001 ਵਿਚ ਸਾਡੇ ਸਤਿਕਾਰਯੋਗ ਪਿਤਾ ਜੀ ਨੱਬੇ ਕੁ ਸਾਲ ਦੀ ਉਮਰ ਭੋਗਣ ਉਪਰੰਤ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ ਸਨ ਅਤੇ ਅਸੀਂ ਉਨ੍ਹਾਂ ਦੇ ਸਸਕਾਰ ਤੋਂ ਤੁਰੰਤ ਬਾਅਦ ਇਹ ਐਲਾਨ ਕਰ ਦਿੱਤਾ ਕਿ ਉਨ੍ਹਾਂ ਦੇ ਭੋਗ ਦੀ ਰਸਮ ਬਿਲਕੁਲ ਸਧਾਰਣ ਹੋਵੇਗੀ, ਅਸੀਂ ਕਿਸੇ ਵੀ ਰਿਸ਼ਤੇਦਾਰ ਤੋਂ ਕਿਸੇ ਵੀ ਰੂਪ ਵਿਚ ਨਾ ਕੁਝ ਲਵਾਂਗੇ ਤੇ ਨਾ ਹੀ ਕਿਸੇ ਨੂੰ ਕੁਝ ਦੇਵਾਂਗੇ ਅਤੇ ਮਿਠਾਈ ਦੇ ਡੱਬੇ ਤੇ ਗੜਬੀਆਂ-ਗਲਾਸ ਆਦਿ ਨਹੀਂ ਵੰਡੇ ਜਾਣਗੇ। ਇਸ ਤਰ੍ਹਾਂ ਦੀ ਹਦਾਇਤ ਸਾਨੂੰ ਸਾਡੇ ਪਿਤਾ ਜੀ ਨੇ ਵੀ ਦਿੱਤੀ ਹੋਈ ਸੀ ਅਤੇ ਇਹ ਫੈਸਲਾ ਸਾਡੇ ਪਰਿਵਾਰ ਦਾ ਵੀ ਸੀ।

ਸਾਡੇ ਆਂਢੀਆਂ-ਗੁਆਂਢੀਆਂ ਅਤੇ ਸਕੇ-ਸੰਬੰਧੀਆਂ ਦੇ ਉਪਰੋਕਤ ਸ਼ਬਦਾਂ ਦਾ ਸਾਡੇ ਤੇ ਨਾ ਕੋਈ ਅਸਰ ਹੋਣਾ ਸੀ, ਨਾ ਹੋਇਆ ਅਤੇ ਅਸੀਂ ਆਪਣੇ ਫੈਸਲੇ ਤੇ ਅਟੱਲ ਰਹੇ। ਬਾਹਰੋਂ ਆਏ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਵਧੀਆ ਲੰਗਰ-ਪਾਣੀ ਛਕਾਇਆ, ਅੰਤਿਮ ਅਰਦਾਸ ਵਿਚ ਭਾਰੀ ਗਿਣਤੀ ਵਿਚ ਸਨੇਹੀ ਅਤੇ ਸਕੇ-ਸੰਬੰਧੀ ਸ਼ਾਮਲ ਹੋਏ, ਸਾਡੇ ਇੱਕ ਮਿੱਤਰ ਨੇ ਬਜ਼ੁਰਗਾਂ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਆਈ ਸੰਗਤ ਦਾ ਧੰਨਵਾਦ ਕੀਤਾ। ਨਾ ਤਾਂ ਕੋਈ ਲੰਮਾ-ਚੌੜਾ ਸ਼ਰਧਾਂਜਲੀ ਸਮਾਗਮ ਹੋਇਆ ਅਤੇ ਨਾ ਹੀ ਕੋਈ ਹੋਰ ਰਸਮ ਕੀਤੀ ਗਈ। ਉਨ੍ਹਾਂ ਦੀ ਮੌਤ ਤੋਂ ਕੁਝ ਅਰਸਾ ਪਹਿਲਾਂ ਗੁਜਰਾਤ ਵਿਚ ਆਏ ਇਕ ਸ਼ਕਤੀਸ਼ਾਲੀ ਭੁਚਾਲ ਕਾਰਣ ਕਾਫੀ ਨੁਕਸਾਨ ਹੋਇਆ ਸੀ ਅਤੇ ਉਸ ਸਮੇਂ ਰਾਹਤ ਕਾਰਜ ਪੂਰੇ ਜ਼ੋਰਾਂ ਤੇ ਸਨ। ਭੋਗ ਤੇ ਫਜ਼ੂਲ ਖਰਚੀ ਕਰਨ ਦੀ ਬਜਾਇ ਅਸੀਂ ਕੁਝ ਰਾਹਤ ਗੁਜਰਾਤ ਦੇ ਭੂਚਾਲ ਪੀੜਤਾਂ ਲਈ ਭੇਜ ਦਿੱਤੀ ਅਤੇ ਨਾਲ ਹੀ ਕੁਝ ਸਮਾਜਿਕ ਤੇ ਵਿੱਦਿਅਕ ਕਾਰਜਾਂ ਲਈ ਸਮਰਥਾ ਅਨੁਸਾਰ ਯੋਗਦਾਨ ਪਾਉਂਦੇ ਰਹਿਣ ਦਾ ਵਚਨ ਦਿੱਤਾ। ਸਾਡੇ ਇਸ ਫੈਸਲੇ ਦੀ ਬਹੁਤ ਸਾਰੇ ਰੋਸ਼ਨ-ਦਿਮਾਗ ਲੋਕਾਂ ਨੇ ਭਰਪੂਰ ਸਿਫਤ ਕੀਤੀ ਅਤੇ ਇਸ ਦੀ ਰੀਸ ਕਰਨ ਦਾ ਵਚਨ ਦਿੱਤਾ। ਜੇਕਰ ਤੁਸੀਂ ਇਸ ਤਰ੍ਹਾਂ ਕਰਨ ਦਾ ਹੌਸਲਾ ਕਰੋਗੇ ਤਾਂ ਬੁੱਧੀਮਾਨ ਲੋਕ ਤੁਹਾਡੀ ਵੀ ਪ੍ਰਸ਼ੰਸਾ ਕਰਨਗੇ ਅਤੇ ਤੁਸੀਂ ਬਾਕੀ ਸਮਾਜ ਲਈ ਚਾਨਣ-ਮੁਨਾਰੇ ਬਣਨ ਦਾ ਮਾਣ ਪ੍ਰਾਪਤ ਕਰ ਸਕੋਗੇ।

## ਵੱਖ ਵੱਖ ਦੇਸ਼ਾਂ ਵਿੱਚ ਨਾਸਤਿਕਾਂ ਦੀ ਗਿਣਤੀ

| | |
|---|---|
| 1. ਸਵੀਡਨ | 46-85% |
| 2. ਵੀਅਤਨਾਮ | 81% |
| 3. ਡੈਨਮਾਰਕ | 43-80% |
| 4. ਨਾਰਵੇ | 31-72% |
| 5. ਜਾਪਾਨ | 64-65% |
| 6. ਚੈਕੋਸਲੋਵਾਕੀਆ | 54-61% |
| 7. ਫਿਨਲੈਂਡ | 28-60% |
| 8. ਫਰਾਂਸ | 43-54% |
| 9. ਦੱਖਣੀ ਕੋਰੀਆ | 30-59% |
| 10. ਈਸਟੋਨਲਡ | 49% |
| 11. ਜਰਮਨੀ | 41-49% |
| 12. ਰੱਸੀਆ | 24-48% |
| 13. ਨਾਈਦਰਲੈਂਡ | 39-44% |
| 14. ਇੰਗਲੈਂਡ | 31-44% |
| 15. ਬੁਲਗਾਰੀਆਂ | 42-43% |
| 16. ਬੈਲਜੀਅਮ | 42-40% |
| 17. ਹੰਗਰੀ | 32-46% |
| 18. ਸਲੋਵੈਨੀਆ | 35+38% |
| 19. ਇਜਰਾਈਲ | 15-37% |
| 20. ਕੈਨੇਡਾ | 19-30% |
| 21. ਲੇਟੇਵੀਆ | 20-29% |
| 22. ਸਲੋਵਾਕੀਆ | 10-28% |
| 23. ਸਵਿਟਰਜਲੈਂਡ | 17-27% |
| 24. ਅਸਟਰੀਆ | 18-26% |
| 25. ਆਸਟ੍ਰੇਲੀਆ | 24-25% |

# ਦਲਿਤ ਸਾਹਿਤ

ਅੱਜ ਕੱਲ ਪੰਜਾਬੀ ਸਾਹਿਤ ਵਿਚ “ਦਲਿਤ ਸਾਹਿਤ” ਦੀ ਚਰਚਾ ਹੋਣੀ ਸ਼ੁਰੂ ਹੋ ਗਈ ਹੈ ਜਿਹੜੀ ਕਿ ਬੜੀ ਖੁਸ਼ੀ ਵਾਲੀ ਗੱਲ ਹੈ। ਦੁੱਖ ਤਾਂ ਇਸ ਗੱਲ ਦਾ ਹੈ ਕਿ ਇਹ ਚਰਚਾ ਕਾਫੀ ਦੇਰ ਬਾਦ ਸ਼ੁਰੂ ਹੋਈ ਹੈ, ਇਹਦੇ ਕਾਰਨ ਭਾਵੇਂ ਕੁੱਝ ਵੀ ਹੋਣ।

ਇਸ ਤੋਂ ਪਹਿਲਾਂ ਕਿ ‘ਦਲਿਤ ਸਾਹਿਤ’ ਬਾਰੇ ਬਹਿਸ ਸ਼ੁਰੂ ਕੀਤੀ ਜਾਵੇ ਇਹ ਜ਼ਰੂਰੀ ਹੈ ਕਿ ‘ਦਲਿਤ ਸਾਹਿਤ’ ਦੀ ਪ੍ਰੀਭਾਸ਼ਾ ਤਹਿ ਕਰ ਲਈ ਜਾਵੇ। ਵੈਸੇ ਤਾਂ ਦਲਿਤ ਸ਼ਬਦ ਦੱਬੇ ਕੁਚਲੇ ਲੋਕਾਂ ਲਈ ਜਿਹਨਾਂ ਨੂੰ ਅੰਗਰੇਜ਼ੀ ਵਿਚ ਐਕਸਲੂਡਿੱਡ (EXCLUDED GROUPS) ਗਰੁੱਪਸ ਵੀ ਕਿਹਾ ਜਾਂਦਾ ਹੈ, ਲਈ ਵਰਤਿਆ ਜਾਂਦਾ ਹੈ ਪਰ ਭਾਰਤੀ ਸੱਭਿਆਚਾਰ ਦੇ ਸੰਦਰਭ ਵਿਚ ਮੇਰੇ ਖਿਆਲ ਅਨੁਸਾਰ ‘ਦਲਿਤ’ ਸ਼ਬਦ ਉਹਨਾਂ ਲੋਕਾਂ ਲਈ ਵਰਤਿਆ ਜਾਣਾ ਚਾਹੀਦਾ ਹੈ ਜਾਂ ਵਰਤ ਹੋ ਰਿਹਾ ਹੈ ਜਿਹਨਾਂ ਨੂੰ ਗਾਂਧੀ ‘ਹਰੀਜਨ’ ਕਹਿੰਦਾ ਸੀ। ਇਹ ਉਹ ਲੋਕ ਹਨ ਜਿਹਨਾਂ ਨੂੰ ਭਾਰਤੀ ਹਿੰਦੂ, ਸਿੱਖ ਸਮਾਜ ਅਖੌਤੀ ਸਵਰਨ ਜਾਤੀਆਂ ਦੀ “ਸੇਵਾ ਕਰਨ ਵਾਲੇ” ਕਹਿੰਦੇ ਹਨ। ਜੋ ਅਤਿਆਚਾਰ ਇਹਨਾਂ ਲੋਕਾਂ ਸਹਾਰਿਆਂ ਅਤੇ ਸਹਾਰ ਰਹੇ ਹਨ, ਉਹ ਕਿਸੇ ਹੋਰ ਜਾਤ ਵਾਲੇ ਦੇ ਹਿੱਸੇ ਨਹੀਂ ਆਇਆ। ਹੁਣ ਅਗਰ “ਸਾਹਿਤ” ਦੀ



ਵੀ ਪ੍ਰੀਭਾਸ਼ਾ ਮਿੱਥ ਲਈਏ ਤਾਂ ਸਾਡੀ ਬਹਿਸ ਹੋਰ ਵੀ ਸੁਖਾਲੀ ਹੋ ਸਕਦੀ ਹੈ। ਮੇਰੇ ਖਿਆਲ ਅਨੁਸਾਰ ਜੇਹੜਾ “ਸਾਹਿਤ” ਦੱਬੇ ਕੁਚਲੇ ਅਤੇ ਅਨਿਆਂ ਭੋਗ ਰਹੇ ਲੋਕਾਂ ਦੇ ਦਰਦ ਦੀ ਗੱਲ ਨਹੀਂ ਕਰਦਾ ਉਹ ‘ਚਗਲਿਆ ਸਾਹਿਤ’ ਹੀ ਹੋ ਸਕਦਾ ਹੈ, ਸਹੀ ਮੈਹਨਿਆਂ ਵਿਚ ‘ਸਾਹਿਤ’ ਕਹਾਉਣ ਦਾ ਹੱਕਦਾਰ ਨਹੀਂ ਹੈ। ਕਿਸੇ ਵੀ ਸਾਹਿਤਕਾਰ ਦਾ ਇਹ ਮੁੱਢਲਾ ਫਰਜ਼ ਹੈ ਕਿ ਉਹ ਸਮਾਜਿਕ ਬੇਇਨਸਾਫੀਆਂ, ਭ੍ਰਿਸ਼ਟਾਚਾਰ ਅਤੇ ਅਨਿਆਂ ਭੋਗ ਰਹੇ ਲੋਕਾਂ ਬਾਰੇ ਲਿਖ ਕੇ ਸਮਾਜ ਨੂੰ ਬਰਾਬਰਤਾ, ਭਾਰਤਰੀ ਭਾਵਨਾ ਅਤੇ ਵਧੀਆ ਸਮਾਜ ਲਈ ਸੇਧ ਦੇਵੇ, ਜਿਥੇ ਸਭ ਲੋਕ ਖੁਸ਼ ਰਹਿ ਸਕਨ। ਜਿਹੜੇ ਲੋਕ ਇਸ ਕਸਵੱਟੀ ਤੇ ਠੀਕ ਨਹੀਂ ਉਤਰਦੇ, ਉਹ ਥੋੜੇ ਚਿਰ ਲਈ ਤਾਂ ਵਾਹਵਾ ਖੱਟ ਸਕਦੇ ਹਨ, ਪਰ ਉਹ ਸਦਾ ਲਈ ਲੋਕਾਂ ਦੇ ਮਨਾਂ ਵਿਚ ਆਪਣੀ ਥਾਂ ਨਹੀਂ ਬਣਾ ਸਕਦੇ। ਕਾਬਜ਼ ਤਾਕਤਾਂ ਸੱਚੇ ਸੁੱਚੇ ਸਾਹਿਤਕਾਰਾਂ ਨੂੰ ਕਦੇ ਖ੍ਰੀਦ ਨਹੀਂ ਸਕਦੀਆਂ ਅਤੇ ਇਸੇ ਕਰਕੇ ਐਹੋ ਜੇਹੇ ਸਾਹਿਤਕਾਰਾਂ ਤੋਂ ਉਹ ਸਦਾ ਡਰਦੇ ਰਹਿੰਦੇ ਹਨ ਕਿਉਂਕਿ ‘ਸੱਚ’ ਦੇ ਚਾਨਣ ਤੋਂ ਹਨੇਰੇ ਦਾ ਕੂੜ ਸਦਾ ਤ੍ਰਭਕਦਾ ਹੈ।

ਜੋ ਕੋਈ ਕਿਸੇ ਸੰਤਾਪ ਨੂੰ ਹੰਡਾਉਂਦਾ ਹੈ, ਅਗਰ ਉਹ ਆਪਣੇ ਸੰਤਾਪ ਨੂੰ ਕਲਮੀ ਰੂਪ ਦੇ ਕੇ ਲੋਕਾਂ ਦੀ ਕਚਿਹਰੀ ਵਿਚ ਰੱਖਦਾ ਹੈ ਤਾਂ ਉਸ ਸਾਹਿਤ ਦੀ “ਸ਼ਿਦਤ” ਕਿਸੇ ਹੋਰ ਦੁਆਰਾ ਲਿਖੇ ਸੰਤਾਪ ਤੋਂ ਜ਼ਿਆਦਾ ਅਤੇ ਡੂੰਘੀ ਹੋਵੇਗੀ। ਜਿਵੇਂ ਜਨਮ ਪੀੜਾ ਬਾਰੇ ਇਕ ਔਰਤ ਹੀ ਦਸ ਸਕਦੀ ਹੈ, ਮਰਦ ਨਹੀਂ ਭਾਵੇਂ ਉਹਨਾਂ ਕਿੰਨੇ ਬੱਚਿਆਂ ਨੂੰ ਜਨਮ ਦੁਆਉਣ ਵਿਚ ਮੱਦਦ ਕੀਤੀ ਹੋਵੇ।



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਭਾਰਤ ਜਦ 1947 ਵਿਚ ਆਜ਼ਾਦ ਹੋਇਆ ਤਾਂ ਡਾਕਟਰ ਅੰਬੇਦਕਰ ਨੇ ਇਹਦਾ ਸੰਵਿਧਾਨ ਰਚਿਆ। ਭਾਰਤੀ ਸੰਵਿਧਾਨ ਮੁਤਾਬਕ ‘ਦਲਿਤ ਜਾਤੀ’ ਲਈ ਕਈ ਸਹੂਲਤਾਂ ਦਿੱਤੀਆਂ ਗਈਆਂ ਜਾਂ ਸੀਟਾਂ ਰਾਂਖਵੀਆਂ ਰੱਖੀਆਂ ਗਈਆਂ ਤਾਂ ਕਿ ਉਹਨਾਂ ਦੀ ਆਰਥਿਕ ਹਾਲਤ ਸੁਧਰ ਸਕੇ ਅਤੇ ਉਹ ਚੰਗਾ ਜੀਵਨ ਜੀਉ ਸਕਣ। ਇਹ ਗੱਲ ਬਰਤਾਨੀਆਂ ਦੇ ਪ੍ਰਵਾਸੀਆਂ ਵਾਂਗ ਸੀ/ਹੈ। ਇਥੇ ਵੀ ਸਰਕਾਰ ਕਈ ਤਰ੍ਹਾਂ ਦੇ ਪੌਜ਼ੇਟਿਵ ਐਕਸ਼ਨ (POSITIVE ACTION) ਲੈਂਦੀ ਰਹਿੰਦੀ ਹੈ ਤਾਂ ਕਿ ਘੱਟ ਗਿਣਤੀ ਲੋਕਾਂ ਨੂੰ ਉੱਪਰ ਚੁੱਕਿਆ ਜਾ ਸਕੇ ਜਿਵੇਂ ਅੱਜ ਕੱਲ੍ਹ ਬੰਗਾਲੀਆਂ ਅਤੇ ਪਾਕਿਸਤਾਨੀਆਂ ਬਾਰੇ ਖਾਸ ਤੌਰ ਤੇ ਕਦਮ ਚੁੱਕੇ ਜਾ ਰਹੇ ਹਨ ਕਿ ਉਹਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾਣ ਅਤੇ ਵਿਦਿਆ ਦੇ ਜ਼ਿਆਦਾ ਮੌਕੇ ਵੀ ਤਾਂ ਕਿ ਉਹ ਅੰਗਰੇਜ਼ਾਂ ਦੇ ਮੁਕਾਬਲੇ ਆ ਸਕਣ। ਇਥੋਂ ਤੱਕ ਕਿ 1976 ਦੇ ਰੇਸ ਰੀਲੇਸ਼ਨਜ਼ ਐਕਟ ਵਿਚ ਵੀ ਕੁੱਝ ਐਹੋ ਜਿਹੀਆਂ ਧਾਰਾ ਹਨ ਜੋ ਤੁਹਾਨੂੰ ਇਹ ਕੰਮ ਕਰਨ ਲਈ ਹਰੀ ਝੰਡੀ ਦਿੰਦੀਆਂ ਹਨ। ਭਾਰਤੀ ਰਿਜ਼ਰਵ ਕੋਟੇ ਨਾਲੋਂ ਤਾਂ ਭਾਵੇਂ ਇਥੇ ਫਰਕ ਹੈ ਪਰ ਸੋਚ ਇਹ ਹੀ ਕੰਮ ਕਰਦੀ ਹੈ ਕਿ ਉਹਨਾਂ ਲੋਕਾਂ ਨੂੰ ਉਪਰ ਚੁੱਕਿਆ ਜਾਵੇ ਜਿਹਨਾਂ ਨੂੰ ਬਹੁਤੇ ਅੰਗਰੇਜ਼ ਨਫਰਤ ਨਾਲ ਦੇਖਦੇ ਹਨ ਅਤੇ ਘਟੀਆ ਸਮਝਦੇ ਹਨ। ਇਹ ਗੱਲਾਂ ਭਾਵੇਂ ਸਦਾ ਲਈ ਬੀਮਾਰੀ ਦੀ ਜੜ੍ਹ ਵੱਢ ਨਹੀਂ ਸਕਦੀਆਂ ਪਰ ਫਿਰ ਵੀ ਕੁੱਝ ਨਾ ਕੁੱਝ ਤਾਂ ਫਾਇਦਾ ਹੁੰਦਾ ਹੀ ਹੈ। ਸ਼੍ਰੇਣੀ ਵੰਡ ਨੂੰ ਆਰਥਿਕਤਾ ਦੂਰ ਨਹੀਂ ਕਰਦੀ। ਅਫਰੀਕਨ ਕੈਰੇਬੀਅਨ, ਜਾਂ ਏਸ਼ੀਅਨ ਭਾਵੇਂ ਕਰੋੜਪਤੀ ਹੋ ਜਾਵੇ ਪਰ ਗੋਰਿਆਂ ਦੀ ਸੋਚ (PSYCHY) ਨੂੰ ਬਦਲਿਆ ਨਹੀਂ ਜਾ ਸਕਦਾ। ਇਹ ਗੱਲ ਭਾਰਤ ਵਾਸੀਆਂ ਤੇ ਵੀ ਢੁੱਕਦੀ ਹੈ। ਭਾਵੇਂ ਦਲਿਤਾਂ ਵਿਚੋਂ ਕੋਟੇ ਸਿਸਟਮ ਨਾਲ ਕੁੱਝ ਦਲਿਤਾਂ ਨਾਲ ਸਬੰਧਤ ਲੋਕ ਆਰਥਿਕ ਤੌਰ ਤੇ ਅਮੀਰ ਹੋ ਗਏ ਹਨ ਪਰ ਉਹਨਾਂ ਨਾਲ ਰੋਟੀ ਬੇਟੀ ਦੀ ਸਾਂਝ ਕਰਨ ਲੱਗਿਆਂ ਇਕ ਅਖੌਤੀ ਸਵਰਨ ਜਾਤੀ ਵਾਲਾ ਆਦਮੀ ਅਜੇ ਵੀ ਤਿਆਰ ਨਹੀਂ ਹੈ। ਇਕ ਗਰੀਬ ਜੱਟ ਜਾਂ ਬ੍ਰਾਹਮਣ, ਖੱਤਰੀ ਦਿਮਾਗੀ ਤੌਰ ਤੇ ਕਿਸੇ ਵੀ ਦਲਿਤ ਨੂੰ ਬਰਾਬਰ ਦਾ ਮੰਨਣ ਲਈ ਅਜੇ ਤਿਆਰ ਨਹੀਂ ਹੈ। ਕਾਨੂੰਨ ਸੱਭਿਆਚਾਰ ਦੀਆਂ ਪੀਡੀਆਂ ਤੰਦਾਂ ਨੂੰ ਨਹੀਂ ਬਦਲ ਸਕਦੇ। ਦਿਮਾਗੀ ਸੋਚ ਨੂੰ ਬਦਲਣ ਲਈ ਸੈਂਕੜੇ ਸਾਲ ਲੱਗ ਜਾਂਦੇ ਹਨ। ਸਤੀ ਦੀ ਰਸਮ ਨੂੰ ਕਾਨੂੰਨਣ ਤੌਰ

ਤੇ ਕਈ ਸਾਲ ਬੰਦ ਕੀਤਿਆਂ ਹੋ ਗਏ ਹਨ। ਪਰ ਸਾਨੂੰ ਅਜੇ ਵੀ ਐਹੋ ਜਿਹੇ ਕੇਸ ਸੁਨਣ ਵਿਚ ਆਉਂਦੇ ਹਨ। ਇਹ ਗੱਲ ਕੁੜੀਆਂ ਨੂੰ ਗਰਭ 'ਚ ਮਾਰਨ ਅਤੇ ਦੇਵਦਾਸੀਆਂ ਤੇ ਵੀ ਲਾਗੂ ਹੁੰਦੀ ਹੈ ਜਦੋਂ ਕਿ ਦੋਵਾਂ ਦੇ ਖਿਲਾਫ ਕਾਨੂੰਨ ਬਣੇ ਹੋਏ ਹਨ। ਮੁੰਡਾ ਜੰਮਣ ਤੇ ਅਜੇ ਵੀ ਲੱਡੂ ਵੰਡੇ ਜਾਂਦੇ ਹਨ, ਪਾਰਟੀਆਂ ਕੀਤੀਆਂ ਜਾਂਦੀਆਂ ਹਨ। ਭਾਵੇਂ ਇਸ ਵਿਤਕਰੇ ਬਾਰੇ ਗੁਰੂ ਸਾਹਿਬਾਨਾਂ ਖਾਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਆਵਾਜ਼ ਉਠਾਈ ਪਰ ਪਰਨਾਲਾ ਉਥੇ ਦਾ ਉਥੇ ਹੀ ਹੈ। ਰੱਖੜੀ ਅਤੇ ਲੋਹੜੀ ਵਰਗੇ ਤਿਉਹਾਰ ਹਰ ਸਾਲ ਮਨਾ ਕੇ ਅਸੀਂ ਔਰਤਾਂ ਨੂੰ ਘਟੀਆ ਦਰਸਾਉਣ ਤੇ ਦੋਹਰ ਪਾਉਂਦੇ ਹਾਂ। ਭਾਰਤੀ ਸਮਾਜ ਜਿਥੇ ਅਤਰਕਸ਼ੀਲ ਹੈ ਉਥੇ ਅਨਿਆਂ ਨਾਲ ਵੀ ਓਤਪੋਤ ਹੈ। ਇਹ ਜਾਤ ਪਾਤ ਇਸੇ ਘੋਰ ਅਨਿਆਂ ਦਾ ਨਤੀਜਾ ਹੈ ਜੋ ਦਲਿਤ ਲੋਕ ਸਦੀਆਂ ਤੋਂ ਭੋਗਦੇ ਆ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਗੈਰ-ਦਲਿਤ ਲੋਕ ਵੀ ਆਰਥਿਕਤਾ ਪੱਖੋਂ ਗਰੀਬ ਹਨ ਅਤੇ ਭਾਰਤ ਵਿਚਲੇ ਰੀਜ਼ਰਵ ਸਿਸਟਮ ਨੂੰ ਆਰਥਿਕਤਾ ਦਾ ਪੈਮਾਨਾ ਬਣਾ ਕੇ ਕੋਟਾ ਸਿਸਟਮ ਲਾਗੂ ਕਰਨਾ ਚਾਹੀਦਾ ਹੈ। ਦੂਜੇ ਪਾਸੇ ਇਹ ਵੀ ਸੱਚਾਈ ਹੈ ਕਿ ਜਨਮ ਜਨਮਾਂਤਰਾਂ ਤੋਂ ਦਲਿਤ ਆਰਥਿਕ ਪੱਖੋਂ ਗਰੀਬ ਅਤੇ ਲਤਾੜੇ ਹੋਏ ਲੋਕ ਹਨ ਜਿਹਨਾਂ ਨੂੰ ਆਰਥਿਕ ਥੁੜੀਆਂ ਪੂਰੀਆਂ ਕਰਨ ਲਈ ਬੱਚਿਆਂ ਨੂੰ ਪੜ੍ਹਾਇਆ ਨਹੀਂ ਗਿਆ। ਸ਼ਾਇਦ ਇਹ ਹੀ ਇਕ ਵੱਡਾ ਕਾਰਨ ਸੀ ਕਿ 'ਦਲਿਤ ਸਾਹਿਤ' ਦਲਿਤ ਲੋਕਾਂ ਵੱਲੋਂ ਨਹੀਂ ਲਿਖਿਆ ਗਿਆ। ਵੈਸੇ ਤਾਂ "ਸਾਹਿਤ" ਦੀਆਂ ਵੱਖ ਵੱਖ ਨਾਵਾਂ ਤੇ ਵੰਡੀਆਂ ਨਹੀਂ ਪਾਉਣੀਆਂ ਚਾਹੀਦੀਆਂ। ਕਿਉਂਕਿ ਸਾਹਿਤ ਤਾਂ ਸਾਹਿਤ ਹੀ ਹੈ, ਪਰ ਅਗਰ ਅਸੀਂ ਇਸਨੂੰ "ਦਲਿਤ ਸਾਹਿਤ" ਦੇ ਨਾਂ ਹੇਠ ਹੀ ਵਿਚਾਰਨਾ ਹੈ ਤਾਂ ਇਹਨੂੰ "ਜੀ ਆਇਆਂ" ਕਹਿਣਾ ਬਣਦਾ ਹੈ। ਇਹ ਸਾਹਿਤ ਵੀ ਉਵੇਂ ਹੀ ਹੈ ਜਿਵੇਂ ਅਮਰੀਕਾ, ਇੰਗਲੈਂਡ ਅਤੇ ਬਾਕੀ ਹੋਰ ਯੂਰਪੀਨ ਮੁਲਕਾਂ ਵਿਚ ਕਾਲੇ ਅਤੇ ਏਸ਼ੀਅਨਾਂ ਦੁਆਰਾ ਲਿਖਿਆ ਸਾਹਿਤ ਹੈ। ਹੋਰ ਤਾਂ ਹੋਰ ਦੇਸੋਂ ਬਾਹਰ ਬੈਠੇ ਸਾਹਿਤਕਾਰਾਂ ਦੁਆਰਾ ਲਿਖੇ ਸਾਹਿਤ ਨੂੰ 'ਵਿਦੇਸ਼ੀ ਸਾਹਿਤ' ਜਾਂ 'ਪਰਵਾਸੀ ਸਾਹਿਤ' ਦਾ ਨਾਂ ਦਿੱਤਾ ਜਾਂਦਾ ਹੈ। ਇਹ ਗੱਲ ਵੱਖਰੀ ਹੈ ਕਿ ਅਸੀਂ ਇਸ ਲੇਬਲ ਨੂੰ ਮੰਨੀਏ ਚਾਹੇ ਨਾ। ਪਰ ਇਸ ਸਾਹਿਤ ਦੀ ਵੰਨਗੀ ਵੱਖਰੀ ਹੈ। ਇਸੇ ਤਰ੍ਹਾਂ ਹੀ ਦਲਿਤ ਸਾਹਿਤਕਾਰਾਂ ਵੱਲੋਂ ਲਿਖੇ ਸਾਹਿਤ ਦੀ ਵੰਨਗੀ ਵੱਖਰੀ ਹੋਵੇਗੀ ਕਿਉਂਕਿ ਦਲਿਤਾਂ ਦੇ ਦਰਦ, ਪੀੜਾ ਅਤੇ ਅਤਿਆਚਾਰ ਦੀ ਗੱਲ ਉਹਨਾਂ ਵੱਲੋਂ ਉਹਨਾਂ ਦੀ ਜ਼ੁਬਾਨੀ 'ਦਲਿਤ ਸਾਹਿਤ' ਵਿਚ ਕੀਤੀ ਜਾਵੇਗੀ।

ਜੇਕਰ ਅਸੀਂ ਕਾਰਲ ਮਾਰਕਸ ਦੀ ਸ਼੍ਰੇਣੀ ਕਲਾਸ ਵਾਲੀ ਗੱਲ ਲਈਏ ਤਾਂ ਭਾਰਤੀ ਸੰਦਰਭ ਵਿਚ ਇਹ ਗੱਲ ਫਿੱਟ ਨਹੀਂ ਬੈਠਦੀ। ਜਾਤਾਂ ਪਾਤਾਂ ਦਾ ਘਚੋਲਾ ਜ਼ਿਆਦਾ ਪੀਡਾ ਹੈ। ਸਾਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਕੇ ਜਾਤ ਪਾਤ ਨੂੰ ਸ਼੍ਰੇਣੀ ਨਾਲ ਨੱਥੀ ਨਹੀਂ ਕਰਨਾ ਚਾਹੀਦਾ ਹੈ ਜਾਂ ਜਾਤਪਾਤ ਨੂੰ ਸ਼੍ਰੇਣੀ ਦੇ ਬਰਾਬਰ ਤੁਲਨਾ ਨਹੀਂ ਦੇਣੀ ਚਾਹੀਦੀ। ਬਹੁਤੇ ਕਾਮਰੇਡਾਂ ਨੇ ਵੀ ਇਸੇ ਗੱਲ ਤੇ ਹੀ ਟਪਲਾ ਖਾਧਾ ਕਿ ਜਦ ਰਾਜਸੱਤਾ ਪਲਟਾ ਖਾਧਾ ਤਾਂ ਕਮਿਊਨਿਜ਼ਮ ਵਿਚ ਸਭ ਬਰਾਬਰ ਹੋ ਜਾਣਗੇ। ਬਿਲਕੁਲ ਗਲਤ ਗੱਲ ਹੈ ਕਿਉਂਕਿ ਸੱਭਿਆਚਾਰਕ ਕਦਰਾਂ ਕੀਮਤਾਂ ਅਤੇ ਦਿਮਾਗੀ ਸੋਚ ਐਨੀ ਜਲਦੀ ਨਹੀਂ ਬਦਲਦੀ। ਸਾਨੂੰ ਆਪਣੇ ਆਪ ਨੂੰ ਕੁਰੇਦਣ ਦੀ ਜ਼ਰੂਰਤ ਹੈ ਕਿ ਸਾਨੂੰ 'ਦਲਿਤ ਸਾਹਿਤ' ਨਾਲ ਨਫਰਤ ਕਿਉਂ ਹੈ? ਕੀ ਇਹ ਸਾਡੀ ਜਾਤਪਾਤੀ ਨਫਰਤ ਹੈ ਜਿਹਨੂੰ ਉਪਰੋਂ ਉਪਰੋਂ ਅਸੀਂ ਮਿਟਾਉਣ ਦੀ ਕੋਸ਼ਿਸ਼ ਦਾ ਭਰਮ ਪਾਲ ਰਹੇ ਹਾਂ। ਇਹ ਵੀ ਬਿਨਾਂ ਕਿਸੇ ਠੋਸ ਆਧਾਰ ਦੇ ਦਲੀਲ ਹੈ ਕਿ "ਸਰਬੱਤ ਦੇ ਭਲੇ" ਜਾਂ 'ਸਮੁੱਚਾ ਕਾਮਾ ਸ਼੍ਰੇਣੀ' ਦੇ ਝੰਡੇ ਹੇਠ ਦਲਿਤਾਂ ਦਾ ਸੁਧਾਰ ਵੀ ਹੋ ਜਾਵੇਗਾ। ਐਹੋ ਜਿਹੀਆਂ ਮੇਲ ਖਾਂਦੀਆਂ ਗੱਲਾਂ ਨੂੰ ਬਰਤਾਨੀਆ ਵਿਚ ਵੀ ਉਹਨਾਂ ਗੋਰਿਆਂ ਦੁਆਰਾ ਪ੍ਰਚਾਰਿਆ ਜਾਂਦਾ ਹੈ ਜਿਹਨਾਂ ਦੀ "ਨਸਲ-ਬਰਾਬਰੀ" ਦੇ ਕੰਮ ਨਾਲ ਸ਼ਾਇਦ ਐਨੀ ਸੁਹਿਰਦਤਾ ਨਹੀਂ ਹੁੰਦੀ ਅਤੇ ਇਸ ਗੱਲ ਨਾਲ ਅਸਲੀ ਮੁੱਦੇ ਤੇ ਸੱਟ ਵੀ ਹਲਕੀ ਪੈ ਜਾਂਦੀ ਹੈ। "ਬਰਾਬਰਤਾ" ਨੂੰ "ਮੇਨ ਸਟਰੀਮ" ਬਣਾਉਣ ਦੀ ਡੌਂਡੀ ਪਿੱਟਣ ਵਾਲੇ ਸਿਰਫ "ਬਰਾਬਰਤਾ" ਦੀਆਂ ਗੱਲਾਂ ਕਰਨਾ ਚਾਹੁੰਦੇ ਹਨ ਇਹਦਾ ਖਾਤਮਾ ਨਹੀਂ।

ਸੁਆਲ ਇਹ ਵੀ ਹੈ ਕਿ 'ਦਲਿਤ ਸਾਹਿਤ' ਨਾਲ ਕੇਹੜੇ ਸਾਹਿਤ ਦਾ ਨੁਕਸਾਨ ਹੋ ਜਾਵੇਗਾ ਜਾਂ ਹੋ ਰਿਹਾ ਹੈ? ਕੀ ਦਲਿਤਾਂ ਨੂੰ ਇਹ ਹੱਕ ਨਹੀਂ ਕਿ ਉਹ ਆਪਣੇ ਦੁੱਖ ਆਪ ਦੱਸ ਸਕਣ ਅਤੇ ਉਸੇ ਹਿਸਾਬ ਨਾਲ ਸਾਹਿਤ ਦੀ ਰਚਨਾ ਕਰ ਸਕਣ। ਜਿਹੜੇ ਸਾਹਿਤਕਾਰ 'ਦਲਿਤ ਸਾਹਿਤ' ਨਹੀਂ ਲਿਖਦੇ ਕੀ ਕਦੇ 'ਦਲਿਤਾਂ' ਉਹਨਾਂ ਨੂੰ 'ਗੈਰ-ਦਲਿਤ-ਸਾਹਿਤ' ਲਿਖਣ ਬਾਰੇ ਕਿੰਤੂ ਕੀਤਾ ਹੈ? ਅਗਰ ਜੁਆਬ ਨਾਂਹ ਵਿਚ ਹੈ ਤਾਂ ਫਿਰ ਫਿਕਰ ਕਿਸ ਗੱਲ ਦਾ ਹੈ?

ਸਾਹਿਤ ਵਿਚ ਅਗਰ ਸਮਾਜਿਕ ਨਾ ਬਰਾਬਰੀ ਅਤੇ ਲਾਹਣਤਾਂ ਬਾਰੇ ਗੱਲ ਨਹੀਂ ਹੁੰਦੀ ਤਾਂ ਉਸ ਸਾਹਿਤ ਦਾ ਮੁੱਲ ਕੀ ਹੈ? ਰਾਜੇ ਰਾਣੀਆਂ ਦੀਆਂ ਕਹਾਣੀਆਂ ਵਾਲੇ ਸਾਹਿਤ ਦਾ ਯੁੱਗ ਬਦਲ ਚੁੱਕਾ ਹੈ। ਉਹਨਾਂ ਦੇ ਗੁਣ ਗਾਇਨ ਕਰਨ ਵਾਲਿਆਂ ਦਾ ਸਮਾਂ ਜਾ ਚੁੱਕਾ ਹੈ। ਉਹਨਾਂ ਰਾਜਿਆਂ ਰਾਣਿਆਂ ਆਪਣੇ ਹਿਸਾਬ ਨਾਲ ਆਪਣੀਆਂ ਤਾਰੀਫਾਂ ਵਾਲਾ ਸਾਹਿਤ, "ਵਿਕਾਊ ਸਾਹਿਤਕਾਰਾਂ" ਤੋਂ ਲਿਖਵਾਇਆ, ਜਿਸ ਵਿਚ ਦਲਿਤਾਂ ਅਤੇ ਹੋਰ ਗਰੀਬੜਿਆਂ ਦਾ ਜ਼ਿਕਰ ਤੱਕ ਨਹੀਂ ਹੈ ਜਿਵੇਂ ਮਹਾਂਭਾਰਤ ਅਤੇ ਰਮਾਇਣ ਆਦਿ। ਇਕ ਅਫਰੀਕਨ ਕਹਾਵਤ ਹੈ ਕਿ, 'ਸ਼ਿਕਾਰੀ ਉਨੀ ਦੇਰ ਤੱਕ ਆਪਣੇ ਸ਼ੇਰਾਂ ਦੇ ਸ਼ਿਕਾਰ ਬਾਰੇ ਵਧਾ ਚੜ੍ਹਾ ਕੇ ਮਾਅਰਕੇ ਦੀਆਂ ਬਾਤਾਂ ਪਾਉਂਦੇ ਹੀ ਰਹਿਣਗੇ ਜਿੰਨੀ ਦੇਰ ਤੱਕ ਸ਼ੇਰ ਆਪਣੇ ਤਵਾਰੀਖਕਾਰਾਂ ਕੋਲੋਂ ਆਪਣੇ ਬਾਰੇ ਕਹਾਣੀਆਂ ਨਹੀਂ ਲਿਖਾਉਂਦੇ।' ਇਹ ਗੱਲ 'ਦਲਿਤ ਸਾਹਿਤ' ਤੇ ਵੀ ਢੁੱਕਦੀ ਹੈ ਕਿ ਪਹਿਲਾਂ ਗੈਰ-ਦਲਿਤ ਹੀ ਆਪਣੇ ਬਾਰੇ ਅਤੇ ਦਲਿਤਾਂ ਬਾਰੇ ਸਾਹਿਤ ਲਿਖਦੇ ਰਹੇ ਹਨ ਪਰ ਹੁਣ ਸਮਾਂ ਬਦਲ ਗਿਆ ਹੈ। ਅਗਰ ਕਿਸੇ ਨੂੰ "ਦਲਿਤ-ਸਾਹਿਤ" ਹਜ਼ਮ ਨਹੀਂ ਹੁੰਦਾ ਤਾਂ ਇਹਦੇ ਵਿਚ ਕਸੂਰ ਦਲਿਤਾਂ ਅਤੇ "ਦਲਿਤ ਸਾਹਿਤ" ਦਾ ਨਹੀਂ ਹੈ।

***

## ਪਾਕਿਸਤਾਨ ਵਿਚ ਦੋ ਵਿਅਕਤੀਆਂ ਨੇ ਰੱਬ ਵੇਖਿਆ

ਰਿਆਜ਼ ਅਹਿਮਦ ਅਤੇ ਇਜ਼ਾਜ ਅਹਿਮਦ ਨਾਮ ਦੇ ਦੋ ਭਰਾਵਾਂ ਨੇ ਜਿਨ੍ਹਾਂ ਦੀ ਉਮਰ ਕ੍ਰਮਵਾਰ 34 ਅਤੇ 38 ਸਾਲ ਹੈ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਪ੍ਰਮਾਤਮਾ ਦੇ ਦਰਸ਼ਨ ਕੀਤੇ ਹਨ। ਇਹ ਦੋਵੇਂ ਭਰਾ ਪਾਕਿਸਤਾਨ ਦੇ ਜ਼ਿਲ੍ਹਾ ਗੁਜਰਾਤ ਦੇ ਕਸਬੇ ਹਰੂਨਾਬਾਦ ਦੇ ਰਹਿਣ ਵਾਲੇ ਹਨ। ਇਹਨਾਂ ਨੇ 2011 ਵਿੱਚ ਇਹ ਦਾਅਵਾ ਕੀਤਾ ਸੀ ਉਹ ਚਮਨ ਸਰਕਾਰ ਦੇ ਭਗਤ ਹਨ ਅਤੇ ਉਹਨਾਂ ਨੇ ਇਕ 27 ਸਾਲਾ ਕਰੀ ਮੁਹੰਮਦ ਅਹਿਮਦ ਨਾਮੀ ਵਿਅਕਤੀ ਕੋਲ ਇਸ ਗੱਲ ਦੀ ਪੁਸ਼ਟੀ ਕੀਤੀ ਸੀ। ਕਰੀ ਮੁਹੰਮਦ ਅਹਿਮਦ ਨੇ ਇਸ ਗੱਲ ਦੀ ਰਿਪੋਟਿੰਗ ਅਧਿਕਾਰੀਆਂ ਨੂੰ ਕਰ ਦਿੱਤੀ। ਅਧਿਕਾਰੀਆਂ ਨੇ ਇਹ ਕੰਮ ਅਦਾਲਤ ਵਿਚ ਲੈ ਆਂਦਾ। ਅਦਾਲਤ ਨੇ ਦੋਵੇਂ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਅਤੇ ਇੱਕ ਲੱਖ ਰੁਪਏ ਦਾ ਜੁਰਮਾਨਾ ਵੀ ਕਰ ਦਿੱਤਾ।

# ਮਨ ਘੜਤ ਹਵਾ ਜਾਂ ਭੂਤ



ਇਹ ਗੱਲ ਸੰਨ 1952 ਦੀ ਹੈ। ਸਾਡੇ ਪਿੰਡ ਉਸ ਸਮੇਂ ਸਕੂਲ ਨਹੀਂ ਹੁੰਦਾ ਸੀ।ਇਸ ਲਈ ਪੜ੍ਹਣ ਲਈ ਬੱਚਿਆਂ ਨੂੰ ਫਲਪੋਤੇ ਤੋਂ ਪੈਦਲ ਤੁਰ ਕੇ ਮਨਸੂਰ ਪੁਰ ਜਾਣਾ ਪੈਂਦਾ ਸੀ ਜੋ ਸਾਡੇ ਪਿੰਡ ਤੋਂ ਤਿੰਨ ਕੁ ਮੀਲ ਦੀ ਵਿਥ ਤੇ ਹੈ। ਗਰਮੀਆਂ ਦੇ ਦਿਨਾਂ ਵਿਚ ਅਸੀਂ ਸਕੂਲੋਂ ਆਉਂਦੇ ਅਕਸਰ ਰਸਤੇ ਵਿਚ ਹਾਕੀ ਖੇਡਿਆ ਕਰਦੇ ਸਨ। ਹਾਕੀ ਦੀ ਗਰਾਉਂਡ ਦੀ ਘਾਟ ਕਰਕੇ ਅਸੀਂ ਹਾਕੀ ਬੜੇ ਪਿੰਡ ਤੋਂ ਫਿਲੌਰ ਨੂੰ ਜਾਂਦੇ ਰਾਹ ਵਿਚ ਹੀ ਖੇਡਿਆ ਕਰਦੇ ਹੁੰਦੇ ਸਾਂ। ਇਹ ਰਾਹ ਪਟਵਾਰੀਆਂ ਦੇ ਖੂਹ ਲਾਗੇ ਆ ਕੇ ਥੋੜ੍ਹਾ ਖੁਲ੍ਹਾ ਹੋ ਜਾਂਦਾ ਸੀ। ਬੱਸ ਇਥੇ ਹੀ ਸਾਡੀ ਖੇਡ ਦਾ ਮੈਦਾਨ ਹੁੰਦਾ ਸੀ। ਪਟਵਾਰੀਆਂ ਦਾ ਖੂਹ, ਲਾਗਲੇ ਪਿੰਡਾਂ ਦੀ ਜੂਹ ਤੋਂ ਦੂਰ ਹੋਣ ਕਰਕੇ, ਬੀਆਬਾਨ ਵਿਚ ਹੀ ਲੱਗਦਾ ਸੀ। ਖੂਹ ਦੀ ਹਾਲਤ ਵੀ ਐਨੀ ਚੰਗੀ ਨਹੀਂ ਸੀ। ਅਸੀਂ ਕਦੇ ਕਿਸੇ ਨੂੰ ਉਥੇ ਹਲਟ ਚਲਾਉਂਦੇ ਨੂੰ ਨਹੀਂ ਦੇਖਿਆ ਸੀ। ਖੂਹ ਉਤੇ ਪਿਪਲ ਅਤੇ ਬੋਹੜ ਆਦਿ ਦਰਖਤਾਂ ਦਾ ਝੁਰਮਟ ਅਤੇ ਉਨ੍ਹਾਂ ਤੇ ਗਿਰਝਾਂ ਦਾ ਵਾਸਾ ਇਕ ਡਰਾਉਣਾ ਸੀਨ ਪੈਦਾ ਕਰਦਾ ਸੀ। ਉਸ ਖੂਹ ਦੇ ਲਾਗੇ ਹੱਡੋ ਰੋੜਾ ਸੀ। ਗਿਰਝਾਂ ਮਰੇ ਹੋਏ ਪਸ਼ੂਆਂ ਦਾ ਮੀਟ ਖਾ ਕੇ ਉਸ ਖੂਹ ਦੇ ਦਰਖਤਾਂ ਤੇ ਬੈਠੀਆਂ ਹੁੰਦੀਆਂ ਸਨ। ਅਕਸਰ ਕਿਹਾ ਜਾਂਦਾ ਸੀ ਕਿ ਇਸ ਖੂਹ'ਤੇ ਭੂਤ ਪ੍ਰੇਤਾਂ ਦਾ ਵਾਸਾ ਹੈ। ਹੋਰ ਖੇਡਣ ਦੀ ਥਾਂ ਨਾ ਹੋਣ ਕਰਕੇ ਸਾਡਾ ਖੇਡਣਾ ਇਥੇ ਮਜ਼ਬੂਰੀ ਸੀ।

ਸਾਡੀਆਂ ਹਾਕੀਆਂ ਕਿੱਕਰ ਦੇ ਦਰਖਤ ਦੀਆਂ ਟਾਹਣੀਆਂ ਨੂੰ ਕੱਟ ਕੇ ਬਣਾਈਆ ਹੁੰਦੀਆਂ ਸਨ ਅਤੇ ਖੇਡਣ ਲਈ ਗੋਲਾ ਵੀ ਕਿੱਕਰ ਦੇ ਦਰਖਤ ਤੋਂ ਹੀ ਬਣਾਇਆ ਹੁੰਦਾ ਸੀ। ਲੁਹਾਰਾਂ ਦਾ ਮੁੰਡਾ ਅਵਤਾਰ, ਸਾਡਾ ਹਮਜਮਾਤੀ, ਸਾਡੇ ਲਈ ਹਾਕੀਆਂ ਅਤੇ ਗੋਲਾ ਘੜ੍ਹਦਾ ਹੁੰਦਾ ਸੀ। ਉਸ ਸਮੇਂ ਬਣੀਆ ਬਣਾਈਆਂ ਹਾਕੀਆਂ ਖਰੀਦਣਾ ਸਾਡੇ ਮਾਂ ਬਾਪ ਦੇ ਬੱਸ ਵਿਚ ਨਹੀਂ ਸਨ। ਮੈਨੂੰ ਯਾਦ ਹੈ ਉਸ ਵੇਲੇ ਕਈ ਲੋਕ ਪੈਰਾਂ ਲਈ ਜੁੱਤੀਆਂ ਵੀ ਨਹੀਂ ਖਰੀਦ ਸਕਦੇ ਸਨ। ਨੰਗੇ ਪੈਰਾਂ ਨਾਲ ਸਿਆਲਾਂ ਦੇ ਠੰਢੇ ਮੌਸਮ ਵਿਚ ਤੁਰਦੇ ਫਿਰਦੇ ਰਹਿਣ ਨਾਲ ਉਨ੍ਹਾਂ ਦੇ ਪੈਰਾਂ ਵਿਚ ਬਿਆਈਆਂ ਪੈ ਜਾਂਦੀਆਂ ਸਨ। ਭਾਰਤ ਨੂੰ ਅਜੇ ਅਜ਼ਾਦ ਹੋਏ ਨੂੰ ਥੋੜ੍ਹੀ ਦੇਰ ਹੀ ਹੋਈ ਸੀ ਅਤੇ ਲੋਕਾਂ ਦੀ ਆਰਥਿਕ ਹਾਲਤ ਵੀ ਬਹੁੱਤ ਮਾੜੀ ਸੀ। ਭਾਰਤ ਵਿਚ ਕਾਰਖਾਨੇ ਬਹੁੱਤ ਘੱਟ ਸਨ ਕਿਉਂਕਿ ਅੰਗਰੇਜ਼ਾ ਦੇ ਰਾਜ ਸਮੇਂ ਭਾਰਤ ਵਿਚ ਕਾਰਖਾਨੇ ਖੋਲ੍ਹਣ ਦੀ ਇਜਾਜ਼ਤ ਨਹੀਂ ਸੀ। ਬਾਹਰਲੇ ਦੇਸ਼ਾਂ ਦਾ ਬਣਿਆ ਹੋਇਆ ਸਮਾਨ ਹੀ ਮਿਲਦਾ ਸੀ ਜੋ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਦੀ ਗੱਲ ਸੀ।



ਜਗਤਾਰ ਸਹੋਤਾ

